# ਚਿਰਾਗ

ਜਨਵਰੀ-ਮਾਰਚ 1998

**January -March 1998**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



ਇਸ ਵਾਰ :—

- ○ ਉੱਤਰ-ਆਧੁਨਿਕਤਾ ਤੇ ਅਸੀਂ : ਹਿੰਦੀ ਵਿਦਵਾਨ ਡਾ: ਓ.ਪੀ. ਗਰੇਵਾਲ ਨਾਲ ਇੰਟਰ-ਵੀਊ—ਪ੍ਰਸ਼ਨ-ਕਰਤਾ ਡਾ: ਕਰਮਜੀਤ ਸਿੰਘ
- ○ ਉਰਦੂ ਕਥਾਕਾਰ ਜੋਗਿੰਦਰਪਾਲ ਦੀ ਕਹਾਣੀ ਦੇ ਨਾਲ ਪਾਕਿਸਤਾਨੀ ਪੰਜਾਬੀ ਕਹਾਣੀ
- ○ ਅਵਾਮੀ ਕਵੀ ਬਾਬਾ ਨਜਮੀਂ—ਹੁੰਦਲ

ਮੁੱਲ : ਦਸ ਰੁਪਏ -13- ਜਨਵਰੀ-ਮਾਰਚ, 1998

ਸੰਪਾਦਕ : ਹਰਭਜਨ ਸਿੰਘ ਹੁੰਦਲ

# ਚਿਰਾਗ਼ (ਤਿਮਾਹੀ)

ਜਨਵਰੀ-ਮਾਰਚ, 1998

ਸੰਪਾਦਕ : **ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ : **ਡਾ. ਕਰਮਜੀਤ ਸਿੰਘ ਸੁਰਜੀਤ ਗਿੱਲ, ਸੂਫ਼ੀ ਅਮਰਜੀਤ,**


○ ਸੰਪਾਦਕੀ : ਫਾਸ਼ੀਵਾਦੀ ਰੁਝਾਨ ਦੇ ਸੰਕੇਤ......

○ **ਇਸ ਵਾਰ ਦਾ ਵਿਸ਼ੇਸ਼ ਕਵੀ** : ਸ਼ਮਸ਼ੇਰ ਮੋਹੀ ਦੀਆਂ ਸੱਤ ਗ਼ਜ਼ਲਾਂ/2

○ **ਗ਼ਜ਼ਲਾਂ** ; ਕੇਸਰ ਸਿੰਘ ਨੀਰ/5, ਗੁਰਦੀਪ/10, ਨਦੀਮ ਪਰਮਾਰ/82

○ **ਨਵੇਂ ਚਿਹਰੇ :** ਡਾ: ਸਿਕੰਦਰ ਭੱਟੀ/57, ਨਿਰਪਾਲ/57, ਨਵ-ਕਿਰਨ/57, ਭੁਪਿੰਦਰ ਸੰਧੂ/58

○ **ਨਜ਼ਮਾਂ** : ਸ਼ਮਸ਼ੇਰ ਢਪਾਲੀ 6/, ਹਰਭਜਨ ਸਿੰਘ ਹੁੰਦਲ/23,

○ **ਵਾਘਿਓਂ ਪਾਰ** : ਅਹਿਸਾਨ ਬਾਜਵਾ/9, ਬਾਬਾ ਨਜ਼ਮੀ/11, ਪੀਲੀਆਂ ਇੱਟਾਂ (ਕਹਾਣੀ) ਹਨੀਫ਼ ਚੌਧਰੀ/59, ਗੁਲਾਮ ਮੁਸਤਫ਼ਾ ਬਿਸਮਿਲ/83

○ **ਮਹਿਮਾਨ ਕਹਾਣੀ** : ਕਿੱਥੇ (ਜੋਗਿੰਦਰ ਪਾਲ)/26

○ **ਵਿਸ਼ੇਸ਼ ਇੰਟਰਵਿਊ** : ਉਤਰ-ਅਧਿਕਤਾਵਾਦ ਤੇ ਅਸੀਂ : ਡਾ: ਓ. ਪੀ. ਗਰੇਵਾਲ ਨਾਲ ਵਿਸਥਾਰ ਪੂਰਬਕ ਇੰਟਰਵੀਊ : ਪ੍ਰਸ਼ਨ ਕਰਤਾ : ਡਾ: ਕਰਮਜੀਤ ਸਿੰਘ/34

○ **ਲੇਖ** : ਅਵਾਮੀ ਸ਼ਾਇਰ-ਬਾਬਾ ਨਜ਼ਮੀਂ (ਹਰਭਜਨ ਸਿੰਘ ਹੁੰਦਲ)/13, ਭਟਕੇ ਹੋਏ ਫੂਕੋ-ਯਾਮਾ (ਰਾਮ ਸਨੇਹੀ)/'2, ਸਮਾਜ, ਸਾਹਿਤ ਤੇ ਰਾਜਨੀਤੀ (ਡਾ: ਲਾਭ ਸਿੰਘ ਖੀਵਾ)/63

○ **ਰੀਵੀਊ** : ਵਰ੍ਹੇ ਵਾਰ ਸਾਹਿਤ, ਗੰਦਲਾਂ, ਪੀਲੂ ਪੱਕੀਆਂ ਨੀ (ਹ. ਸ. ਹ.) ਅਮਰ ਆਵਾਜ਼ (ਸੁਰਜੀਤ ਗਿੱਲ) ਪਿਛਲਾ ਪਿੰਡ (ਡਾ: ਤੇਜਵੰਤ ਮਾਨ) ਬਜ਼ੁਰਗ ਬਾਬਾ ਤੇ ਭੀੜ (ਡਾ: ਬਲਜੀਤ ਕੌਰ ਬੱਲੀ) ਫੋਕਸ (ਡਾ:ਗੁਰਮੀਤ ਕੱਲਰ ਮਾਜਰੀ)

○ **ਪੁਸਤਕ ਪ੍ਰਾਪਤੀ.........**

○ **ਖਿਆਲ ਆਪੋ ਆਪਣਾ** : ਨਦੀਮ ਪਰਮਾਰ, ਡਾ: ਸਿਕੰਦਰ ਭੱਟੀ, ਅਮਰ ਜਿਓਤੀ, ਡਾ: ਐਸ. ਤਰਸੇਮ, ਅਹਿਸਾਨ ਬਾਜਵਾ ।


ਪ੍ਰਕਾਸ਼ਨ ਮਿਤੀ : 1 ਫਰਵਰੀ, 1998

**Postal Address :**
Harbhajan Singh Hundal,
V. Futu Chak,
P.O. Dhilwan,
Distt. Kapurthala-144804
(Pb.) India.

**ਚੰਦਿਆਂ ਦਾ ਵੇਰਵਾ :**

| | | |
|---|---|---|
| ਦੇਸ਼ ਵਾਰਸ਼ਿਕ | : | 30 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 40 ਰੁਪਏ |
| **ਬਦੇਸ਼** | | |
| ਵਾਰਸ਼ਿਕ | : | 250 ਰੁਪਏ |
| ਇਕ ਪਰਚਾ | : | ਇਕ ਪੌਂਡ |

ਚਿਰਾਗ਼ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ ।

**ਸੰਪਾਦਕੀ ਨੋਟ :**

## ਫਾਸ਼ੀਵਾਦੀ ਰੁਝਾਨ ਦੇ ਸੰਕੇਤ

ਸੰਸਾਰ ਪੱਧਰ ਉੱਤੇ ਫੈਲੇ ਮੁਸਲਮ ਧਾਰਮਕ ਮੂਲਵਾਦ ਦੀ ਚਰਚਾ ਬੁੱਧੀਮਾਨ ਤਬਕੇ ਅਤੇ ਸਮਾਜ-ਸ਼ਾਸ਼ਤਰੀ ਅਧਿਐਨ ਕੇਂਦਰਾਂ ਵਿਚ ਅਕਸਰ ਹੁੰਦੀ ਰਹਿੰਦੀ ਹੈ ਅਤੇ ਇਸ ਸਬੰਧੀ ਸੂਝਵਾਨ ਲੋਕ ਡੂੰਘੀ ਚਿੰਤਾ ਪ੍ਰਗਟ ਕਰਦੇ ਅਕਸਰ ਹੀ ਵੇਖੇ ਗਏ ਹਨ । ਇਸ ਖਤਰਨਾਕ ਫਾਸ਼ੀਫਾਦੀ ਰੁਝਾਨ ਦਾ ਪ੍ਰਗਟਾਵਾ ਰਾਸ਼ਟਰੀ ਪੱਧਰ ਉੱਤੇ ਭਾਰਤ ਵਿਚ ਹਿੰਦੂ ਛਾਵਨ ਵਾਦ ਤੇ ਮੂਲਵਾਦੀ ਸਥਾਪਨਾਵਾਂ ਦੇ ਪ੍ਰਚਾਰ ਤੇ ਪਰਸਾਰ ਵਿਚ ਵੇਖਣ ਵਿਚ ਆ ਰਿਹਾ ਹੈ, ਅਤੇ ਭਾਰਤੀ ਹਾਕਮ-ਜਮਾਤਾਂ ਵਲੋਂ ਜਨ-ਸਾਧਾਰਨ ਦੇ ਭਖਦੇ ਮਸਲੇ ਠੀਕ ਭਾਂਤ ਜਨਵਾਦੀ ਤਰੀਕਿਆਂ ਰਾਹੀਂ ਹੱਲ ਨਾ ਕਰਨ ਦੇ ਸਿੱਟੇ ਵਜੋਂ, ਫਿਰਕੂ ਸ਼ਕਤੀਆਂ ਨੇ ਇਸ ਸਥਿਤੀ ਤੋਂ ਲਾਭ ਉਠਾ ਕੇ, ਆਪਣਾ ਹਮਲਾ ਹੋਰ ਤੇਜ਼ ਕਰ ਦਿੱਤਾ ਹੈ ਅਤੇ ਭਾਰਤ ਵਿਚ ਲੋਕ-ਰਾਜ ਤੇ ਧਰਮ-ਨਿਰਪੱਖਤਾ ਦੇ ਮੂਲ ਸਿਧਾਂਤਾਂ ਦੇ ਆਧਾਰਾਂ ਨੂੰ ਖੋਰਨ ਦੀ ਕੋਸ਼ਿਸ਼ ਤੇਜ਼ ਕਰ ਦਿੱਤੀ ਹੈ ।

ਜਿਥੋਂ ਤੀਕ ਪੰਜਾਬ ਦੀ ਸਮਾਜਕ-ਰਾਜਸੀ ਸਥਿਤੀ ਦਾ ਸਬੰਧ ਹੈ, ਏਥੇ ਸਿੱਖ ਗੁਰੂਆਂ ਅਤੇ ਸੂਫ਼ੀ ਦਰਵੇਸ਼ਾਂ ਤੇ ਭਗਤਾਂ ਦੀ ਮਾਨਵਵਾਦੀ ਸਿੱਖਿਆ ਤੇ ਸੰਦੇਸ਼ਾਂ ਕਾਰਨ, ਆਪ ਮਨੁੱਖੀ ਵਿਹਾਰ ਵਿਚ ਧਾਰਮਿਕ ਕੱਟੜਤਾ ਘੱਟ ਹੀ ਵੇਖਣ ਨੂੰ ਮਿਲਦੀ ਹੈ । ਪਰ ਪਿਛਲੇ ਸਮੇਂ ਵਿਚ ਹਿੰਦੂ ਤੇ ਸਿੱਖਾਂ ਦੀਆਂ ਫਿਰਕਾ ਪ੍ਰਸਤ ਪਾਰਟੀਆਂ ਦੇ ਸਿਆਸੀ ਗੱਠਜੋੜ ਕਾਰਨ ਫਿਰਕੂਪੁਣੇ ਦਾ ਇਕ ਵੱਖਰੀ ਭਾਂਤ ਦਾ ਉਭਾਰ ਤੇ ਪਰਸਾਰ ਵੇਖਣ ਨੂੰ ਮਿਲ ਰਿਹਾ ਹੈ, ਜਿਹੜਾ ਜਨਵਾਦੀ ਧਿਰਾਂ, ਆਮ ਲੋਕਾਂ ਤੇ ਧਰਮ-ਨਿਰਪੱਖ ਸ਼ਕਤੀਆਂ ਲਈ ਡੂੰਘੀ ਸੋਚ ਵਿਚਾਰ ਦੀ ਮੰਗ ਕਰਦਾ ਹੈ । ਸ਼ਾਇਦ ਰਾਸ਼ਟਰੀ ਪੱਧਰ ਤੇ ਫਿਰਕੂ ਸ਼ਕਤੀਆ ਦੇ ਉਭਾਰ ਤੋਂ ਉਤਸਾਹਤ ਹੋ ਕੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਪੰਜਾਬ ਵਿਚ ਪ੍ਰਗਤੀਸ਼ੀਲ ਨਾਟਕਾਂ ਦੇ ਖੇਡਣ ਵਿਰੁੱਧ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ । ਸ੍ਰੀ ਟੌਹੜਾ ਆਪਣੇ ਧਾਰਮਿਕ ਕਾਰਜ-ਖੇਤਰ ਵਿਚ ਪੇਸ਼ ਸਮੱਸਿਆਵਾਂ ਤੇ ਚੁਣੌਤੀਆਂ ਨੂੰ ਨਜਿੱਠਣ ਪ੍ਰਤੀ ਤਾਂ ਕਦੇ ਵੀ ਗੰਭੀਰ ਵਿਖਾਈ ਨਹੀਂ ਦਿੱਦੇ, ਪਰ ਪੰਜਾਬ ਦੀ ਸਿਆਸੀ ਹਾਲਤ ਅਤੇ ਨਿੱਤ ਵਾਪਰਦੀਆਂ ਘਟਨਾਵਾਂ ਖਾਰੇ ਲਗਾਤਾਰ ਬੇਹੂਦਾ ਭਾਂਤ ਦੇ ਬਿਆਨ ਜਾਰੀ ਕਰਕੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਕਾਸ ਤੇ ਪ੍ਰਫੁਲਤਾ ਵੱਲ ਧਿਆਨ ਦੇਣ ਦੀ ਥਾਂ ਉਹ ਇਹਨਾਂ ਦੇ ਰਾਹ ਵਿਚ ਸਿਧਾਂਤਹੀਣ ਅੜਿੱਕੇ ਖੜੇ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ।

ਅਦਾਰਾ ਚਿਰਾਗ਼ ਪੰਜਾਬ ਦੇ ਸੋਝੀਵਾਨਾਂ, ਪ੍ਰਗਤੀਸ਼ੀਲ ਚਿੰਤਕਾਂ ਤੇ ਧਰਮ-ਨਿਰਪੱਖ ਧਿਰਾਂ ਦਾ ਧਿਆਨ ਪੰਜਾਬ ਵਿਚ ਉਤਰ ਰਹੇ ਇਸ ਫਾਸ਼ੀਵਾਦੀ ਰਝਾਨ ਵੱਲ ਦਿਵਾਉਂਦਾ ਆਸ ਕਰਦਾ ਹੈ, ਕਿ ਇਸ ਵਿਚਾਰਧਾਰਕ ਚਣੌਤੀ ਨੂੰ ਪ੍ਰਵਾਨ ਕੀਤਾ ਜਾਵੇਗਾ ਤੇ ਡੂੰਘੇ ਵਿਸ਼ਲੇਸ਼ਣ ਤੇ ਵਾਦ-ਵਿਵਾਦ ਰਾਹੀਂ ਫਾਸ਼ੀਵਾਦੀ ਰੁਝਾਨ ਨੂੰ ਪਛਾੜਿਆ ਜਾਵੇਗਾ । ਗੁਰੂ ਨਾਨਕ ਦੀ ਗੋਸ਼ਟ-ਪਰੰਪਰਾ ਨੂੰ ਅਜੋਕੇ ਪ੍ਰਸੰਗ ਵਿਚ ਵਿਕਸਿਤ ਕਰਦੇ ਹੋਏ, ਅਤੇ 'ਕਿਛੁ ਸੁਣੀਆਂ, ਕਿਛੁ ਕਹੀਐ' ਦੀ ਧਾਰਨਾ ਤੇ ਚਲਦੇ ਹੋਏ ਅਸੀਂ ਪੰਜਾਬੀ ਸੋਚਵਾਨਾਂ ਤੋਂ ਇਹ ਆਸ ਕਰਦੇ ਹਾਂ ਕਿ ਉਹ ਇਸ ਖਤਰਨਾਕ ਰੁਝਾਨ ਨੂੰ ਗੰਭੀਰਤਾ ਨਾਲ ਵਿਚਾਰਨਗੇ, ਅਤੇ ਫਿਰਕਾਪ੍ਰਸਤ ਤਾਕਤਾਂ ਅੰਦਰ ਪ੍ਰਵੇਸ਼ ਕਰ ਰਹੇ, ਇਸ ਧੌਂਸਵਾਦੀ ਵਿਹਾਰ ਦੇ ਵਿਰੋਧ ਵਿਚ ਸਿਧਾਂਤਕ ਤੇ ਸਿਰਜਣਾਤਮਿਕ ਪੱਧਰ ਤੇ ਆਪਣਾ ਬਣਦਾ ਯੋਗਦਾਨ ਪਾਉਣਗੇ ।

**—ਸੰਪਾਦਕ**

## **ਇਸ ਵਾਰ ਦਾ ਵਿਸ਼ੇਸ਼ ਕਵੀ**/ਸ਼ਮਸ਼ੇਰ ਮੋਹੀ

ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਸ਼ਮਸ਼ੇਰ ਮੋਹੀ ਇਕ ਅਸਲੋਂ ਨਵਾਂ ਨਾਂ ਹੈ। ਭਾਵੇਂ ਉਸ ਦਾ ਹਾਲੀ ਤੀਕ ਕੋਈ ਕਾਵਿ-ਸੰਗ੍ਰਹਿ ਨਹੀਂ ਛਪਿਆ, ਪਰ ਉਹ ਗ਼ਜ਼ਲ ਵਿਚ ਨਵੀਂ ਤਾਜ਼ਗੀ ਤੇ ਨਿਵੇਕਲਾ ਰੰਗ ਲੈ ਕੇ ਹਾਜ਼ਰ ਹੋਇਆ ਹੈ। ਅਧਿਐਨ, ਅਭਿਆਸ ਤੇ ਅਨੁਭਵ ਨਾਲ ਉਸ ਦੇ ਵਿਕਸਿਤ ਹੋਣ ਦੀ ਚੰਗੀ ਸੰਭਾਵਨਾ ਹੈ।

—ਸੰਪਾਦਕ

### **ਸ਼ਮਸ਼ੇਰ ਮੋਹੀ**/ਸੱਤ ਗ਼ਜ਼ਲਾਂ

**1**

ਚਿਰਾਂ ਤੋਂ ਗੀਤ ਸਰਘੀ ਦਾ ਪਿਐ ਜੋ ਭਾਲਦਾ।
ਕਿਵੇਂ ਪਾਲੇ ਭਲਾ ਉਹ ਮੋਹ ਕਿਸੇ ਇਕ ਡਾਲਦਾ।

ਤਲਾਸ਼ਾਂਗਾ ਕਦੇ ਫਿਰ ਰੰਗ, ਖੁਸ਼ਬੂ, ਰੌਸ਼ਨੀ,
ਬਦਨ ਆਪਣੇ ਦੇ ਟੁਕੜੇ ਹਾਂ ਅਜ ਤਾਂ ਭਾਲਦਾ।

ਕੋਈ ਦੱਸੋ ਭਲਾ ਮੈਨੂੰ ਹੈ ਹੋਇਆ ਮਰਜ਼ ਕੀ?
ਬੜਾ ਚਰਚਾ ਪਿਆ ਹੁੰਦਾ ਹੈ ਮੇਰੇ ਹਾਲ ਦਾ।

ਜਦੋਂ ਦਿਲ ਵਿਚ ਉਤਰ ਗਈ ਹੂਕ ਇਕ ਖੰਜਰ ਜਹੀ,
ਕਿਵੇਂ ਫਿਰ ਗੀਤ ਮੈਂ ਸੂਖਮ ਜਿਹਾ ਸੰਭਾਲਦਾ।

ਚਲੋ ਕੁਝ ਤਾਂ ਘਟੀ ਹੋਣੀ ਸੀ ਦਿਲ ਦੀ ਤੜਪ ਇਹ,
ਵਫ਼ਾ ਕਰਦਾ ਕਿਤੇ ਦਿਨ ਇਕ ਵੀ ਜੇ ਸਾਲ ਦਾ।

ਨਹੀਂ ਹੁਣ ਲਾਉਣ ਦੇਂਦਾ ਇਹ ਆਕਾਸ਼ੀ ਤਾਰੀਆਂ,
ਮੇਰੇ ਹੱਡਾਂ 'ਚ ਬੈਠੈ ਮੋਹ ਜੋ 'ਆਲ੍ਹਣਵਾਲ' ਦਾ।

ਮੇਰੇ ਸ਼ਿਅਰਾਂ ਦਾ ਹਰ ਇਕ ਹਰਫ਼ ਇਉਂ ਹੈ ਤੜਪਦਾ,
ਜਿਵੇਂ ਮੇਲੇ 'ਚ ਤੜਪੇ ਦਿਲ ਗੁਆਚੇ ਬਾਲ ਦਾ।

**2**

ਮਿਟਾਉਂਦੇ ਹੋ ਤੁਸੀਂ ਹਰ ਵਾਰ ਜੇਕਰ ਮੇਰੀਆਂ ਪੈੜਾਂ।
ਰਿਹਾਂ ਮੈਂ ਵੀ ਤਾਂ ਪਾਉਂਦਾ ਹੋਰ ਵੀ ਕੁਝ ਡੂੰਘੀਆਂ ਪੈੜਾਂ।

ਇਵੇਂ ਲਗਦੈ ਕਿ ਮੰਜ਼ਿਲ ਇਕ ਹੈ ਮੇਰੀ ਅਤੇ ਉਸਦੀ,
ਮੇਰੇ ਰਸਤੇ 'ਚ ਅਕਸਰ ਆਉਂਦੀਆਂ ਨੇ ਉਸਦੀਆਂ ਪੈੜਾਂ।

ਥਕਾਵਟ, ਤਪਸ਼, ਦੁਸ਼ਵਾਰੀ ਰਤਾ ਮਹਿਸੂਸ ਨਾ ਹੋਵੇ,
ਜਦੋਂ ਨੇ ਹੁੰਦੀਆਂ ਮੇਰੇ ਸਫ਼ਰ ਵਿਚ ਤੇਰੀਆਂ ਪੈੜਾਂ।

ਬੜਾ ਹੀ ਫ਼ਿਕਰ ਹੋਇਆ ਉਸ ਨੂੰ ਢੂੰਡਣ ਦਾ ਉਸ ਵੇਲੇ,
ਨਜ਼ਰ ਆਈਆਂ ਜਦੋਂ ਮਕਤਲ ਦੇ ਰਾਹ ਵਿਚ ਉਸਦੀਆਂ ਪੈੜਾਂ।



ਇਨ੍ਹਾਂ ਹੀ ਬਖਸ਼ਿਆ ਹੈ ਬਲ ਉਦਾਸੀ ਦੇ ਸਫ਼ਰ ਅੰਦਰ,
ਮੇਰੀ ਸੋਚਾਂ ਦੀ ਪਗਡੰਡੀ ਤੇ ਹਨ ਜੋ ਤੇਰੀਆਂ ਪੈੜਾਂ।

ਮੈਂ ਛੇਤੀ ਹੀ ਸੁਬ੍ਹਾ ਦੀ ਜੂਹ 'ਚ ਹੋਵਾਂਗਾ ਮਿਰੇ ਯਾਰੋ,
ਮੈਂ ਆਖਰ ਢੂੰਡ ਹੀ ਲਈਆਂ ਨੇ ਚਾਨਣ ਰੰਗੀਆਂ ਪੈੜਾਂ।

**3**

ਕਿਸ ਲਈ ਨੇ ਹੁੰਦੀਆਂ ਇਹ ਅੱਖੀਆਂ ਤਰ, ਪੁੱਛ ਨਾ।
ਕੌਣ ਰਹਿੰਦੈ ਖੋਭਦਾ ਸੀਨੇ 'ਚ ਖੰਜਰ, ਪੁੱਛ ਨਾ।

ਇਹ ਹਵਾ ਜਜ਼ਬਾਤ ਦੀ ਹੈ ਰੋਕਿਆਂ ਰੁਕਣੀ ਨਹੀਂ,
ਹੁਣ ਭਲਾ ਮੈਨੂੰ ਲਿਜਾਵੇਗੀ ਇਹ ਕਿੱਧਰ, ਪੁੱਛ ਨਾ।

ਪੜ੍ਹਦਿਆਂ ਹੀ ਤੂੰ ਜਿਨ੍ਹਾਂ ਨੂੰ ਹੋ ਗਿਐ ਡਾਢਾ ਉਦਾਸ,
ਮੈਂ ਕਿਵੇਂ ਸੀਨੇ 'ਚ ਸੀ ਸਾਂਭੇ ਉਹ ਅੱਖਰ, ਪੁੱਛ ਨਾ।

ਜ਼ਿੰਦਗੀ ਵਿਚ ਰੰਗ ਕੱਚੇ ਭਰ ਲਏ ਜੋ ਭੁੱਲ ਕੇ,
ਖੁਰ ਗਏ ਉਹ ਕਿਸ ਤਰ੍ਹਾਂ ਸਭ ਰੰਗ ਆਖਰ, ਪੁੱਛ ਨਾ।

ਇਸ ਨਦੀ ਰਾਹੀਂ ਪਿਘਲ ਕੇ ਬਰਫ਼ ਆਈ ਦਰ ਤਿਰੇ,
ਤਿੱਖੀਆਂ ਕਿਰਨਾਂ ਤੋਂ ਐਵੇਂ ਬਰਫ ਦਾ ਘਰ ਪੁੱਛ ਨਾ।

ਮੁੱਦਤਾਂ ਤੋਂ ਬਾਦ ਆਇਐ ਬੈਠ ਦੋ ਪਲ ਸਾਹਮਣੇ,
ਹਾਲ ਮੇਰਾ ਇਸ ਤਰ੍ਹਾਂ ਲੋਕਾਂ ਦੇ ਵਾਂਗਰ ਪੁੱਛ ਨਾ।

**4**

ਜੋ ਕਹਿੰਦੇ ਸੀ ਕਰਾਂਗੇ ਰੋਸ਼ਨੀ ਹੀ ਰੌਸ਼ਨੀ ਏਥੇ।
ਉਹੀ ਨੇ ਢੋਅ ਰਹੇ ਹੁਣ ਨ੍ਹੇਰਿਆਂ ਨੂੰ ਹਰ ਘੜੀ ਏਥੇ।

ਕਦੇ ਨਾ ਦੇਖਿਆ ਸੀ ਇਸ ਤਰ੍ਹਾਂ ਦਾ ਮਾਜਰਾ ਪਹਿਲਾਂ,
ਜਿਵੇਂ ਅੱਜ ਕਤਲਗਾਹ ਨੂੰ ਜਾ ਰਹੀ ਹੈ ਹਰ ਗਲੀ ਏਥੇ।

ਭਲਾ ਕਿੰਨਾ ਕੁ ਚਿਰ ਹੈ ਤੂੰ ਬੁਝਾਰਤ ਹੀ ਬਣੇ ਰਹਿਣਾ,
ਤੇਰੇ ਹੀ ਭੇਦ ਖਾਤਰ ਸਹਿਕਦਾ ਐ ਜ਼ਿੰਦਗੀ, ਏਥੇ।

ਉਹੀ ਅੱਜ ਬੈਠ ਗਏ ਨੇ ਢੇਰੀਆਂ ਢਾਹ ਕੇ, ਅਸੀਂ ਸੁਣਿਐ,
ਬੜੀ ਸੀ ਹੋ ਰਹੀ ਚਰਚਾ ਜਿਨ੍ਹਾਂ ਦੇ ਸਿਦਕ ਦੀ ਏਥੇ।

ਕਿਵੇਂ ਛੇੜਾਂ ਮੈਂ ਆਪਣੇ ਸ਼ਹਿਰ ਦੀ ਤਾਰੀਫ ਦੇ ਨਗਮੇਂ,
ਕਦੇ ਦੇਖੀ ਨਹੀਂ ਜਦ ਜ਼ਿੰਦਗੀ ਮੈਂ ਮੌਲਦੀ ਏਥੇ।

ਤੁਹਾਡੀ ਯਾਦ ਵੀ ਯਾਰੋ ਚਲੇ ਹਾਂ ਨਾਲ ਹੀ ਲੈ ਕੇ,
ਤੁਸੀਂ ਤਾਂ ਭੁੱਲ ਜਾਣੈ ਸੀ ਕੁਈ 'ਸ਼ਮਸ਼ੇਰ' ਵੀ ਏਥੇ।

## 5

ਸੁਰਮਈ ਗ਼ਮਗੀਨ ਆਥਣ ਵਾਸਤੇ।
ਹਰਫ਼ ਦੇ ਜਾ ਚਾਰ ਚਾਨਣ ਵਾਸਤੇ।

ਆਪਣੇ ਵੱਲੋਂ ਤਾਂ ਲਾਈ ਵਾਹ ਬੜੀ,
ਤੇਰਿਆਂ ਰਾਹਾਂ 'ਚ ਮਹਿਕਣ ਵਾਸਤੇ।

ਤੇਰੀਆਂ ਤੈਹਾਂ ਨੂੰ ਪੈਣੇ ਫੋਲਣਾ,
ਆਪਣੇ ਆਪੇ ਨੂੰ ਭਾਲਣ ਵਾਸਤੇ।

ਰੂਬਰੂ ਪੈਂਦਾ ਹੈ ਹੋਣਾ ਮੌਤ ਦੇ,
ਜ਼ਿੰਦਗੀ ਦੀ ਸ਼ਾਨ ਵੇਖਣ ਵਾਸਤੇ।

ਦੇ ਗਿਐ ਸਾਨੂੰ ਵੀ ਕੋਈ ਆਪਣਾ,
ਇਕ ਤੜਪ ਦਿਨ ਰਾਤ ਜਾਗਣ ਵਾਸਤੇ।
ਹੋ ਗਿਐ ਬੇਆਸ ਏਨਾ ਕਿਸ ਲਈ ?
ਸਾਂਭ ਕੁਝ ਸੁਪਨੇ ਤੂੰ ਬੀਜਣ ਵਾਸ਼ਤੇ।

## 6

ਤਿਰੀ ਬਾਰਿਸ਼, ਮਿਰੇ ਥਲ ਵਿਚ ਬੜਾ ਹੈ ਫਾਸਲਾ ਹਾਲੇ।
ਪਤਾ ਨਈਂ ਹੋਰ ਕਿੰਨਾ ਚਿਰ ਹੈ ਪੈਣਾ ਤੜਪਣਾ ਹਾਲੇ।

ਅਜੇ ਤੀਕਰ ਵੀ ਜਿੱਥੇ ਸਾਜਿਸ਼ਾਂ ਦੀ ਵਾ ਨਹੀਂ ਚੱਲੀ,
ਕਿਤੇ ਚਾਰੇ ਦਿਸ਼ਾਵਾਂ 'ਚੋਂ ਮਿਲੀ ਨਾ ਉਹ ਜਗ੍ਹਾ ਹਾਲੇ।

ਤੂਫਾਨੀ ਰਾਤ ਅੰਦਰ ਪਾਰ ਕਰਨੇ ਸ਼ੂਕਦੇ ਦਰਿਆ,
ਅਸਾਡੇ ਜ਼ਿਹਨ ਅੰਦਰ ਮਚਲਦਾ ਹੈ ਇਹ ਸ਼ੁਦਾ ਹਾਲੇ।

ਇਨ੍ਹਾਂ ਖ਼ਾਮੋਸ਼ ਬੁੱਤਾਂ ਵਿਚ ਵੀ ਸੁੱਚੇ ਬੋਲ ਗੂੰਜਣਗੇ,
ਬੜਾ ਕੁਝ ਜਾਣਨਾ ਹਾਲੇ, ਬੜਾ ਕੁਝ ਦੱਸਣਾ ਹਾਲੇ।

ਉਦਾਸੀ, ਬੇਬਸੀ, ਗ਼ਮ, ਤਪਸ਼, ਤਲਖੀ, ਖੌਫ਼, ਤਨਹਾਈ,
ਇਨ੍ਹਾਂ ਸਭ ਨਾਲ ਹੈ ਰਿਸ਼ਤਾ ਬੜਾ ਨਜ਼ਦੀਕ ਦਾ ਹਾਲੇ।

## 7

ਅਸਾਂ ਸੋਚਾਂ 'ਚ ਹਾਲੇ ਤੀਕ ਵੀ ਸਾਂਭੇ ਸਵੇਰੇ ਨੇ।
ਘਣੇ ਏਨੇ ਵਿਛਾਏ ਜਾਲ ਸੀ ਭਾਵੇਂ ਹਨੇਰੇ ਨੇ।

ਭਲਾ ਕਿੰਨਾ ਕੁ ਚਿਰ ਪਰਚਾਵਣੇਂ ਧਰਵਾਸ ਤੇਰੇ ਨੇ,
ਨਹੀਂ ਜਾਣੇ ਵਿਸਾਰੇ ਦਰਦ ਦੇ ਕਿੱਸੇ ਲੰਮੇਰੇ ਨੇ।

ਅਸਾਂ ਇਨਸਾਫ ਦਾ ਘਰ ਪੁੱਛਿਆ, ਉਹ ਮਕਤਲੀਂ ਲੈ ਗਏ,
ਅਸਾਨੂੰ ਤਾਂ ਅਜੇਹੇ ਵੀ ਮਿਲੇ ਕੁਝ ਰਾਹ ਦਸੇਰੇ ਨੇ।



ਤੁਸੀਂ ਤਾਂ ਕਸਰ ਕੋਈ ਰਹਿਬਰੋ ਛੱਡੀ ਨਹੀਂ, ਐਪਰ,
ਕਦੋਂ ਪਾਟੇ ਗਏ ਮਹਿਕਾਂ ਅਤੇ ਧੁੱਪਾਂ ਨੂੰ ਘੇਰੇ ਨੇ।

ਨਗਰ ਤੇਰੇ, ਗਰਾਂ ਮੇਰੇ 'ਚ ਹੀ ਕੇਵਲ ਨਹੀਂ ਛਾਏ,
ਅਜੇਹੇ ਸਾਜਿਸ਼ੀ ਮੌਸਮ ਨਜ਼ਰ ਆਏ ਚੁਫੇਰੇ ਨੇ।
ਨਦੀ ਇਕ ਸੂਕਦੀ ਨੂੰ ਵੇਖ ਕੇ ਹੀ ਡੋਲ ਨਾ 'ਮੋਹੀ',
ਅਜੇ ਰਾਹਾਂ 'ਚ ਆਉਣੇ ਖੌਲਦੇ ਸਾਗਰ ਬਥੇਰੇ ਨੇ।

(1576, ਟਾਈਪ I, ਨੂਹੋਂ ਕਾਲੋਨੀ ਡਾ. ਘਨੌਲੀ, ਜ਼ਿਲ੍ਹਾ ਰੂਪਨਗਰ-140113)

## **ਗ਼ਜ਼ਲ**/ਕੇਸਰ ਸਿੰਘ 'ਨੀਰ'

[ਅਵਤਾਰ ਸਿੰਘ ਕਲੇਰ ਦੇ ਨਾਂ]

ਬੀਤਦੀ ਕਿੱਦਾਂ ਹੈ ਤੇਰੀ ਯਾਰ, ਲਿਖ।
ਜ਼ਿੰਦਗੀ ਦੀ ਜਿੱਤ, ਕੋਈ ਹਾਰ, ਲਿਖ।

ਬੀਤਦੇ ਨੇ ਕਿੰਜ ਤੇਰੇ ਰਾਤ ਦਿਨ ?
ਕਿਸ ਤਰ੍ਹਾਂ ਦਾ ਹੈ ਤਿਰਾ ਪਰਿਵਾਰ ਲਿਖ ?

ਟੱਲਿਆ ਹੈ ਜ਼ਿੰਦਗੀ ਦਾ ਸਾਥ ਤੈਂ ?
ਜਾਂ ਉਵੇਂ ਹੈ ਜ਼ਿੰਦਗੀ ਇਹ ਭਾਰ ਲਿਖ।

ਯਾਦ ਆਉਂਦਾ ਹੈ ਬੜਾ ਹੀ ਸ਼ਹਿਰ ਹੁਣ,
ਹਾਲ ਮੇਰੇ ਸ਼ਹਿਰ ਦਾ ਵਿਸਥਾਰ ਲਿਖ।

ਬਦਲਿਐ ਕੁਝ ਰੂਪ ਮੇਰੇ ਸ਼ਹਿਰ ਦਾ ?
ਆ ਗਈ ਏ ਹੁਣ ਨਵੀਂ ਸਰਕਾਰ ਲਿਖ।

ਮਾਰਿਐ ਗੇੜਾ ਕਦੇ ਹੁਣ ਘਰ ਮਿਰੇ ?
ਕਿਸ ਤਰ੍ਹਾਂ ਦੀ ਹੈ ਮਿਰੀ ਗੁਲਜ਼ਾਰ ਲਿਖ ?

ਝੂਮਦੇ ਨੇ ਫੁਲ, ਬੂਟੇ ਉਂਜ ਹੀ,
ਪੰਛੀਆਂ ਦੀ ਹੈ ਉਹੋ ਚਹਿਕਾਰ ਲਿਖ ?

ਹੋ ਇਕੱਠੇ ਯਾਦ ਕਰਦੇ ਨੇ ਕਦੇ ?
ਫਿਰ ਪੁਰਾਣੇ ਜੁੰਡਲੀ ਦੇ ਯਾਰ ਲਿਖ ?

ਆਸਰਾ ਦਿੰਦਾ ਹੈ ਤੇਰਾ ਖ਼ਤ ਬੜਾ,
ਖ਼ਤ ਜਵਾਬੀ, ਜਾਣ ਇਸ ਨੂੰ ਤਾਰ ਲਿਖ।

(31 Whiteram Ciose NE CALGARY, Alberta
Canada—TIY-5 × 8)

## ਸ਼ਮਸ਼ੇਰ ਢਪਾਲੀ/ਤਿੰਨ ਕਵਿਤਾਵਾਂ

### 1. ਬੱਚੇ

ਸਭ ਬੱਚਿਆਂ ਦੇ ਜਨਮ ਸਮੇਂ
ਮਾਵਾਂ ਨੂੰ ਵਧਾਈ ਮਿਲਦੀ ਹੈ
ਬੱਚਿਆਂ ਨੂੰ ਮਿੱਠਾ ਚਟਾਇਆ ਜਾਂਦਾ......

ਬੱਚੇ ਵਰਦੀਆਂ ਪਹਿਨੀ ਸਕੂਲ ਬੱਸ ਵਿਚ ਜਾਂਦੇ
ਖ਼ੁਸ਼ੀਆਂ ਬਖੇਰਦੇ ਹੱਥ ਹਿਲਾਉਂਦੇ
ਬੱਚੇ ਸਰ ਨੂੰ ਸੁਪਰਮੈਨ ਕਾਮਿਕਸ ਸੁਣਾਉਂਦੇ
ਸੋਗ ਵਿਚ ਸਲੀਕੇ ਨਾਲ ਹੱਸਦੇ
ਬਜ਼ਾਰ ਵਿਚ ਆਈਸ ਕਰੀਮ ਲਈ ਜ਼ਿਦ ਕਰਦੇ
ਗਰਮੀਆਂ ਵਿਚ ਠੰਢੇ ਪਹਾੜਾਂ 'ਤੇ ਜਾਂਦੇ
ਤੇ ਬੱਚੇ
ਤੇ ਬੱਚੇ ਪਹਾੜੀ ਰਸਤੇ 'ਚ ਢਾਬੇ ਉੱਤੇ ਭਾਂਡੇ ਮਾਂਜਦੇ......

ਬੱਚੇ ਮੂੰਹ ਸਾਝਰੇ ਡੰਗਰ ਚਾਰਨ ਜਾਂਦੇ
ਗਾਲ੍ਹਾਂ ਕੱਢਦੇ, ਡੰਡੇ ਮਾਰਦੇ
ਗੁੱਲੀ-ਡੰਡੇ ਦੀ ਢਾਣੀ ਵੇਲੇ ਲੜ ਪੈਂਦੇ
ਰੂੜੀਆਂ 'ਤੋਂ ਪੱਦ-ਬਹੇੜਿਆਂ ਦੀਆਂ ਖੁੰਭਾਂ ਖਾਂਦੇ
ਤੇ ਬੱਚਿਆਂ ਦੀ ਕਾਲੀ ਖੁਸ਼ਕ ਚਮੜੀ 'ਤੇ ਚੋਰ ਲਿਖਿਆ ਜਾਂਦਾ
ਬੱਚਿਆਂ ਦੀ ਚਮੜੀ ਪੀਅਰ ਸੋਪ ਨਾਲ ਨਰਮ ਹੁੰਦੀ......

ਬੱਚੇ ਦਾ ਨਾਂ ਬਾਦਸ਼ਾਹ ਹੈ
ਬੱਚੇ ਦਾ ਨਾਂ ਪਾਲੀ ਵੀ ਹੈ
ਪਾਲੀ ਰਿਹਾਅ ਢਾਂਡੀ ਵਾਂਗ ਛੜਾਂ ਚਲਾਉਂਦੇ
ਪਾਲੀ ਜੂੜ ਪਾ ਕੇ ਚੋਅ ਲਏ ਜਾਂਦੇ
ਪਾਲੀਆਂ ਦਾ ਖ਼ੂਨ ਬਾਦਸ਼ਾਹ ਨੂੰ ਪਿਆਇਆ ਜਾਂਦਾ......

### 2. ਅਨੀਤਾ ਆਂਟੀ

ਤੂੰ ਜਿੱਥੇ ਵੀ ਕਿਤੇ ਲੜ ਰਹੀ ਹੈਂ ਅਨੀਤਾ
ਤੇਰੇ ਨਾਲ ਹਾਂ ਮੈਂ
ਤੇਰੇ ਨਾਲ ਹੈ ਮੇਰੀ ਪਤਨੀ
ਤੇ ਪਿਛਲੇ ਵਰ੍ਹੇ ਸਕੂਲ ਜਾਣ ਲੱਗਿਆ ਸਾਡਾ ਪੁੱਤ !
ਕੰਧਾਂ ਤੋਂ ਕੈਲੰਡਰ ਲਾਹ ਦਿੱਤੇ
ਮੈਂ ਨਿੱਤ ਤਾਰੀਖਾਂ ਗਿਣ ਬੁੱਢਾ ਨਹੀਂ ਹੋਣਾ
ਬੁੱਢਿਆਂ ਨੂੰ ਬੱਚਿਆਂ ਦਾ ਮੋਹ ਮਾਰ ਜਾਂਦਾ



ਪਤਨੀ ਨੇ ਸਟੋਵ ਸੁੱਟ ਦਿੱਤਾ
ਕਦੇ-ਕਦੇ ਸਟੋਵ ਦੇ ਸ਼ੋਰ ਵਿਚ ਵੀ ਗੁਆਚਦੀ ਹੈ ਔਰਤ !

ਸੁਣ ਆਇਐ ਤੇਰੇ ਬਾਰੇ ਕਿਤੋਂ ਸਾਡਾ ਪੁੱਤ :
'ਲੋਕਾਂ' ਨੂੰ 'ਠੀਕ' ਕਰਦੇ ਸਨ ਡਾਕਟਰ ਅੰਕਲ
'ਗਲਤ' ਟੀਕਾ ਕਿਉਂ ਲਾ ਦਿੱਤਾ ਨਰਸ ਨੇ ਡਾਕਟਰ ਦੇ !'

ਅਨੀਤਾ-ਜਦੋਂ ਤੇਰੇ ਹੱਥ ਵਿਚ ਸਹੀ ਟੀਕਾ ਹੋਵੇਗਾ
ਗਲਤ ਡਾਕਟਰ ਦੇ ਲੱਗ ਜਾਵੇਗਾ
ਉਦੋਂ ਤਕ ਸਾਡਾ ਪੁੱਤ ਜਵਾਨ ਹੋ ਗਿਆ ਹੋਵੇਗਾ......

ਅਨੀਤਾ-ਜਦੋਂ ਤੂੰ ਸਟੋਵ ਦੇ ਸ਼ੋਰ ਵਿਚ ਗੁਆਚੀ ਸੀ
ਡਾਕਟਰ ਨਾਲ ਫਰਲੋ ਤੇ ਪਹਾੜ ਵੱਲ ਚਲੀ ਗਈ ਸੀ
ਦਫ਼ਤਰ ਦੇ ਬੌਸ ਤੋਂ ਤਰੱਕੀ ਲੈ ਗਈ ਸੀ
ਰਾਤ ਕਿਤੇ ਹੋਰ ਕੱਟੀ ਸੀ ਪਤੀ ਨੂੰ ਖੁਆ ਕੇ ਕੰਮਪੋਜ਼
ਤੇ ਸਕੂਲ ਵਿਚ ਉਧੇੜਦੀ-ਬੁਣਦੀ ਸੀ ਸਵੈਟਰ
ਉਦੋਂ ਮੈਂ—ਤੇਰੇ ਬਾਰੇ ਸਾਡੇ ਪੁੱਤ ਨੂੰ ਕੁਝ ਨਹੀਂ ਸੀ ਦੱਸਿਆ।
ਉਦੋਂ ਵੀ ਪੁੱਛਿਆ ਸੀ ਉਹਨੇ—
'ਇਹ ਅਨੀਤਾ ਆਂਟੀ ਕੌਣ ਹੈ ?'

ਅਜੇ ਸਾਡੇ ਪੁੱਤ ਨੇ ਪੜ੍ਹਿਆ ਨਹੀਂ ਸੀ ਕੋਕ-ਸ਼ਾਸਤਰ
ਉਹ ਕੁਝ ਵੀ ਪੁੱਛ ਸਕਦਾ ਸੀ ਅਨੀਤਾ ਆਂਟੀ ਬਾਰੇ
ਉਸਦੇ ਜਵਾਨ ਹੋ ਜਾਣ ਤੋਂ ਪਹਿਲਾ
ਤੂੰ 'ਡਾਕਟਰ' ਅੰਕਲ ਦੇ 'ਗਲਤ' ਟੀਕਾ ਲਾ ਦਿੱਤੇ......

ਤੂੰ ਜਿਥੇ ਵੀ ਲੜ ਰਹੀ ਹੈਂ ਅਨੀਤਾ
ਸਟੋਵ, ਬੌਸ ਤੇ ਉਧੇੜ-ਬੁਣ ਦੇ ਵਿਰੁੱਧ
ਤੇਰੇ ਨਾਲ ਹਾਂ ਮੈਂ
ਤੇ ਤੇਰੇ ਨਾਲ ਹਨ......

### 3. ਹਥਿਆਰ

ਹੱਥ ਕਾਤਲ ਹੁੰਦੇ ਨੇ
ਜਾਂ ਸਹਾਰਾ !

ਖ਼ੂਹ ਸਿਰਜਣਾ ਹੁੰਦੇ ਨੇ
ਜਾਂ ਕਬਰ !

ਹੱਥ ਖੂਹ ਪੁਟਦੇ ਨੇ—

ਸਭ ਨੂੰ ਇਹੀ ਚਿੰਤਾ ਹੈ :
'ਖੂਹ ਬਹੁਤ ਘੱਟ ਰਹਿ ਗਏ ਹਨ ।'

ਕਿਸੇ ਵੀ ਮੁਨਾਸਿਬ ਵਕਤ :
ਜਦੋਂ ਯੁੱਧ ਲੜਿਆ ਜਾ ਰਿਹਾ ਹੋਵੇ
ਖੂਹ ਪੁੱਟਣੇ ਸ਼ੁਰੂ ਕਰ ਦੇਵੋ
ਤੇ ਖੂਹਾਂ ਦੇ ਸੁੱਚੇ ਪਾਣੀ ਨਾਲ
ਹੱਥ ਪਵਿੱਤਰ ਕਰ ਲਵੋ :
ਹਥਿਆਰ ਬਹੁਤ ਮੈਲੇ ਹੋ ਗਏ ਹਨ ।

ਖੂਹ ਪੁੱਟਣ ਵਾਲੇ ਹੱਥ
ਤੇ ਖੂਹ
ਬਹੁਤ ਘੱਟ ਰਹਿ ਗਏ ਹਨ
ਖੂਹਾਂ ਦੀ ਮੌਣ ਯੁੱਧ ਭੂਮੀ ਬਣਨ ਵਾਲੀ ਹੈ
ਫੇਰ ਖੂਹ ਕਬਰ ਹੋ ਜਾਣਗੇ
ਤੇ ਹੱਥ ਕਾਤਲ !
ਖੂਹਾਂ ਤੇ ਹੱਥਾਂ ਤੋਂ ਬਗੈਰ—
ਹਥਿਆਰ ਕਿਤੇ ਵੀ ਨਹੀਂ ਹੋਣਗੇ !

ਪਿੰਡ ਤੇ ਡਾਕ : ਢਪਾਲੀ—151104
ਜਿਲ੍ਹਾ ਬਠਿੰਡਾ

---

## ਚਿਰਾਗ਼ ਬਾਰੇ ਜਾਣਕਾਰੀ

### ਫਾਰਮ IV

1. ਪ੍ਰਕਾਸ਼ਨ ਸਥਾਨ—ਜਲੰਧਰ
2. ਪ੍ਰਕਾਸ਼ਨ ਕਾਲ—ਤ੍ਰੈ-ਮਾਸਕ
3. ਪ੍ਰਿੰਟਰ ਪ੍ਰਕਾਸ਼ਨ ਮਾਲਕ—ਡਾ: ਅਨੂਪ ਸਿੰਘ C/o ਭਾਈ ਰਤਨ ਸਿੰਘ ਯਾਦਗਾਰੀ ਟਰੱਸਟ ਜਲੰਧਰ ।
ਕੌਮੀਅਤ—ਭਾਰਤੀ ।
4. ਸੰਪਾਦਕ— ਹਰਭਜਨ ਸਿੰਘ ਹੁੰਦਲ ਫੱਤੂ ਚੱਕ P.O. ਢਿਲਵਾਂ ਕਪੂਰਥਲਾ ।
ਕੌਮੀਅਤ—ਭਾਰਤੀ ।

ਪਤਾ :—ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉੱਤੇ ਦਿੱਤਾ ਹੋਇਆ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ ।
1 ਜਨਵਰੀ 1998,

ਪ੍ਰਕਾਸ਼ਕ ਦੇ ਦਸਖਤ
(ਸਹੀ) ਅਨੂਪ ਸਿੰਘ





## ਕਿਸੇ ਸੱਜਰੇ ਪਿਆਰ ਦੀ ਗੱਲ ਕਰੀਏ/ਅਹਿਸਾਨ ਬਾਜਵਾ

ਆਓ ਸੱਜਣੋਂ ਟੁੱਟਿਆਂ ਦਿਲਾਂ ਅੰਦਰ,
ਕਿਸੇ ਸੱਜਰੇ ਪਿਆਰ ਦੀ ਗੱਲ ਕਰੀਏ ।
ਮਿੱਟੀ ਪਾ ਕੇ ਗੱਲਾਂ ਪੁਰਾਣੀਆਂ ਤੇ,
ਮੁੜਕੇ ਸਾਂਝ ਵਿਚਾਰ ਦੀ ਗੱਲ ਕਰੀਏ ।
ਵੈਰ ਨਫਰਤਾਂ ਅਮਨ ਦੇ ਹੈਨ ਵੈਰੀ,
ਨਾਲੇ ਏਕਤਾ ਪਿਆਰ ਨੂੰ ਖਾ ਜਾਂਦੇ ।
ਆਓ ਆਪਣੇ ਦਿਲਾਂ ਦੇ ਵਿਚ ਕਰਕੇ,
ਕਿਸੇ ਵੱਜਦੀ ਤਾਰ ਦੀ ਗੱਲ ਕਰੀਏ ।
ਇਕੋ ਘਰ ਵਿਚ ਦੂਰੀਆਂ ਕਾਹਦੀਆਂ ਨੇ,
ਪੈਂਡੇ ਦਿਲਾਂ 'ਚ ਹੁਣ ਮੁਕਾ ਦੇਈਏ ।
ਆਪਣੇ ਹੱਥੀਂ ਜੋ ਆਪ ਤਰੋੜਿਆ ਸੀ,
ਓਸ ਫੁੱਲਾਂ ਦੇ ਹਾਰ ਦੀ ਗੱਲ ਕਰੀਏ ।
ਸਾਓਪੁਣਾ ਜਹਾਨ ਵਿਚ ਅਮਰ ਹੁੰਦਾ,
ਭੰਡੇ ਜਾਂਦੇ ਨੇ ਅੜਬ ਜਹਾਨ ਅੰਦਰ ।
ਸਦੀਆਂ ਤੀਕ ਜੋ ਹੱਸ ਕੇ ਚੁੱਕਦੇ ਰਹੇ,
ਉਸ ਪਰੇਮ ਦੇ ਭਾਰ ਦੀ ਗੱਲ ਕਰੀਏ ।
ਬੁੱਲ੍ਹੇ ਵਾਰਸ ਤੇ ਨਾਨਕ ਦੀ ਇਕ ਬੋਲੀ,
ਪਿਆਰ ਵੱਸਦਾ 'ਬਾਹੂ' ਦੇ ਬੋਲ ਅੰਦਰ ।
ਸੁਹਣੀ ਸਹਿਬਾਂ ਤੇ ਹੀਰ ਦੇ ਵਾਂਗ ਸੁਹਣੀ,
ਕਿਸੇ ਧਰਤੀ ਦੀ ਨਾਰ ਦੀ ਗੱਲ ਕਰੀਏ ।
ਧਰਤੀ ਕੂਕਦੀ ਪਿਆਰ ਅਸਾਡੜੇ ਨੂੰ,
ਰੰਗ ਰੱਤਾ ਪੰਜਾਬ ਦੇ ਪਾਣੀਆਂ ਦਾ ।
ਸੁਹਜ ਧਰਤ ਦਾ ਵੰਡਾਂ ਨੇ ਪੱਛ ਦਿਤਾ,
ਹੁਣ ਨਾ ਕਦੀ ਵੀ ਖਾਰ ਦੀ ਗੱਲ ਕਰੀਏ ।
ਕਰਨਾ ਸਿਖੀਏ ਮੁੜ 'ਅਹਿਸਾਨ' ਏਥੇ,
ਬੇਰਾਂ ਡੱਲਿਆਂ ਦਾ ਹਾਲੀ ਵਿਗੜਿਆ ਕੀ ।
ਪਿਆਰ-ਹੱਟੀਓਂ ਪਿਆਰ ਖਰੀਦ ਕਰੀਏ,
ਮੁੜ ਕੇ 'ਤੁੱਲ੍ਹੇ ਘੁਮਿਆਰ' ਦੀ ਗੱਲ ਕਰੀਏ ।

ਪਿੰਡ ਗੱਕੜ ਵਾਲੀ, ਡਾਕਖਾਨਾ ਕਿਲ੍ਹਾ ਕਾਲਰ ਵਾਲਾ,
ਤਹਿਸੀਲ ਪਸਰੂਰ, ਸਿਆਲਕੋਟ ।
ਪਾਕਿਸਤਾਨ ।

## ਦੋ ਗ਼ਜ਼ਲਾਂ/ਗੁਰਦੀਪ

**1**

ਗੁੰਮ ਹੈ ਉਹ ਪੈੜ ਪੈਛੜ ਨਕਸ਼-ਪਾ ਧੁੰਦਲਾ ਗਏ ।
ਯਾਦ ਦੀ ਦਾਮਨ ਤੇ ਧੱਬੇ ਕੁਝ ਅਚਾਨਕ ਆ ਗਏ ।

ਮਿਹਰ ਤੇਰੀ ਜ਼ੁਲਫ਼ ਦੀ ਸੀ ਜਾਨ ਲੇਵਾ ਔੜ ਵਿਚ,
ਸਾਡੇ ਦਿਲ ਦੇ ਬਾਗ਼ ਵਿਚ ਵੀ ਮੋਰ ਪੈਲਾਂ ਪਾ ਗਏ ।

ਰੰਗ ਨੇ ਰੰਗੀਨੀਆਂ ਦੇ ਨਾਲ ਕੀਤੀ ਦੁਸ਼ਮਣੀ,
ਝੀਲ ਖਾਰੀ ਹੋ ਗਈ ਸਾਰੇ ਕੰਵਲ ਮੁਰਝਾ ਗਏ ।

ਕੁਝ ਪਰਿੰਦੇ ਤੇਜ਼ ਉਡਦੇ ਚੀਰਦੇ ਗੁਜ਼ਰੇ ਅਕਾਸ਼,
ਨਜ਼ਰ ਸਾਡੀ ਨੂੰ ਭੁਲੇਖ ਸੌ ਤਰ੍ਹਾਂ ਪਾ ਗਏ ।

ਰਾਹ ਦੇ ਸੁਪਨੇ ਗਵਾਚੇ ਮੰਜ਼ਿਲਾਂ ਦੀ ਕਲਪਨਾ,
ਕਿਸ ਤਰ੍ਹਾਂ ਦੇ ਸ਼ਹਿਰ ਅੰਦਰ ਕਾਰਵਾਂ ਨੇ ਆ ਗਏ ।

**2**

ਹਰ ਗਲੀ ਮੁਸਕਾਨ ਹੋਵੇ ਸ਼ਹਿਰ ਸਾਰਾ ਖੁਸ਼ ਰਹੇ ।
ਉਸ ਤਰਫ਼ ਦੇ ਰੰਗ ਉਤੇ ਇਹ ਕਿਨਾਰਾ ਖੁਸ਼ ਰਹੇ ।

ਮੋਰ ਰੋਹੀ ਵਿਚ ਨੱਚੇ ਕੋਇਲ ਕੂਕੇ ਗੁਲਸ਼ਨੀ,
ਮਾਰੂਥਲ ਤੋਂ ਬਾਗ਼ ਤੀਕਰ ਹਰ ਨਜ਼ਾਰਾ ਖੁਸ਼ ਰਹੇ ।

ਦਿਲ ਦੀਆਂ ਦਾਗਾਂ ਦੇ ਨਾਂ ਦਾ ਜਾਮ 'ਪਾਓ' ਦੋਸਤੋ.
ਸੁਗਲ ਆਪਣੇ ਥਾਂ ਸਲਾਮਤ, ਦਿਲ ਨਿਆਰਾ ਖੁਸ਼ ਰਹੇ ।

ਨਾ ਕਿਨਾਰੇ ਲਾ ਸਕੇ ਜੇ ਇਹ ਸਹਾਰਾ ਨਾ ਸਹੀ,
ਇਸ ਤਰ੍ਹਾਂ ਡੁੱਬੇ ਕਿ ਤਿਣਕੇ ਦਾ ਸਹਾਰਾ ਖੁਸ਼ ਰਹੇ ।

ਖੁਸ਼ ਫ਼ਹਿਮ ਹੋਣਾ ਮੁਬਾਰਕ ਨਜ਼ਰ ਦੇ ਕਿਰਦਾਰ ਨੂੰ,
ਆਪਣੀ ਔਕਾਤ ਉਤੇ ਦਿਲ ਵਿਚਾਰਾ ਖੁਸ਼ ਰਹੇ ।

(ਪਿੰਡ ਤੇ ਡਾਕਖਾਨਾ ਰੇਸ਼ਮ ਮਾਝਰੀ, ਵਾਇਆ ਡੋਈਵਾਲਾ, ਜ਼ਿਲ੍ਹਾ ਡੇਹਰਾਦੂਨ)





## ਜਸ਼ਨੇ ਪਾਕਿਸਤਾਨ/ਬਾਬਾ ਨਜ਼ਮੀ

ਉਠ ਗਰੀਬਾ ਭੰਗੜਾ ਪਾ,
ਭੁੱਖਾ ਆਪਣਾ ਢਿੱਡ ਵਜਾ ।
ਹੌਲੀ ਹੌਲੀ ਨੱਚਦਾ ਜਾਹ,
ਜਸ਼ਨੇ-ਪਾਕਿਸਤਾਨ ਮਨਾ ।

ਝੰਡਾ ਇਹਦਾ ਫੜ ਕੇ ਰੱਖ,
ਆਪਣੀ ਨੀਵੀਂ ਕਰਕੇ ਅੱਖ ।
ਸਾਡੇ ਇਕੱਠੇ ਕਰਕੇ ਕੱਖ,
ਅਪਣਾ ਠੰਢਾ ਚੁੱਲ੍ਹਾ ਤਾਅ ।
ਉੱਠ ਗਰੀਬਾ ਭੰਗੜਾ ਪਾ,
ਜਸ਼ਨੇ-ਪਾਕਿਸਤਾਨ ਮਨਾ ।

ਵਿਚ ਅਮਰੀਕਾ ਸਾਡਾ ਨਾਂ,
ਜਦ ਤੱਕ ਸਿਰ ਤੇ ਉਹਦੀ ਛਾਂ ।
ਕੱਟਾ ਕੋਹੀਏ, ਭਾਵੇਂ ਗਾਂ,
ਇਹ ਲੈ ਝੰਡੀ ਨੱਠਾ ਜਾਹ ।
ਆਪਣੇ ਬਾਲਾਂ ਨੂੰ ਪਰਚਾ,

ਤੈਨੂੰ ਧਰਤੀ ਸੁਹਣੀ ਲੱਗੇ ।
ਸ਼ਾਵਾ ਸ਼ਾਵਾ ਅੰਨ੍ਹੇ ਢੱਗੇ,
ਤੈਨੂੰ ਤਾਹੀਓਂ ਕਰਦੇ ਅੱਗੇ ।
ਡਾਗਾਂ ਸੋਟੇ ਗੋਲੀ ਖਾਹ,
ਵਿਚ ਸ਼ਰੀਕਾਂ ਨਾਂ ਚਮਕਾ ।

ਵੱਲ ਅਸਮਾਨਾਂ ਨੂੰ ਨਾ ਵੇਖ,
ਸਾਡੇ ਹੱਥੀਂ ਤੇਰੇ ਲੇਖ ।
ਸਾਡੇ ਹੱਥਾਂ ਵੱਲੋਂ ਵੇਖ,
ਜਿੰਨਾ ਦੇਈਏ ਓਨਾ ਖਾਹ ।
ਇਸ ਧਰਤੀ ਦੇ ਅਸੀਂ ਖ਼ੁਦਾ,
ਉੱਠ ਗਰੀਬਾ ਭੰਗੜਾ ਪਾ ।

ਅਸਲੀ ਪਾਕਿਸਤਾਨ ਅਸੀਂ,
ਤਾਹੀਓਂ ਤੇ ਪ੍ਰਧਾਨ ਅਸੀਂ ।

ਧਰਤੀ ਵੀ ਅਸਮਾਨ ਅਸੀਂ,
ਸਾਡੇ ਪੈਰਾਂ ਹੇਠਾਂ ਲਾ।
ਸਾਡੇ ਖਹਿ ਕੇ ਪੈਰ ਦਬਾ,
ਜਸ਼ਨੇ-ਪਾਕਿਸਤਾਨ ਮਨਾ।

ਇਕੋ ਜਹੀ ਨਹੀਂ ਰਹਿਣੀ ਰੁੱਤ,
ਇਕੋ ਦਿਹਾੜੇ ਟੁੱਟਣੇ ਬੁੱਤ।
ਇਸ ਧਰਤੀ ਦਾ ਤੂਹੀਓਂ ਪੁੱਤ,
ਸੁੱਤਾ ਤੇਰਾ ਅਜੇ ਖੁਦਾ।
ਐਕੜ ਕੋਲੋਂ ਨਾ ਘਬਰਾ,
ਉੱਠ ਗਰੀਬਾ ਭੰਗੜਾ ਪਾ।
ਵਿਚ ਹਵਾਵਾਂ ਫਿਰਦੀ ਵਾਜ,
ਆਵਣ ਵਾਲਾ ਤੇਰਾ ਰਾਜ।
ਤੇਰੇ ਹੱਥੀਂ ਇਹਦੀ ਲਾਜ,
ਆਪਣੇ ਸੁੱਤੇ ਲੇਖ ਜਗਾ।
ਮੰਜ਼ਲ ਵੱਲੇ ਪੈਰ ਵਧਾ,
ਜਸ਼ਨੇ-ਪਾਕਿਸਤਾਨ ਮਨਾ।

ਕੱਸ ਲੰਗੋਟਾ ਫੜ ਕੇ ਡਾਂਗ,
ਦੇਂਦਾ ਕਿਉਂ ਨਹੀਂ ਆਪਣੀ ਬਾਂਗ।
ਜੀਣਾ ਲਾਹਨਤ ਬੁਜ਼ਦਿਲ ਵਾਂਗ,
ਤੂੰ ਵੀ ਆਪਣਾ ਆਪ ਵਿਖਾ।
ਸ਼ਰਮਾਂ ਵਾਲਾ ਘੁੰਡ ਹਟਾ,
ਭੁੱਖਾ ਆਪਣਾ ਢਿੱਡ ਵਜਾ।

ਅਮਰੀਕਾ ਦੇ ਯਾਰਾਂ ਕੋਲ,
ਧਰਤੀ ਦੇ ਗੱਦਾਰਾਂ ਕੋਲ।
ਜ਼ਾਲਮ ਤੇ ਮੱਕਾਰਾਂ ਕੋਲ,
ਲੋਟੂ ਤੇ ਬਦਕਾਰਾਂ ਕੋਲ।
ਤੇਰਾ ਪਾਕਿਸਤਾਨ ਗਿਆ,
ਆਪਣਾ ਪਾਕਿਸਤਾਨ ਬਚਾ।
ਉੱਠ ਗਰੀਬਾ ਭੰਗੜਾ ਪਾ,
ਭੁੱਖਾ ਆਪਣਾ ਢਿੱਡ ਵਜਾ।
ਜਸ਼ਨੇ-ਪਾਕਿਸਤਾਨ ਮਨਾ,

(ਸਾਹਿਤ ਵਰ੍ਹੇ ਵਾਰ 1997 ਲਾਹੌਰ)





## ਅਵਾਮੀਂ ਸਾਇਰ/ਬਾਬਾਨਜਮੀਂ

—ਹਰਭਜਨ ਸਿੰਘ ਹੁੰਦਲ

ਪਾਕਿਸਤਾਨ ਦੇ ਪੰਜਾਬੀ ਸ਼ਾਇਰ ਬਾਬਾ ਨਜਮੀਂ ਦੀ ਸ਼ਾਇਰੀ ਨਾਲ ਮੇਰਾ ਰਿਸ਼ਤਾ ਬਹੁਤਾ ਪੁਰਾਣਾ ਨਹੀਂ। ਉਹ ਮੈਨੂੰ ਕੇਂਦਰੀ (ਮਰਕਜ਼ੀ) ਪੰਜਾਬੀ ਲੇਖਕ ਸਭਾ ਵੱਲੋਂ ਕਰਵਾਈ ਗਈ ਗਿਆਰਵੀਂ ਕੌਮੀ ਪੰਜਾਬੀ ਕਾਨਫਰੰਸ ਸਮੇਂ ਮਾਰਚ 1992 ਵਿਚ ਦਿੱਲੀ ਵਿਚ ਮਿਲਿਆ ਸੀ। ਉਸ ਵਕਤ ਉਸ ਨੇ ਮੈਨੂੰ ਆਪਣੇ ਕਲਾਮ ਦਾ ਪਹਿਲਾ ਮਜਮੂਆ "ਅੱਖਰਾਂ ਵਿਚ ਸਮੁੰਦਰ" (1990) ਭੇਂਟ ਕੀਤਾ ਸੀ। ਉਸ ਨਾਲ ਸਰਸਰੀ ਗੁਫਤਗੂ ਵੀ ਹੁੰਦੀ ਰਹੀ ਸੀ ਤੇ ਕਾਨਫਰੰਸ ਨਾਲ ਸਬੰਧਤ ਕਰਵਾਏ ਗਏ ਮੁਸ਼ਹਿਰੇ ਵਿਚ ਉਸ ਨਾਲ ਨਜ਼ਮ ਪੜਨ ਦਾ ਮੌਕਾ ਵੀ ਹਾਸਿਲ ਹੋਇਆ ਸੀ। ਦਿੱਲੀਓਂ ਵਾਪਸ ਘਰ ਆ ਕੇ ਮੈਂ ਉਸ ਦੇ ਕਲਾਮ ਨੂੰ ਗਹੁ ਨਾਲ ਪੜ੍ਹਿਆ ਤੇ ਇਹ ਵੇਖ ਕੇ ਖਾਸਾ ਮੁਤਾਸਰ ਹੋਇਆ ਕਿ ਉਹ ਪਾਕਿਸਤਾਨ ਦੇ ਅਵਾਮ ਦੀਆਂ ਤਕਲੀਫਾਂ ਤੇ ਦੁਸ਼ਵਾਰੀਆਂ ਨੂੰ ਕਿੰਨੇ ਸਾਫ ਤੇ ਸਾਦਾ ਢੰਗ ਨਾਲ ਤੇ ਸਰਲ ਜ਼ੁਬਾਨ ਵਿਚ ਪਰ ਖੂਬਸੂਰਤ ਅੰਦਾਜ਼ ਵਿਚ ਪੇਸ਼ ਕਰਦਾ ਸੀ। ਉਸ ਦੀ ਲਿਖਤ ਨੂੰ ਪੜ੍ਹਨ ਤੋਂ ਬਾਅਦ ਮੈਨੂੰ ਮਹਿਸੂਸ ਹੋਇਆ ਕਿ ਉਹ ਮੇਰਾ ਹਮ ਸਫਰ ਸ਼ਾਇਰ ਹੈ ਤੇ ਅਸੀਂ ਦੋਵੇਂ ਕਵੀ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਅਵਾਮ ਦੇ ਦੁੱਖ-ਦਰਦ ਨੂੰ ਆਪਣੇ-ਆਪਣੇ ਤਰੀਕੇ ਨਾਲ ਪੇਸ਼ ਕਰ ਰਹੇ ਸੀ।

ਫਿਰ ਜਦੋਂ ਕੁਝ ਮਹੀਨਿਆਂ ਬਾਅਦ ਮਤਲਬ ਕਿ ਜੁਲਾਈ 92 ਵਿਚ ਤਰੱਕੀ ਪਸੰਦ, ਅਵਾਮੀ ਤੇ ਗੈਰ-ਮਜ਼ਬੀ ਨਿਸ਼ਾਨਿਆਂ ਨੂੰ ਲੈ ਕੇ, 'ਚਿਰਾਗ' ਤਿਮਾਹੀ ਦੀ ਛਪਾਈ ਸ਼ੁਰੂ ਹੋਈ ਤਾਂ ਬਾਬੇ ਨਜਮੀਂ ਦੀ ਸ਼ਾਇਰੀ ਨੂੰ ਪੰਜਾਬੀ, ਪੜ੍ਹਿਆਰਾਂ ਸਾਹਮਣੇ ਪੇਸ਼ ਕਰਨ ਦੀ ਮਨਸ਼ਾ ਨਾਲ ਅਸੀਂ ਉਸ ਦੇ ਕਲਾਮ ਦੇ ਚੋਣਵੇਂ ਨਮੂੰਨੇ ਪੇਸ਼ ਕੀਤੇ ਤਾਂ ਸਾਡੇ ਭਾਰਤੀ ਪੰਜਾਬੀ ਪਾਠਕਾਂ ਨੇ ਇਸ ਸ਼ਾਇਰ ਦੇ ਕਲਾਮ ਨੂੰ ਬੇਹੱਦ ਪਸੰਦ ਕੀਤਾ ਅਤੇ ਜਦੋਂ ਬਾਬੇ ਨਜਮੀਂ ਦੀ ਉਹ ਨਜ਼ਮ ਜੋ ਉਸ ਨੇ ਵਜ਼ੀਰੇ-ਤਾਲੀਮ ਦੇ ਬਿਆਨ ਦੇ ਪ੍ਰਤੀਕਰਮ (Reaction) ਵਜੋਂ ਲਿਖੀ ਸੀ, ਚਿਰਾਗ ਦੇ ਜੁਲਾਈ ਸਤੰਬਰ 1995 ਦੇ ਸ਼ੁਮਾਰੇ ਵਿਚ ਛਾਇਆ ਹੋਈ ਅਤੇ ਚੜ੍ਹਦੇ ਪੰਜਾਬ ਦੇ ਵਜ਼ੀਰੇ-ਤਾਲੀਮ ਦੇ ਖਿਲਾਫ਼ ਕੀਤੇ ਗਏ ਮੁਜ਼ਾਰਿਆਂ ਤੇ ਇਕੱਠਾਂ ਵਿਚ ਪੜ੍ਹਕੇ ਸੁਣਾਈ ਗਈ ਤਾਂ ਬਾਬੇ ਨਜਮੀਂ ਦਾ ਨਾਂ ਏਧਰਲੇ ਅਵਾਮ ਤੀਕ ਪਹੁੰਚ ਗਿਆ। ਕਿਸੇ ਵੀ ਸ਼ਾਇਰ ਲਈ ਇਸ ਤਰ੍ਹਾਂ ਦੋਹਾਂ ਪੰਜਾਬਾਂ ਵਿਚ ਮਕਬੂਲ ਹੋ ਜਾਣਾ ਵੱਡੇ ਫ਼ਖ਼ਰ ਦੀ ਗੱਲ ਹੈ। ਉਸ ਨਜ਼ਮ ਦੇ ਕੁਝ ਮਿਸਰੇ ਸਨ।

ਨਿੰਦਿਆ ਮੇਰੀ ਮਾਂ ਬੋਲੀ ਦੀ ਕਰ ਕੇ ਤੂੰ
ਦਿੱਤੀ ਆਪਣੀ ਜ਼ਾਤ ਵਿਖਾ ਓਏ ਸ਼ੀਦੇ ਸ਼ਾਹ।
ਮੇਰਾ ਵਿਰਸਾ ਝੱਲਿਆ ਵਾਂਗ ਸਮੁੰਦਰ ਦੇ।
ਆਪਣੇ ਵਿਹੜੇ ਝਾਤੀ ਪਾ ਓਏ ਸ਼ੀਦੇ ਸ਼ਾਹ। (ਸੋਚਾਂ ਵਿਚ ਜਹਾਨ-79)

ਹਾਲੀ ਤੀਕ ਬਾਬੇ ਦੇ ਕਲਾਮ ਦੇ ਦੋ ਮਜਮੂਏ 'ਅੱਖਰਾਂ ਵਿਚ ਸਮੁੰਦਰ' (1988) 'ਤੇ ਸੋਚਾਂ ਵਿਚ ਜਹਾਨ' (1995) ਛਾਇਆ ਹੋਏ ਨੇ ਤੇ ਦੋਵਾਂ ਕਿਤਾਬਾਂ ਦੇ ਸਿਰ ਤੇ ਉਸ ਨੂੰ ਜੋ ਮਕਬੂਲੀਅਤ ਹਾਸਿਲ ਹੋਈ ਏ, ਇਹ ਕਈ ਸ਼ਾਇਰਾਂ ਨੂੰ ਆਪਣੀ ਹਯਾਤੀ ਵਿਚ ਕਈ ਕਈ ਕਿਤਾਬਾਂ ਛਾਪਣ ਦੇ ਬਾਅਦ ਵੀ ਨਸੀਬ ਨਹੀਂ ਹੁੰਦੀ। ਆਖਰ ਇਸ ਅਮਲ ਦੀ ਵਜ੍ਹਾ ਕੀ ਹੈ? ਅਤੇ ਏਸੇ ਇਕ ਸਵਾਲ ਦੇ ਜਵਾਬ ਵਿਚ ਉਸ ਦੀ ਮਕਬੂਲੀਅਤ ਦਾ ਰਾਜ਼ ਛੁਪਿਆ ਹੋਇਆ ਹੈ।

ਬਾਬਾ ਲੋਕਾਂ ਦਾ ਸ਼ਾਇਰ ਹੈ। ਉਹ ਗਰੀਬ ਦੁਖਿਆਰੇ, ਲਿਤਾੜੇ, ਕੁਚਲੇ ਹੋਏ ਅਤੇ ਹਰ ਜਗ੍ਹਾ ਦਬਾਏ ਤੇ ਲੁੱਟੇ ਜਾ ਰਹੇ ਅਵਾਮਾਂ ਦੀ ਜ਼ੁਬਾਨ ਬਣਦਾ ਹੈ। ਉਹ ਕਾਮਿਆਂ, ਦਿਹਾੜੀਦਾਰਾਂ, ਤੇ ਮੁਜ਼ਾਰਿਆਂ ਦੀ ਲੁੱਟ-ਖਸੁੱਟ ਤੇ ਦੁਸ਼ਵਾਰੀਆਂ ਦਾ ਜ਼ਿਕਰ ਬੜੀ ਜੁਰਅਤ ਤੇ ਬੇਬਾਕੀ ਨਾਲ ਕਰਦਾ ਹੈ। ਉਹ ਆਪਣੀ ਹਮਦਰਦੀ ਦਾ ਖੁੱਲ੍ਹ ਕੇ ਇਜ਼ਹਾਰ ਕਰਦਾ ਹੈ ਤੇ ਕਿਸੇ ਵੀ ਕਿਸਮ ਦੇ ਜਬਰ ਨੂੰ ਬਰਦਾਸ਼ਤ ਨਹੀਂ ਕਰਦਾ। ਸਾਥ ਸਾਥ ਉਹ ਇਸ ਇਜ਼ਹਾਰ ਨੂੰ ਸਰਲ, ਸੌਖੀ ਪਰ ਨੁਕਦਾਰ ਤੇ ਨਰੋਈ ਪੰਜਾਬੀ ਜ਼ੁਬਾਨ ਦੇ ਜ਼ਰੀਏ ਕਰਦਾ ਹੈ। ਇਸ ਪ੍ਰਸੰਗ (**Context**) ਵਿਚ ਉਹ ਚਿੱਲੀ ਦੇ ਕੌਮਾਂਤਰੀ ਤਰੱਕੀ-ਪਸੰਦ ਸ਼ਾਇਰ ਪਾਬਲੋ ਨੇਰੂਦਾ ਦੀ ਪਰਖ ਉੱਤੇ ਪੂਰਾ ਉਤਰਦਾ ਹੈ "ਕਵਿਤਾ (ਸ਼ਾਇਰੀ) ਗਰੀਬਾਂ ਦੀ ਆਵਾਜ਼ ਬਣੇਗੀ, ਅਨਪੜ੍ਹਾਂ ਦੀ ਵੀ, ਤਾਂ ਕਿ ਜੋ ਮਜ਼ਦੂਰੀ ਉਹਨਾਂ ਕੋਲੋਂ ਖੋਹੀ ਗਈ ਹੈ, ਵਾਪਸ ਲਈ ਜਾ ਸਕੇ"। (ਨੇਰੂਦਾ)

ਬਾਬਾ ਪਾਕਿਸਤਾਨੀ ਪੰਜਾਬ ਵਿਚ ਉਸਤਾਦ ਦਾਮਨ ਦੀ ਅਵਾਮੀਂ ਸ਼ਾਇਰੀ ਦੀ ਰਵਾਇਤ (Tradition) ਨੂੰ ਅੱਗੇ ਤੋਰ ਰਿਹਾ ਹੈ। ਅਤੇ ਨਾਲ ਦੇ ਨਾਲ ਉਹ ਉਰਦੂ ਦੇ ਮਰਹੂਮ ਅਵਾਮੀਂ ਸ਼ਾਇਰ ਹਬੀਬ ਜਾਲਿਬ ਦੀ ਜੁਰਅਤ-ਮੰਦ ਤੇ ਸਾਦਾ ਸਾਫ਼ ਤੇ ਸੁੱਚੀ ਸ਼ਾਇਰੀ ਦੀ ਰਵਾਇਤ ਤੋਂ ਬੇਹੱਦ ਮੁਤਾਸਰ ਸੀ। ਬਾਬਾ ਆਪਣੀਆਂ ਇਕ ਦੋ ਨਜ਼ਮਾਂ ਵਿਚ ਇਹਨਾਂ ਸ਼ਾਇਰਾਂ ਪ੍ਰਤੀ ਆਪਣੀ ਅਕੀਦਤ ਦਾ ਇਜ਼ਹਾਰ ਵੀ ਕਰਦਾ ਹੈ।

ਕੀਹਦੇ ਸਿਰ ਤੇ ਹੁਣ ਮੈਂ ਰੱਖਾਂ ਦਾਮਨ ਵਾਲੀ ਪੱਗ।
ਕੀਹਦੇ ਅੱਗੇ ਹੁਣ ਮੈਂ ਲਾਵਾਂ ਮਾਂ-ਬੋਲੀ ਦਾ ਵੱਗ।
ਵਿਚ ਮੈਦਾਨੇ ਗੱਜਣ ਵਾਲਾ 'ਦਾਮਨ' ਮਰਿਆ ਅੱਜ,
ਠਰਦੇ ਜੁੱਸਿਆਂ ਦੇ ਲਈ ਕਿਹੜਾ ਹੁਣ ਬਾਲੇਗਾ ਅੱਗ।
(ਅੱਖਰਾਂ ਵਿਚ ਸਮੁੰਦਰ-ਸਫ਼ਾ 88)

ਇਹ ਤਰ੍ਹਾਂ ਹੀ ਬਾਬਾ, ਹਬੀਬ ਜਾਲਿਬ ਦੀ ਮੌਤ ਤੇ ਅਫਸੋਸ ਜ਼ਾਹਿਰ ਕਰਦਾ ਕਹਿੰਦਾ ਹੈ:

ਕੌਣ ਕਰੇਗਾ ਖਰੀਆਂ ਗੱਲਾਂ ਤੇਰੇ ਬਾਅਦ।
ਸੁੱਕ ਨਾ ਜਾਵਣ ਹਰੀਆਂ ਵੱਲਾਂ ਤੇਰੇ ਬਾਅਦ।
ਬਾਲਾਂਗਾ ਮੈਂ ਦੀਵੇ 'ਜਾਲਿਬ' ਤੇਰੀ ਸਹੁੰ,
ਵਿਚ ਹਨੇਰੇ, ਵਿਚ ਖਡੱਲਾਂ ਤੇਰੇ ਬਾਅਦ।
ਤੇਰੇ ਵਰਗਾ ਇਕ ਵੀ ਸ਼ਹਿਰ 'ਚ ਦਿਸਦਾ ਨਹੀਂ।
'ਜਾਲਿਬ' ਜਿਸ ਦੇ ਨਾਲ ਮੈਂ ਗੱਲਾਂ ਤੇਰੇ ਬਾਅਦ।
**(ਸੋਚਾਂ ਵਿਚ ਜ਼ਹਾਨ, ਸਫ਼ਾ 183)**

ਸਾਫ਼ ਹੈ ਕਿ 'ਜਾਲਿਬ' ਤੇ 'ਦਾਮਨ' ਦੀ ਵਫ਼ਾਤ ਤੋਂ ਬਾਅਦ ਅਵਾਮੀਂ ਸ਼ਾਇਰੀ ਦੀ ਰਵਾਇਤ ਨੂੰ ਅੱਗੇ ਤੋਰਨ ਤੇ **Develop** ਕਰਨ ਦਾ ਕੰਮ ਬਾਬੇ ਨਜ਼ਮੀਂ ਵਰਗੇ ਜੁਰਅਤ-ਮੰਦ ਸ਼ਾਇਰਾਂ ਦੇ ਮੋਢਿਆਂ ਤੇ ਆ ਪਿਆ ਹੈ, ਅਤੇ ਉਹ ਇਹ ਜ਼ੁੰਮੇਵਾਰੀ ਬਾਖੂਬੀ ਸਿਰੇ ਚਾੜ੍ਹਨ ਦੇ ਕਾਬਿਲ ਹੈ। ਕਿਉਂਕਿ ਅਵਾਮ ਦੀ ਗੱਲ ਕਰਨ ਵਾਲੀ ਤੇ ਉਹਨਾਂ ਦਾ ਸਾਥ ਦੇਣ ਵਾਲੀ ਸ਼ਾਇਰੀ, ਹਕੂਮਤ ਦੇ ਕਹਿਰ ਦਾ ਸ਼ਿਕਾਰ ਹੁੰਦੀ ਹੈ ਤੇ ਕਵੀ ਨੂੰ ਅਕਸਰ ਹੀ ਜੇਲ੍ਹ-ਯਾਤਰਾ ਕਰਨੀ ਪੈਂਦੀ ਹੈ। ਪਰ ਅਵਾਮ ਦਾ ਸਾਥ ਦੇਣ ਵਾਲਾ ਸ਼ਾਇਰ ਕਦੇ ਚੁੱਪ ਨਹੀਂ ਰਹਿ ਸਕਦਾ। "ਏਤੀ ਮਾਰ ਪਈ



ਕੁਰਲਾਣੈ, ਤੈਂ ਕੀ ਦਰਦ ਨਾ ਆਇਆ" (ਗੁਰੂ ਨਾਨਕ) ਦੇ ਹਵਾਲੇ ਨਾਲ ਸ਼ਾਇਰ ਅਵਾਮ ਦੇ ਦਰਦ ਨੂੰ ਦਿਲਾਸਾ ਤੇ ਹੌਂਸਲਾ ਦਿੰਦਾ ਹੈ। ਜਰਮਨ ਕਵੀ ਤੇ ਨਾਟਕਕਾਰ ਬਰਤੋਲਤ ਬ੍ਰੈਖ਼ਤ ਕਹਿੰਦਾ ਹੈ:

"ਤੈਨੂੰ ਵੇਖ ਕੇ, ਚੰਗੇ ਲੋਕਾਂ ਦੀਆਂ ਅੱਖਾਂ ਹੈਰਾਨੀ ਤੇ ਚਮਕ ਨਾਲ ਭਰ ਜਾਂਦੀਆਂ ਹਨ ਤੇ ਬੁਰੇ ਲੋਕਾਂ ਦੀਆਂ ਅੱਖਾਂ ਦਹਿਸ਼ਤ ਨਾਲ। ਮੈਂ ਚਾਹਾਂਗਾ ਕਿ ਮੇਰੀ ਕਵਿਤਾ ਬਾਰੇ ਵੀ ਇਹੀ ਕਿਹਾ ਜਾਵੇ।" (ਬ੍ਰੈਖ਼ਤ)

ਬਾਬੇ ਦੀ ਸ਼ਾਇਰੀ ਦੇ ਮੁਤਾਲਿਆ (**Study**) ਤੋਂ ਬਾਅਦ ਇਹ ਗੱਲ ਸਾਫ਼ ਦਿਸ ਪੈਂਦੀ ਹੈ ਕਿ ਲੋਕਾਂ ਨਾਲ ਹਕੂਮਤ ਵੱਲੋਂ ਕੀਤੇ ਜਾਂਦੇ ਹਰ ਜਬਰ ਸਮੇਂ ਉਹ ਚੁੱਪ ਨਹੀਂ ਰਿਹਾ, ਸਗੋਂ ਖੁੱਲ੍ਹ ਕੇ ਬੋਲਿਆ ਹੈ। ਸੱਚੀ ਸ਼ਾਇਰੀ ਕਹਿਣ ਲਈ ਕਵੀ ਨੂੰ ਅਵਾਮ ਦਾ ਸਾਥ ਦੇਣਾ ਹੁੰਦਾ ਹੈ। ਇਸ ਦੇ ਵਾਸਤੇ ਦਲੇਰੀ ਤੇ ਕੁਰਬਾਨੀ ਦੀ ਜ਼ਰੂਰਤ ਪੈਂਦੀ ਹੈ।

ਬਾਬਾ ਪਾਕਿਸਤਾਨੀ ਅਵਾਮ ਦੇ ਦੁਸ਼ਮਣਾਂ ਨੂੰ ਖੂਬ ਪਛਾਣਦਾ ਹੈ। ਸਰਮਾਏਦਾਰ, ਜਾਗੀਰ-ਦਾਰ, ਫੌਜ, ਅਮਰੀਕੀ ਸਾਮਰਾਜ ਤੇ ਮਜ਼ਹਬੀ ਜਨੂੰਨੀ ਤੇ ਮੂਲਵਾਦੀ (**Fundamentalist**) ਅਵਾਮ ਦੇ ਵੱਡੇ ਦੁਸ਼ਮਣ ਹਨ। ਬਾਬੇ ਨੇ ਇਹਨਾਂ ਅਵਾਮ-ਦੁਸ਼ਮਣਾਂ ਦੀ ਸ਼ਨਾਖ਼ਤ ਕਰਕੇ ਇਹਨਾਂ ਦੇ ਬਰਖਿਲਾਫ਼ ਜਾਨਦਾਰ ਨਜ਼ਮਾ ਲਿਖੀਆਂ ਹਨ।

ਦੇਵੇ 'ਬੁਸ਼' ਬਹਾਦਰ ਜਿਹੜਾ
ਸਾਨੂੰ ਹੁਕਮ ਸੁਣਾਵੇ ਬੁੱਢਾ
ਭਰ ਕੇ ਛੱਜ ਪਤਾਸੇ ਵੰਡਾਂ
ਸਾਡੇ ਸਿਰ ਤੋਂ ਜਾਵੇ ਬੁੱਢਾ। (ਸੋਚਾਂ ਵਿਚ ਜਹਾਨ-ਸਫ਼ਾ-72)

ਅਤੇ

ਖੁੱਲ੍ਹ-ਮਖੁੱਲਾ ਕਿੰਝ ਫਿਰਾਂ
ਗਲ ਜ਼ੰਜੀਰ ਅਮਰੀਕਾ ਦੀ
ਮਿੱਟੀ ਕਰਕੇ ਛੱਡਾਂਗਾ
ਹਰ ਤਕਬੀਰ ਅਮਰੀਕਾ ਦੀ। (ਸਫ਼ਾ 158)

ਪਾਕਿਸਤਾਨ ਦੇ ਪੰਜਾਬੀ ਸੂਬੇ ਵਿਚ ਤਾਲੀਮ ਦਾ ਜ਼ਰੀਆ, ਪੰਜਾਬੀ ਨਹੀਂ, ਸਗੋਂ ਉਰਦੂ ਹੈ। ਪੰਜਾਬੀ ਜ਼ੁਬਾਨ ਲਈ ਇਸ ਦਾ ਬਣਦਾ ਹੱਕ ਮਨਵਾਣ ਲਈ ਪੰਜਾਬੀ ਅਦੀਬ ਤੇ ਦਾਨਸ਼ਵਰ ਪਿਛਲੇ ਪੰਜਾਹ ਸਾਲਾਂ ਤੋਂ ਜਦੋ-ਜਹਿਦ ਕਰਦੇ ਆ ਰਹੇ ਹਨ। ਪਰ ਪੰਜਾਬੀ ਵਿਰੋਧੀ-ਲਾਬੀ ਦੇ ਤਾਕਤਵਰ ਹੋਣ ਕਾਰਨ ਕਾਮਯਾਬੀ ਨਹੀਂ ਮਿਲ ਪਾ ਰਹੀ। ਪੰਜਾਬੀ ਜ਼ੁਬਾਨ ਦੀ ਗੱਲ ਕਰਨ ਵਾਲਿਆਂ ਦੀ ਵਤਨ-ਪ੍ਰਸਤੀ ਤੇ ਸ਼ੱਕ ਕੀਤਾ ਜਾ ਰਿਹਾ ਹੈ। ਬਾਬਾ ਵੀ ਪੰਜਾਬੀ ਦਾ ਵੱਡਾ ਸ਼ਾਇਰ ਹੀ ਨਹੀਂ, ਸਗੋਂ ਅਲਮ-ਬਰਦਾਰ ਵੀ ਹੈ। ਉਸ ਨੇ ਪੰਜਾਬੀ-ਹਿਮਾਇਤੀ ਤਹਿਰੀਕ ਦੇ ਹੱਕ ਵਿਚ ਨਜ਼ਮਾਂ ਲਿਖ ਕੇ ਵੀ ਰਚਨਾਤਮਿਕ (**Creative**) ਹਿੱਸਾ ਪਾਇਆ ਹੈ। ਉਸ ਦੇ ਦੋਵਾਂ ਮਜਮੂਇਆਂ ਵਿਚ ਅਜੇਹੀਆਂ ਕਈ ਨਜ਼ਮਾਂ ਹਨ।

ਅੱਖਰਾਂ ਵਿਚ ਸਮੁੰਦਰ ਰੱਖਾਂ ਮੈਂ ਇਕਬਾਲ ਪੰਜਾਬੀ ਦਾ
ਝੱਖੜਾਂ ਦੇ ਵਿਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ
ਜਿਹੜੇ ਆਖਣ ਵਿਚ ਪੰਜਾਬੀ ਵੁਅਸਤ ਨਹੀਂ, ਤਹਿਜ਼ੀਬ ਨਹੀਂ
ਪੜ੍ਹ ਕੇ ਵੇਖਣ, 'ਵਾਰਸ' ਬੁੱਲ੍ਹਾ, 'ਬਾਹੂ', 'ਲਾਲ' ਪੰਜਾਬੀ ਦਾ।

ਹੱਥ ਹਜ਼ਾਰਾਂ ਵਧ ਕੇ ਬਾਬਾ, ਘੁੱਟ ਦਿੰਦੇ ਨੇ ਮੇਰਾ ਮੂੰਹ ।
ਪਰ੍ਹਿਆਂ ਦੇ ਵਿਚ ਜਦ ਵੀ ਚੁਕਨਾ, ਕੋਈ ਸਵਾਲ ਪੰਜਾਬੀ ਦਾ ।
(ਅੱਖਰਾਂ ਵਿਚ ਸਮੁੰਦਰ-ਸਫ਼ਾ 32)

ਜਾਂ

ਸਦੀਆਂ ਤੀਕਰ ਮੇਰੇ ਕੋਲੋਂ ਮੁਕਣਾ ਨਹੀਂ ।
ਏਨਾ ਵਿਰਸਾ ਮੇਰੇ ਕੋਲ ਪੰਜਾਬੀ ਦਾ ।
ਮਾਂ ਬੋਲੀ ਨੂੰ ਬੋਲਣ ਲੱਗਾ ਸੰਗਾਂ ਕਿਉਂ,
ਪਾਇਆ ਤੇ ਨਈਂ 'ਬਾਬਾ' ਖੋਲ ਪੰਜਾਬੀ ਦਾ ।

ਜਾਂ

ਉੱਚਾ ਕਰਨ ਲਈ ਆਪਣਾ ਸ਼ਮਲਾ, ਮੈਂ ਪੰਜਾਬੀ ਲਿਖਦਾ ਨਹੀਂ,
ਮਾਂ ਬੋਲੀ ਦੇ ਹੱਕ ਦੀ ਖਾਤਰ ਲੋਕਾਂ ਅੱਗੇ ਡਟਿਆ ਵਾਂ ।
(ਅੱਖਰਾਂ ਵਿਚ ਸਮੁੰਦਰ-65)

ਬਾਬਾ ਨਜਮੀਂ ਆਰਟ ਦੀ ਸਮਾਜਕ ਜ਼ੁੰਮੇਵਾਰੀ (Social function of art) ਬਾਰੇ ਪੂਰੀ ਤਰ੍ਹਾਂ ਚੇਕਸ ਹੈ ਤੇ ਉਹ ਸਾਰੇ ਰਾਜਸੀ ਵਰਤਾਰਿਆਂ (Processes) ਘਟਨਾਵਾਂ, ਵਿਅਕਤੀਆਂ ਹਾਕਮਾਂ, ਦੋਸਤਾਂ ਤੇ ਦੁਸ਼ਮਣਾਂ ਨੂੰ ਏਸੇ ਨਜ਼ਰੀਏ ਦੇ ਅਨੁਸਾਰ ਜਾਚਦਾ ਪਰਖਦਾ ਹੈ । ਉਸ ਦੀ ਸ਼ਾਇਰੀ ਮਨ-ਪਰਚਾਵੇ ਦਾ ਵਸੀਲਾ ਨਹੀਂ, ਤੇ ਨਾ ਹੀ ਹਲਕੇ ਸ਼ੁਗਲ ਦਾ ਬਹਾਨਾ । ਉਸ ਦੀ ਕਲਮ ਹੱਕ ਸੱਚ ਦੇ ਪੱਖ ਵਿਚ ਤੇ ਲੁੱਟ-ਖਸੁੱਟ ਅਤੇ ਜਬਰ-ਜ਼ੁਲਮ ਤੇ ਤਸ਼ੱਦਦ ਦੇ ਬਰਖਿਲਾਫ਼ ਚਲਦੀ ਹੈ । ਇਹ ਸ਼ਾਇਰੀ ਤਰਫਤਾਰੀ ਦੀ ਸ਼ਾਇਰੀ ਹੈ ਤੇ ਵਚਨ-ਬੱਧਤਾ (Commitment) ਦੀ ਪੈਦਾਵਾਰ ਹੈ । ਅੱਜ ਦੇ ਦੌਰ ਵਿਚ ਕੋਈ ਫਨਕਾਰ ਨਿਰਪੱਖ (Neutral) ਨਹੀਂ ਰਹਿ ਸਕਦਾ । ਬਾਬਾ ਖ਼ੁਦ ਵੀ ਆਪਣੀ ਸ਼ਾਇਰੀ ਦੇ ਇਸ ਖਾਸੇ ਬਾਰੇ ਸੁਚੇਤ ਅਥਵਾ ਚੇਤੰਨ ਹੈ ।

ਸੂਲੀ ਚਾੜ੍ਹ ਤੇ ਭਾਵੇਂ ਚਮੜੀ ਲਾਹ ਦੇਵੀਂ ।
ਜ਼ੁਲਮਾਂ ਅੱਗੇ ਚੁੱਪ ਰਹਿਣ ਦਾ ਆਦੀ ਨਈਂ । (ਅੱਖਰਾਂ ਵਿਚ ਸਮੁੰਦਰ-109)
ਪੱਥਰ ਨੂੰ ਮੈਂ ਸ਼ੀਸ਼ਾ ਕਿਸਰਾਂ ਲਿਖ ਦੇਵਾਂ ।
ਝੂਠੇ ਨੂੰ ਮੈਂ ਸੱਚਾ ਕਿਸਰਾਂ ਲਿਖ ਦੇਵਾਂ ।
ਮੇਰੀ ਸੋਚ ਅਵਾਮੀਂ ਤੇਰਾ ਕਿੰਝ ਕਸੀਦਾ ਲਿਖਾਂ ਮੈਂ,
ਮੇਰੇ ਜਹੇ ਫ਼ਨਕਾਰ ਨਈਂ ਆਉਂਦੇ ਜਾਗੀਰਾਂ ਦੇ ਚੱਕਰ ਵਿਚ । (140)
ਮੇਰੇ ਸ਼ਿਅਰਾਂ ਵਿਚ ਹੱਯਾਤੀ ਲੋਕਾਂ ਦੀ ।
ਮੇਰੀ ਸ਼ਾਇਰੀ ਮਸਲੇ ਵੀ ਹੱਲ ਕਰਦੀ ਏ ।

ਤਰੱਕੀ-ਪਸੰਦ ਸ਼ਾਇਰੀ ਮਸਲਿਆਂ ਦੀ ਗੰਭੀਰਤਾ ਵੱਲ ਸ਼ਾਇਰਾਨਾ ਅੰਦਾਜ਼ ਵਿਚ ਸੰਕੇਤ ਤੇ ਇਸ਼ਾਰਾ ਕਰਦੀ ਹੈ ਤਾਂ ਕਿ ਅਵਾਮ ਦੀ ਜ਼ਿੰਦਗੀ ਨਾਲ ਜੁੜੇ ਇਹਨਾਂ ਮਸਲਿਆਂ ਦੇ ਹੱਲ ਲਈ ਜਾਗ੍ਰਿਤੀ (Enlightenment) ਪੈਦਾ ਕੀਤੀ ਜਾ ਸਕੇ ।

ਬਾਬਾ ਮੁੱਖ ਤੌਰ ਤੇ ਸਿਆਸੀ ਸ਼ਾਇਰ ਹੈ । ਉਸ ਦੀ ਲਿਖਤ ਦਾ ਘੇਰਾ ਬੜਾ ਵਿਸ਼ਾਲ ਹੈ । ਉਹ ਸਮਾਜ ਵਿਚ ਫੈਲੀ ਜਮਾਤੀ-ਵੰਡ ਤੋਂ ਰੂ-ਸ਼ਨਾਸ ਹੈ । ਅਵਾਮ ਦੇ ਹੱਕ ਵਿਚ ਖਲੋਣ ਦੀ ਕੋਸ਼ਿਸ਼



ਕਰਦਾ ਉਹ ਸਿਆਸੀ-ਇਕਤਸਾਦੀ ਪਾਲਸੀਆਂ ਦੀ ਤਿੱਖੀ ਨੁਕਤਾਚੀਨੀ ਕਰਦਾ ਹੈ । ਉਹ ਬਦਮਾਸ਼ ਤਾਨ ਸ਼ਾਹ (Despotic) ਲੀਡਰਾਂ ਨੂੰ ਵੀ ਬਖ਼ਸ਼ਦਾ ਨਹੀਂ । ਪਾਕਿਸਤਾਨੀ ਅਵਾਮ ਲਈ ਜਮਹੂਰੀ ਹਕੂਕ ਦਾ ਮਸਲਾ ਬਹੁਤ ਗੰਭੀਰ ਰਿਹਾ ਹੈ । ਬਾਰ ਬਾਰ ਫੌਜੀ ਰਾਜ ਦੀ ਕਾਇਮੀ ਨਾਲ ਉਥੇ ਜਮਹੂਰੀ ਰਵਾਇਤਾਂ ਮਜ਼ਬੂਤੀ ਨਾਲ ਜੜ੍ਹ ਨਹੀਂ ਪਕੜ ਸਕੀਆਂ । ਨਤੀਜੇ ਵਜੋਂ ਪ੍ਰੈਸ ਦੀ ਆਜ਼ਾਦੀ ਦਾ ਬਾਰ ਬਾਰ ਗਲਾ ਘੁੱਟਿਆ ਜਾਂਦਾ ਰਿਹਾ ਹੈ । ਸ਼ਾਇਦ ਏਸੇ ਜਮਹੂਰੀ ਆਜ਼ਾਦੀ ਲਈ ਆਵਾਜ਼ ਉਠਾਉਣ ਕਾਰਨ ਬਾਬਾ ਪੀਪਲਜ਼ ਪਾਰਟੀ ਦੀ ਆਗੂ ਬੇਨਜ਼ੀਰ ਭੁਟੋ ਤੇ ਉਸ ਦੇ ਪ੍ਰੀਵਾਰ ਦੀ ਸਿਫਤ ਕਰਦੀਆਂ ਨਜ਼ਮਾਂ ਲਿਖਦਾ ਆਪਣੀ ਰਾਜਸੀ ਤਰਫਦਾਰੀ ਨੂੰ ਸਪਸ਼ਟ ਕਰਦਾ ਹੈ । ਪਰ ਜਦੋਂ ਭੁੱਟੋ ਸਰਕਾਰ ਵੀ ਲੋਕਾਂ ਉੱਤੇ ਜ਼ਬਰ ਕਰਦੀ ਹੈ ਜਾਂ ਲੋਕਾਂ ਦੀਆਂ ਉਮੀਦਾਂ ਤੇ ਪੂਰਾ ਨਹੀਂ ਉਤਰਦੀ ਤਾਂ ਸ਼ਾਇਰ ਐਸੀ ਸਰਕਾਰ ਦੇ ਵਿਰੁੱਧ ਬੋਲਣ ਲੱਗਿਆਂ ਝਿਜਕਦਾ ਨਹੀਂ । ਸ਼ਹਿਰੀ ਆਜ਼ਾਦੀਆਂ ਦਾ ਸਵਾਲ ਪਾਕਿਸਤਾਨੀ ਅਵਾਮ ਲਈ ਸਦਾ ਹੀ ਮੁੱਖ ਮੁਦਾਅ ਰਹਿਣ ਕਾਰਨ ਬਾਬੇ ਨੇ 'ਅੱਖਾਂ ਵਿਚ ਜਹਾਨ' ਮਜਮੂਏ ਵਿਚ ਕਾਫੀ ਸਿਆਸੀ ਨਜ਼ਮਾਂ ਕਹੀਆਂ ਹਨ । ਉਸ ਦੀ ਸਿਆਸੀ ਸੋਚ ਕਈ ਜਗ੍ਹਾ ਟਪਲਾ ਵੀ ਖਾ ਜਾਂਦੀ ਹੈ, ਪਰ ਉਸ ਦੀ ਸ਼ਾਇਰੀ ਹਮੇਸ਼ਾਂ ਆਵਾਮ ਦੇ ਹੱਕ ਵਿਚ ਖਲੋਂਦੀ ਹੈ । ਸਿਆਸੀ ਵਿਚਾਰਾਂ ਅਤੇ ਇਹਨਾਂ ਦਾ ਤਖਲੀਕੀ ਪੱਧਰ ਤੇ ਬਿਆਨ ਕਈ ਵਾਰ ਆਪੋ ਵਿਚ ਟੱਕਰਾ ਜਾਂਦਾ ਹੈ, ਪਰ ਤਖਲੀਕੀ ਲਿਖਤਾਂ ਵਿਚ ਉਹ ਨਿਝੱਕ ਹੋ ਕੇ ਅਵਾਮ ਦੇ ਹੱਕਾਂ ਲਈ ਆਵਾਜ ਉਠਾਉਂਦਾ ਹੈ । ਬਾਬਾ ਮਜ਼ਦੂਰ ਜਮਾਤ ਦੀ ਤੇ ਸਰਮਾਏਦਾਰ ਜਮਾਤਾਂ ਦੀ ਸਿਆਸਤ ਵਿਚ ਫਰਕ ਨਹੀਂ ਕਰਦਾ । ਉਸ ਨੂੰ ਸਭ ਸਿਆਸਤਦਾਨ ਬੇਈਮਾਨ ਨਜ਼ਰ ਆਉਂਦੇ ਹੈ । ਉਸ ਨੂੰ ਸ਼ਾਇਦ ਇਸ ਗੱਲ ਦਾ ਇਲਮ ਨਹੀਂ ਕਿ ਸਿਆਸਤ, ਇਕਤਸਾਦੀ ਸਵਾਰਥਾਂ ਉੱਤੇ ਨਿਰਭਰ ਹੁੰਦੀ ਹੈ । ਇਸ ਕਮਜ਼ੋਰੀ ਦਾ ਕਾਰਨ ਸ਼ਾਇਦ ਇਹ ਹੋਵੇ ਕਿ ਪਾਕਿਸਤਾਨ ਵਿਚ ਜਮਹੂਰੀ ਲਹਿਰ ਤੇ ਬਾਏਂ ਬਾਜ਼ੂ ਦੀਆਂ ਤਾਕਤਾਂ ਬਹੁਤ ਕਮਜ਼ੋਰ ਹਨ ।

ਦੱਸਾਂ ਕੀ ਮੈਂ ਹਾਲ ਸਿਆਸਤਦਾਨਾਂ ਦਾ ।
ਕਿਬਲਾ ਕਾਹਬਾ ਮਾਲ ਸਿਆਸਤਦਾਨਾਂ ਦਾ ।
ਅੱਪੜ ਜਾਵਣ ਜਿਸ ਦਿਨ ਵਿਚ ਅਸੈਂਬਲੀ ਦੇ.
ਤੱਕਣਾ ਫੇਰ ਜਲਾਲ ਸਿਆਸਤਦਾਨਾਂ ਦਾ ।
ਅਸੀਂ ਆਂ ਭੋਲੇ ਪੰਛੀ ਫਸਣਾ ਫੇਰ ਅਸਾਂ,
ਲੱਗਾ ਫੇਰ ਏ ਜਾਲ ਸਿਆਸਤਦਾਨਾਂ ਦਾ । (ਸੋਚਾਂ ਵਿਚ ਜਹਾਨ-ਸਫ਼ਾ 150)

ਦੂਸਰੀ ਤਰਫ਼ ਸ਼ਾਇਰ ਮਿਸਿਜ਼ ਬੇਨਜ਼ੀਰ ਦੇ ਘਰ ਪੁੱਤਰ ਹੋਣ ਦੀ ਵਧਾਈ ਦਿੰਦਾ ਹੈ । ਨਾਲ ਹੀ 'ਅੱਖਰਾਂ ਵਿਚ ਸਮੁੰਦਰ' ਕਿਤਾਬ ਵਿਚ ਬਾਬਾ ਲਿਖਦਾ ਹੈ ।

ਅਸੀਂ ਆਂ ਤੇਰੇ ਨਾਲ ਨੀ ਭੈਣਾਂ, ਅਸੀਂ ਆਂ ਤੇਰੇ ਨਾਲ ।
ਸਾਡੇ ਹੁੰਦਿਆਂ ਹੋ ਨਹੀਂ ਸਕਦਾ ਤੇਰਾ ਵਿੰਗਾ ਵਾਲ ।
(ਅੱਖਰਾਂ ਵਿਚ ਸਮੁੰਦਰ-ਸਫ਼ਾ 115)

ਸਿਆਸੀ ਸ਼ਊਰ ਦੀ ਕਿਸੇ ਹੱਦ ਤੀਕ ਘਾਟ ਕਾਰਨ ਉਹ ਕਦੇ ਹਾਕਮ ਜਮਾਤਾਂ ਦੇ ਸਿਆਸੀ ਰਾਹਨੁਮਾਵਾਂ ਦੀ ਸਿਫਤ ਕਰ ਜਾਂਦਾ ਹੈ, ਪਰ ਕਦੇ ਅਵਾਮ ਦੁਸ਼ਮਣ ਨੀਤੀਆਂ ਦਾ ਵਿਰੋਧ ਤੇ ਨੁਕਤਾ ਚੀਨੀ ਕਰਦਾ ਉਹ ਜੰਤਾਂ ਦੇ ਨਾਲ ਖਲੋਂਦਾ ਹੈ । ਅਸਲ ਵਿਚ ਉਹ ਜਮਹੂਰੀ ਜਦੋਜਹਿਦ ਵਿਚ ਸਪੱਸ਼ਟ ਭਾਂਤ (Revolutionary Democrat) ਵਾਂਗ ਦਿਰੜ ਜਦੋ ਜਹਿਦ ਵਿਚ ਨਹੀਂ

ਪੈਂਦਾ ਤੇ ਲਗਾਤਾਰ (Consistancy) ਲੜਾਈ ਦੀ ਜਿੱਤ ਤੀਕ ਨਹੀਂ ਜਾਂਦਾ। ਏਥੇ ਵੀ ਕਸੂਰ ਬਾਬੇ ਦੇ ਸਿਆਸੀ ਸ਼ਊਰ ਦਾ ਏਨਾ ਨਹੀਂ, ਜਿੰਨਾ ਇਸ ਦੌਰ ਦੀ ਜਮਹੂਰੀ ਲਹਿਰ ਦੀ ਕਮਜ਼ੋਰੀ ਦਾ ਹੈ। ਜਿਵੇਂ ਜਿਵੇਂ ਪਾਕਿਸਤਾਨ ਵਿਚ ਜਮਹੂਰੀ ਜਦੋਜਹਿਦ ਮਜ਼ਬੂਤ ਤੇ ਵਸੀਹ ਹੋਵੇਗੀ, ਨਾਲ ਨਾਲ ਇਸ ਦਾ ਅਦਬ ਤੇ ਹੋਰ Arts ਵਿਚ ਇਸ ਦਾ ਇਜ਼ਹਾਰ ਵੀ ਹੋਵੇਗਾ।

ਬਹੁਤ ਸਾਰੇ ਅਵਾਮੀ ਮੁੱਦਿਆਂ ਤੇ ਉਸ ਦੀ ਪਹੁੰਚ (Approach) ਸੈਕਲਰ ਤੇ ਤਰੱਕੀ ਪਸੰਦ ਹੈ। ਬਾਬਾ ਭਾਰਤ-ਪਾਕ ਦੋਸਤੀ ਦਾ ਹਾਮੀ ਹੈ ਤੇ ਉਹ ਕਸ਼ਮੀਰ ਵਰਗੇ ਨਾਜ਼ਕ (Sensitive) ਮਸਲੇ ਬਾਰੇ ਛਾਵਨ ਵਾਦ (Chavinism) ਦਾ ਸ਼ਿਕਾਰ ਨਹੀਂ ਹੁੰਦਾ, ਜਦ ਕਿ ਕਈ ਸਾਧਾਰਨ ਕਵੀ ਅਜੇਹੇ ਮੁੱਦਿਆਂ ਤੇ ਆਮ ਤੌਰ ਤੇ ਹਾਕਮ-ਜਮਾਤਾਂ ਦੇ ਸਵਾਰਥੀ ਪਰਚਾਰ ਦਾ ਸ਼ਿਕਾਰ ਹੋ ਜ਼ਾਂਦੇ ਹਨ।

ਵਿਚ ਸਿਆਸੀ ਪਰ੍ਹਿਆ ਖਾ ਕ ਹਾਰ ਮੀਆਂ।
ਤੈਨੂੰ ਹੋਈਆਂ ਪੀੜਾਂ ਹੁਣ ਕਸ਼ਮੀਰ ਦੀਆਂ। (ਸੋਚਾਂ ਵਿਚ ਜਹਾਨ-ਸਫ਼ਾ-152)

ਉਸ ਦੀ ਸਿਆਸੀ ਸ਼ਾਇਰੀ ਸਟੇਜੀ ਪੱਧਰ ਦੀ ਹੈ। ਸਿਆਸੀ ਮਸਲਿਆਂ ਤੇ ਲਿਖਦੇ ਹੋਏ ਅਕਸਰ ਸ਼ਾਇਰ ਪ੍ਰਾਪੇਗੰਡਾ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਉਹ ਹੁਸਨ-ਕਾਰੀ (Easthetics) ਦੇ ਮਿਆਰਾਂ ਵੱਲੋਂ ਲਾਪ੍ਰਵਾਹ ਰਹਿੰਦੇ ਹਨ। ਮੂਲ ਮੁੱਦਾ ਸਮਾਜੀ ਸਿਆਸੀ ਘਟਨਾਵਾਂ ਤੇ ਪਾਲਸੀਆਂ ਸ਼ਾਇਰਾਨਾਂ ਅੰਦਾਜ਼ ਵਿਚ ਪੇਸ਼ ਕਰਦੇ ਹੋਏ (Peotic Image) ਦੇ ਤਹਿਤ ਬਾਤ ਕਰਨ ਦੀ ਹੈ। ਪਰ ਕਈ ਵਾਰ ਬਾਬਾ ਸਤੱਈ ਇਕ ਪਾਸੜ, ਫਲੈਟ ਜਾਂ ਸਟੇਟ ਮੈਂਟਲ (Statemental) ਹੋ ਜਾਂਦਾ ਹੈ। ਐਸੀ ਹਾਲਤ ਵਿਚ ਸ਼ਾਇਰ ਦੇ ਫ਼ਨ ਉੱਤੇ ਪਰਚਾਰ ਦਾ ਇਲਜ਼ਾਮ ਲੱਗਣਾ ਗੈਰ-ਕੁਦਰਤੀ ਨਹੀਂ ਹੁੰਦਾ।

ਜਿਸ ਧਰਤੀ ਤੇ ਰੱਜਵਾਂ ਟੁੱਕਰ ਖਾਂਦੇ ਨਹੀਂ ਮਜ਼ਦੂਰ।
ਉਸ ਧਰਤੀ ਦੇ ਹਾਕਮ ਕੁੱਤੇ, ਉਸ ਦੇ ਹਾਕਮ ਸੂਰ।
(ਸੋਚਾਂ ਵਿਚ ਜਹਾਨ-ਸਫ਼ਾ-113)

ਆਪਣੀਆਂ ਗਜ਼ਲਾਂ ਦੇ ਕਾਫੀ ਸ਼ਿਅਰਾਂ ਵਿਚ ਤੇ ਆਜ਼ਾਦ ਨਜ਼ਮਾਂ ਕਿਤੇ ਕਿਤੇ ਉਹ ਪ੍ਰਤੀਕ (Symbol) ਦੇ ਜ਼ਰੀਏ ਗੱਲ ਕਰਦਾ ਹੈ। ਸੱਪ ਦੇ ਰਦੀਫ਼ ਵਾਲੀ ਗ਼ਜ਼ਲ ਅਤੇ ਗੁੱਗਾ ਪੀਰ (ਸੋਚਾਂ ਵਿਚ ਜਹਾਨ) ਇਸ ਦੇ ਖ਼ੂਬਸੂਰਤ ਨਮੂਨੇ ਹਨ। ਸੰਕੇਤ (Symbol) ਡੂੰਘੇ ਅਰਥਾਂ ਤੇ ਸੁਝਾਊ (Suggestiveness) ਸ਼ਕਤੀ ਕਾਰਨ ਅਤੇ ਸੰਖੇਪਤਾ (Brevity) ਦੇ ਨਾਲ ਨਾਲ ਰਾਜਸੀ ਮਨੋਰਥ ਨੂੰ ਜ਼ਾਹਰ ਕਰਦੀਆਂ ਇਹ ਤੇ ਇਸ ਤਰ੍ਹਾਂ ਦੀਆਂ ਹੋਰ ਕਈ ਨਜ਼ਮਾਂ ਰੂਪ (form) ਤੇ ਵਿਸ਼ੇ (Content) ਦੇ ਸੁਮੇਲ (Harmony) ਕਾਰਨ ਫ਼ਨ ਦਾ ਖ਼ੂਬਸੂਰਤ ਨਮੂਨਾ ਹੈ। ਇਕ ਮਿਸਾਲ ਪੇਸ਼ ਹੈ।

**ਗੁੱਗਾ ਪੀਰ**

ਕਿਸਰਾਂ ਬਦਲਾਂ ਆਪਣੇ ਲੇਖ ?
ਮੇਰੇ ਆਲ-ਦੁਵਾਲੇ ਵੇਖ
ਬਰੀ, ਬਹਿਰੀ ਨਾਂਗਾਂ ਕਿਧਰੇ,
ਉਡਣੇ ਸੱਪਾਂ ਘੇਰਾ ਪਾਇਆ
ਗੁੱਗਾ ਪੀਰ ਇਹਨਾਂ ਦਾ ਬਾਬਾ



ਵਿਚ ਇਸਲਾਮਾਬਾਦ ਏ ਜਿਹੜਾ
ਸਾਡੇ ਕੁੱਲ ਖ਼ਜ਼ਾਨੇ ਉੱਤੇ
ਮਾਰ ਪਥੱਲਾ ਬੈਠਾ ਹੋਇਆ
ਸੱਪਾਂ ਮੀਤ ਕਦੇ ਨਹੀਂ ਬਣਨਾ
ਕੋਈ ਵੀ ਸੁਰ-ਸੰਗੀਤ ਨਈਂ ਬਣਨਾ
ਜਿੰਨਾ ਤੀਕਰ ਸੱਪ ਨਾ ਮਿੱਧੇ
ਪੈ ਨਹੀਂ ਸਕਦੇ ਕਿਕਲੀ ਗਿੱਧੇ। (ਸੋਚਾਂ ਵਿਚ ਜਹਾਨ-ਸਫ਼ਾ 70)

ਬਾਬੇ ਦੀ ਸ਼ਾਇਰੀ ਬਹੁਤ ਪੱਖਾਂ ਤੋਂ ਨਿਆਰੀ ਤੇ ਮੌਲਿਕ (Original) ਹੈ। ਹਾਲ ਦੀ ਘੜੀ ਸਾਰੇ ਪੱਖਾਂ ਦਾ ਵਿਸ਼ਲੇਸ਼ਣ (Analesis) ਅਤੇ ਮੁਲਾਂਕਣ ਕਰਨਾ (Evaluation) ਕਰਨਾ ਮੁਮਕਿਨ ਨਹੀਂ।

ਫੇਰ ਵੀ ਪਾਕਿਸਤਾਨੀ ਅਵਾਮ ਦੇ ਮੁੱਖ ਦੁਸ਼ਮਣਾਂ ਵਿਚ ਸ਼ਕਤੀਸ਼ਾਲੀ ਦੁਸ਼ਮਣ, ਜਾਗੀਰਦਾਰ ਤਬਕਾ ਸ਼ਾਇਰ ਦੇ ਹਮਲੇ ਦਾ ਨਿਸ਼ਾਨਾ ਬਣਦਾ ਹੈ। ਪ੍ਰਬੰਧ ਵਿਚ ਖੇਤ-ਮਜ਼ਦੂਰ, ਮੁਜ਼ਾਰੇ ਤੇ ਦਿਹਾੜੀਦਾਰ ਦੀ ਲੁੱਟ ਤੇ ਦਮਨ (Repression) ਉਸ ਦੀ ਸ਼ਾਇਰੀ ਵਿਚ ਪਹਿਲੀ ਵਾਰ ਪੇਸ਼ ਹੋਇਆ ਹੈ, ਜਿਹੜਾ ਉਸ ਦੇ ਸਮਕਾਲੀ (Contemporary) ਸ਼ਾਇਰਾਂ ਦੇ ਕਲਾਮ ਵਿਚ ਗੈਰ ਹਾਜ਼ਰ ਹੈ।

ਸਵਾਲ :

ਇਕੋ ਤੇਰਾ ਮਰਾ ਪਿਓ
ਇਕੋ ਤੇਰੀ ਮੇਰੀ ਮਾਂ
ਇਕੋ ਜ਼ਾਡੀ ਜੰਮਣ ਭੋਂ
ਤੂੰ ਸਰਦਾਰ, ਮੈਂ ਕੰਮੀ ਕਿਉਂ ? (ਅੱਖਰਾਂ ਵਿਚ ਸਮੁੰਦਰ-ਸਫ਼ਾ 40)

ਜਾਂ

ਅੱਖਾਂ ਬੱਧੇ ਢੱਗੇ ਵਾਂਗੂੰ ਗੇੜਾਂ ਮੈਂ ਤੇ ਖੂਹ ਬਾਬਾ
ਮਾਲਕ ਜਾਣੇ ਖੂਹ ਦਾ ਪਾਣੀ ਜਾਵੇ ਕਿਹੜੀ ਜੂਹ ਬਾਬਾ। (ਸਫ਼ਾ-111)
ਸਾਡੇ ਵਿਚ ਕਮੀ ਇਹ ਕਿਹੜੀ ਸਾਨੂੰ ਆਖੋ ਕੰਮੀ
ਸਾਡੇ ਨਾਲ ਖਲੋ ਕੇ ਵੇਖਣ, ਰਾਜੇ, ਚੀਮੇਂ, ਚੱਠੇ। (ਸਫ਼ਾ-24)
ਅਗਲੀ ਵਾਰ ਭੜੋਲੇ ਸੱਖਣੇ ਦੇਖੇਂਗਾ
ਹੁਣ ਵੀ ਜੇ ਨਾ ਮਿਲਿਆ ਹੱਕ ਮੁਜ਼ਾਰੇ ਨੂੰ। (ਸੋਚਾਂ ਵਿਚ ਜਹਾਨ-ਸਫ਼ਾ 23)

'ਦਿਹਾੜੀਦਾਰ ਤੇ ਕੰਮੀ' ਵੀ ਏਸੇ ਵਿਸ਼ੇ ਨਾਲ ਸਬੰਧਤ ਨਜ਼ਮਾਂ ਹਨ। 'ਜੁਰਮ' ਨਜ਼ਮ ਇਸ ਗ਼ਰੀਬੀ, ਜ਼ਿੱਲਤ ਦੇ ਬਰਖਿਲਾਫ ਬਗਾਵਤ ਦਾ ਸੱਦਾ ਦਿੰਦੀ ਹੈ ਤੇ ਉਹਨਾਂ ਸਮਕਾਲੀ ਸ਼ਾਇਰਾਂ ਨੂੰ ਕੋਸਦੀ ਹੈ, ਜਿਹੜੇ ਲਿਤਾੜੇ ਲੋਕਾਂ ਦੇ ਹੱਕ ਵਿਚ ਨਹੀਂ ਲਿਖਦੇ। ਨਾਲ ਦੀ ਨਾਲ ਬਾਬੇ ਦੀ ਸਿਫ਼ਤ ਇਹ ਹੈ ਕਿ ਉਹ ਇਨ੍ਹਾਂ ਹਾਲਤਾਂ ਦੇ ਵਿਰੁੱਧ ਲੜਨ, ਮਰਨ ਤੇ ਇਕੱਠੇ ਹੋਣ ਦਾ ਪੈਗਾਮ ਦਿੰਦਾ ਹੈ।

ਜਦ ਤੀਕਰ ਨਾ ਸਿਰ ਤੇ ਬੱਧਾ ਲਾਲ ਰੁਮਾਲ
ਓਨਾ ਚਿਰ ਨਹੀਂ ਚੁਕਿਆ ਜਾਣਾ ਕਾਲਾ ਜਾਲ। (ਅੱਖਰਾਂ ਵਿਚ ਸਮੁੰਦਰ 59)

ਬਾਬੇ ਦੀ ਸੋਚ ਦਾ ਘੇਰਾ ਰੰਗ, ਨਸਲ ਤੇ ਮਜ਼ਹਬ ਦੀਆਂ ਤੰਗ ਵਲਗਣਾਂ ਤੋਂ ਪਰੇ ਹੈ।

ਉਹ ਇਨਸਾਨ ਦੋਸਤੀ ਦਾ ਹਾਮੀ ਹੈ ਤੇ ਇਨਸਾਨੀਅਤ ਦੇ ਰੋਸ਼ਨ ਮੁਸਤਕਬਿਲ ਵਿਚ ਯਕੀਨ ਰੱਖਦਾ ਹੈ। ਉਸ ਦਾ ਇਨਸਾਨੀ ਅਜ਼ਮਤ ਤੇ ਜਦੋ ਜਹਿਦ ਵਿਚ ਵਿਸ਼ਵਾਸ਼ ਹੈ :

ਇਸ ਧਰਤੀ ਤੇ ਜਿਥੇ ਜਿਥੇ ਲੜਦੇ ਪਏ ਨੇ ਲੋਕ
ਆਪਣਾ ਜੁੱਸਾ ਵੇਖਾਂ ਬਾਬਾ ਹਰ ਥਾਂ ਲਹੂ-ਲੁਹਾਨ। (ਅੱਖਰਾਂ ਵਿਚ ਸਮੁੰਦਰ 58)
ਏਹੋ ਜਿਹਾ ਦਸਤੂਰ ਬਣਾਈਏ ਹੱਕ ਕਿਸੇ ਦਾ ਖੁੱਸੇ ਨਾ
ਇਸ ਧਰਤੀ ਦਾ ਕੋਈ ਵੀ ਬੰਦਾ ਇਕ ਦੂਜੇ ਤੋਂ ਰੁੱਸੇ ਨਾ। (ਸਫਾ 132)

ਬਾਬਾ ਨਜਮੀਂ ਦੇ ਪਹਿਲੇ ਮਜਮੂਏ ਵਿਚ ਗ਼ਜ਼ਲਾਂ ਵਧੇਰੇ ਹਨ ਤੇ ਨਜ਼ਮਾਂ ਬਰਾਏ ਨਾਮ। ਉਹ ਫਾਰਸੀ ਅਰਬੀ ਦੀਆਂ ਮੁਸ਼ਕਿਲ ਬਹਿਰਾਂ ਦਾ ਇਸਤੇਮਾਲ ਨਹੀਂ ਕਰਦਾ। ਉਸ ਦੀਆਂ ਬਹਿਰਾਂ ਪੰਜਾਬੀ ਦੀਆਂ ਰਵਾਇਤੀ ਲੋਕਲ ਬਹਿਰਾਂ ਹਨ। ਵਧੇਰੇ ਗ਼ਜਲਾਂ ਵਿਚ ਤਗੱਜ਼ਲ ਦਾ ਰੰਗ ਹਲਕਾ ਹੈ ਤੇ ਸਪਾਟ-ਬਿਆਨੀ (**Direct Narration**) ਭਾਰੂ ਹੈ। ਉਹ ਪੰਜਾਬੀ ਦੇ ਠੇਠ ਪੇਂਡੂ (ਦਿਹਾਤੀ) ਮੁਹਾਵਰੇ ਦੀ ਵਰਤੋਂ ਬੜੀ ਸੁਘੜਤਾ (ਕਾਮਯਾਬੀ) ਨਾਲ ਕਰਦਾ ਹੈ। ਲੇਕਿਨ ਉਸ ਦੀਆਂ ਗ਼ਜ਼ਲਾਂ ਵਿਚ ਉਰਦੂ ਗ਼ਜ਼ਲ ਵਰਗੀ ਨਾਜ਼ੁਕ-ਬਿਆਨੀ ਗਹਿਰਾਈ ਤੇ ਪੁਖਤਗੀ ਨਹੀਂ। ਇਸ ਵਿਚ ਰਮਜ਼ ਦੀ ਘਾਟ ਹੈ ਤੇ ਇਹਨਾਂ ਵਿਚ ਮਾਅਨੇ (**Multi-Dimentional**) ਬਹੁ-ਪਰਤਾਂ ਵਾਲੇ ਨਹੀਂ। ਬਾਬੇ ਦੀ ਗ਼ਜ਼ਲ ਦੀ ਤਾਕਤ ਉਸ ਦੀ ਜੁਰਅਤ-ਬਿਆਨੀ ਸੁਹਿਰਦਤਾ (**Sincerity**) ਤੇ ਸਰਲਤਾ (**Simplicity**) ਵਿਚ ਹੈ। ਉਂਝ ਉਸ ਦੀ ਪ੍ਰਤੀਕਾਵਲੀ (**Symbolism**) ਪੰਜਾਬੀ ਦੀ ਦਿਹਾਤੀ ਜ਼ਿੰਦਗੀ ਵਿਚੋਂ ਹੁੰਦੀ ਹੈ।

ਭਾਵੇਂ ਬਾਬਾ ਹੁਣ ਕਈ ਸਾਲਾਂ ਤੋਂ ਕਰਾਚੀ ਵਿਚ ਰਹਿ ਰਿਹਾ ਹੈ, ਪਰ ਉਸ ਦੇ ਪ੍ਰਤੀਕ (**Symbols**) ਤੇ ਬਿੰਬਾਵਲੀ (**Imagery**) ਪੰਜਾਬ ਦੀ ਪੇਂਡੂ ਜ਼ਿੰਦਗੀ ਵਿਚੋਂ ਹੀ ਆਉਂਦੇ ਹਨ। ਸਮੁੱਚੀ ਪਾਕਿਸਤਾਨੀ ਪੰਜਾਬੀ ਸ਼ਾਇਰੀ ਵਿਚ ਵੀ ਬਾਬੇ ਦਾ ਦਰਜਾ ਇਕ ਤਰੱਕੀ-ਪਸੰਦ ਆਵਾਮੀਂ ਸ਼ਾਇਰ ਦਾ ਹੈ, ਜਿਸ ਦੇ ਬੋਲ ਦੂਰੋਂ ਹੀ ਹਨੇਰੇ ਵਿਚ ਵੀ ਪਛਾਣੇ ਜਾ ਸਕਦੇ ਹਨ। ਬਾਬੇ ਨਜ਼ਮੀਂ ਨੇ ਅਦਬ ਵਿਚ ਆਪਣੀ ਵੱਖਰੀ ਪਹਿਚਾਣ ਕਾਇਮ ਕਰ ਲਈ ਏ।

ਸ਼ੀਸ਼ ਮਹੱਲ ਦੀ ਵੰਡੀ ਉੱਤੋਂ ਕਿਹੜੀ ਨੇਰੀ ਝੁੱਲੇਗੀ।
ਦੋਂਹ ਇੱਟਾਂ ਨੇ ਕਰ ਛੱਡੇ ਨੇ ਚਿੱਟੇ ਲਹੂ ਭਰਾਵਾਂ ਦੇ।
(ਅੱਖਰਾਂ ਵਿਚ ਸਮੁੰਦਰ ਸਫ਼ਾ 42)

ਤਿੱਤਰ-ਖੰਭੀ ਬਦਲੀ ਵਰਗੀ ਇਹ ਮਨਜ਼ੂਰ ਆਜ਼ਾਦੀ ਨਈਂ।
ਬੋਲਣ ਦੀ ਆਜ਼ਾਦੀ ਦੇ ਕੇ ਪਹਿਰੇ ਗਲੀਆਂ ਰਾਹਾਂ ਵਿਚ। (ਸਫਾ 94)
ਹੁਣ ਤੱਕ ਸਾਰੀ ਦੁਨੀਆਂ ਬਾਬਾ, ਤੇਰੀ ਜੂਹ ਵਿਚ ਆ ਜਾਂਦੀ।
ਮੁਸਲਾ ਜੇ ਨਾ ਕੱਲਾ ਬਣਦਾ, ਦਾਹਵੇਦਾਰ ਮਦੀਨੇ ਦਾ।
(ਸੋਚਾਂ ਵਿਚ ਜਹਾਨ ਸਫ਼ਾ 20)

ਅੱਲਾ ਅੱਲਾ ਕਰਦਾ ਵੀ ਉਹ ਡੁੱਬ ਗਿਆ।
ਵੇਖੇ ਕਰਮ ਸਹਾਰੇ ਕਿੰਨੇ ਪਾਣੀ ਵਿਚ। (ਸਫ਼ਾ 95)
ਉਹਦੀ ਹਿੱਕ ਚੋਂ ਫੁੱਟ ਨਈਂ ਸਕਦਾ, ਸੂਰਜ ਕਦੇ ਤਰੱਕੀ ਦਾ।
ਲੱਥੇ ਲੀੜੇ ਪਾ ਕੇ ਜਿਹੜਾ, ਰਾਜ਼ੀ ਹੋ ਜਾਏ ਲੋਕਾਂ ਦੇ।
(ਅੱਖਰਾਂ ਵਿਚ ਸਮੁੰਦਰ ਸਫ਼ਾ 68)



ਰੂਸੀ ਚਿੰਤਕ (**Thinker**) ਬੇਲਿੰਸਕੀ (**Belinsky**) (**1811-48**) ਅਵਾਮੀਂ ਸ਼ਾਇਰ ਦੀ ਖਾਸੀਅਤ ਬਿਆਨ ਕਰਦਾ ਆਖਦਾ ਹੈ, "ਲੋਕਾਂ ਦੇ ਕਵੀ ਦੀ ਅਹਿਮੀਅਤ ਇਸ ਬਾਤ ਵਿਚ ਹੈ ਕਿ ਕਿਤਨੀ ਭਰਪੂਰਤਾ ਨਾਲ ਉਸ ਦੀ ਸ਼ਖ਼ਸੀਅਤ ਆਪਣੀ ਕੌਮ ਦੀ ਰੂਹ ਨੂੰ ਅਕਸਦੀ (**Reflect**) ਹੈ। ਅਤੇ

"ਕਵਿਤਾ ਤਾ ਹੀ ਸੱਚੀ ਕਵਿਤਾ ਹੈ ਜੇ ਇਹ ਲੋਕਾਂ ਨਾਲ ਆਪਣੀ (**Affinity**) ਨੇੜਤਾ ਦੀ ਤਸਦੀਕ ਕਰਦੀ ਹੈ।" ਬਾਬੇ ਨਜ਼ਮੀਂ ਦੀ ਸ਼ਾਇਰੀ ਵਿਚ ਪਾਕਿਸਤਾਨ ਦੇ ਅਵਾਮ ਦੀ ਰੂਹ ਧੜਕਦੀ ਹੈ। ਉਹ ਅਵਾਮ ਦੇ ਦੁੱਖਾਂ, ਦੁਸ਼ਵਾਰੀਆਂ ਨਾਲ ਦੋਸਤੀ ਪਾ ਕੇ ਵਫ਼ਾ ਨਿਭਾਉਂਦਾ ਹੈ। ਉਸ ਦੀ ਸਾਦਗੀ ਵਿਚ ਹੀ ਉਸ ਦੀ ਖੂਬਸੂਰਤੀ ਹੈ। ਮਾਡਰਨ ਸ਼ਾਇਰੀ ਆਪਣੇ ਅਹਿਸਾਸਾਂ ਨੂੰ ਬੁਝਾਰਤ ਬਣਾ ਕੇ ਪੇਸ਼ ਕਰਨ ਦੀ ਬਨਾਵਟੀ ਕੋਸ਼ਿਸ਼ ਕਰਦੀ ਹੈ, ਪਰ ਅਵਾਮੀਂ ਸ਼ਾਇਰੀ, ਆਪ ਲੋਕਾਂ ਨਾਲ ਆਪਣੇ ਰਿਸ਼ਤੇ ਨੂੰ ਪੱਕਾ-ਪੀਡਾ ਕਰਨ ਵਿਚ ਵਿਸ਼ਵਾਸ਼ ਰੱਖਦੀ ਹੈ।

ਕਵਿਤਾ ਵਿਚ ਸਾਦਗੀ ਦੇ ਮਸਲੇ ਬਾਰੇ ਸਪੇਨੀ ਜ਼ੁਬਾਨ ਦਾ ਕਵੀ ਪਾਬਲੋ ਨੇਰੂਦਾ ਲਿਖਦਾ ਹੈ;

'ਮੈਂ ਤਹੱਈਆ ਕਰ ਲਿਆ ਸੀ। ਹਰ ਰੋਜ਼ ਕਵਿਤਾ ਵਿਚ ਵਧ ਤੋਂ ਵਧ ਸਾਦਾ ਹੁੰਦਾ ਜਾਵਾਂਗਾ। ਹਰ ਨਵੀਂ ਕਵਿਤਾ ਵਿਚ ਰੋਜ਼ ਹੋਰ ਵਧੇਰੇ ਸਾਦਾ ਹੋਈ ਜਾਣਾ।" ਸਾਫ਼ ਹੈ ਕਿ ਬਾਬੇ ਦੀ ਸ਼ਾਇਰੀ ਦੀ ਸਾਦਗੀ ਵਿਚ ਹੀ ਉਸ ਦੀ ਵਡਿਆਈ ਹੈ ਤੇ ਇਹ ਖਾਸੀਅਤ ਉਸ ਨੂੰ ਆਪਣੇ ਸਮਕਾਲੀ (**Contemporary**) ਸ਼ਾਇਰਾਂ ਨਾਲ ਵੱਖਰਾ ਤੇ ਅਲਹਿਦਾ ਕਰਦੀ ਹੈ। ਅਤੇ ਇਹੀ ਗੁਣ ਉਸ ਨੂੰ ਪੰਜਾਬੀ ਵਿਚ ਅਵਾਮੀਂ ਕਵੀ ਉਸਤਾਦ ਦਾਮਨ ਨਾਲ ਤੇ ਉਰਦੂ ਦੇ ਇਨਕਲਾਬੀ ਸ਼ਾਇਰ ਹਬੀਬ ਜਾਲਿਬ ਦੀ ਰਵਾਇਤ (**Tradition**) ਨਾਲ ਜੋੜਦੀ ਹੈ। ਬਾਬਾ ਇਹਨਾਂ ਦੋਹਾਂ ਪੰਜਾਬੀਆਂ ਦੇ ਵਿਰਸੇ (**Haritage**) ਨੂੰ ਨਵੇਂ ਵਕਤ ਦੇ ਨਵੇਂ ਤਕਾਜ਼ਿਆਂ ਨਾਲ ਅੱਗੇ ਲਿਜਾ ਰਿਹਾ ਹੈ। ਏਸੇ ਵਿਚ ਹੀ ਬਾਬੇ ਦੀ ਸ਼ਾਇਰੀ ਦੀ ਕਾਮਯਾਬੀ ਦਾ ਰਾਜ਼ ਹੈ।

ਗ਼ਜ਼ਲਾਂ ਤੋਂ ਇਲਾਵਾ, ਬਾਬੇ ਨੇ ਆਪਣੇ ਦੂਸਰੇ ਮਜਮੂਏ 'ਸੋਚਾਂ ਵਿਚ ਜਹਾਨ' ਦੇ ਆਖਰੀ ਹਿੱਸੇ ਵਿਚ ਕਾਫ਼ੀ ਸਾਰੀਆਂ ਨਜ਼ਮਾਂ ਵੀ ਸ਼ਾਮਿਲ ਕੀਤੀਆਂ ਹਨ, ਜਿਹਨਾਂ ਵਿਚੋਂ, ਭਗਤ ਸਿੰਘ, ਸੱਚੇ ਲੋਕ, ਬਾਬਾ ਨਜਮੀਂ ਤੇ 'ਬਾਬਰੀ ਮਸਜਦ' ਆਦਿ, ਬਹੁਤ ਹੀ ਜਾਨਦਾਰ ਨੇ, ਜਿਹਨਾਂ ਰਾਹੀਂ ਸ਼ਾਇਰ, ਹੱਕ, ਸੱਚ, ਇਨਸਾਫ ਆਜ਼ਾਦੀ ਤੇ ਇਨਸਾਨ-ਦੋਸਤੀ ਦੇ ਸੱਚੇ ਸੁੱਚੇ ਜਜ਼ਬਿਆਂ ਦਾ ਇਜ਼ਹਾਰ ਕਰਦਾ ਹੈ।

ਬਾਬੇ ਦੀ ਸ਼ਾਇਰੀ ਰਿਆਸਤੀ ਇਹਜਾਜ਼ (**Award**) ਦੀ ਮੁਥਾਜ ਨਹੀਂ। ਉਸ ਦੇ ਕਦਰ-ਦਾਨ ਅਵਾਮ ਨੇ। ਸਰਕਾਰੀ ਇਹਜਾਜ਼ਾ ਪਿੱਛੇ ਭੱਜਣ ਵਾਲਿਆਂ ਦਾ ਮਖੌਲ ਉਡਾਉਂਦਾ ਉਹ ਆਖਦਾ ਹੈ।

ਮੈਂ ਵੀ ਝੂਠ ਬਥੇਰਾ ਲਿਖਨਾ, ਮੈਨੂੰ ਵੀ ਇਹਜਾਜ਼ ਦਿਓ।
ਲੱਥੇ ਰਾਤ, ਸਵੇਰਾ ਲਿਖਨਾ, ਮੈਨੂੰ ਵੀ ਇਹਜਾਜ਼ ਦਿਓ।
(ਸੋਚਾਂ ਵਿਚ ਜਹਾਨ ਸਫ਼ਾ 128)

ਬਾਬੇ ਦੀਆਂ ਅੱਖਾਂ ਵਿਚ ਸਮੁੰਦਰ ਦੀ ਡੂੰਘਾਈ ਹੈ ਤੇ ਸੋਚਾਂ ਵਿਚ ਸਾਰੇ ਜਹਾਨ ਦੀ ਲੋਕਾਈ ਦਾ ਦਰਦ। ਐਸੇ ਸ਼ਾਇਰਾਂ ਨੂੰ ਲੋਕਾਈ ਆਪਣੇ ਹੱਥਾਂ ਤੇ ਚੁੱਕ ਲੈਂਦੀ ਹੈ ਤੇ ਦਿਲ ਦੇ ਕਰੀਬ ਕਰ ਕੇ ਰੱਖਦੀ ਹੈ।

ਪਾਕਿਸਤਾਨੀ ਅਵਾਮ ਦੇ ਜਦ ਦੋ ਹਿੱਸੇ ਆਪੋ ਵਿਚ ਲੜ ਲੜ ਮਰਦੇ ਨੇ ਤਾਂ ਉਹ ਬੇਬਸ ਦੇ ਅੱਥਰੂ ਵਹਾਉਂਦਾ ਕਿੰਨਾ ਲਾਚਾਰ ਵਿਖਾਈ ਦਿੰਦਾ ਹੈ।

ਚੱਲੀ ਗੋਲੀ ਵਿਚ ਭਰਾਵਾਂ, ਬਾਬਾ ਨਜਮੀਂ ਰੋ।
ਕਰ ਕੇ ਵੱਲ ਅਸਮਾਨਾਂ ਬਾਹਾਂ ਬਾਬਾ ਨਜਮੀਂ ਰੋ। (ਸੋਚਾਂ ਵਿਚ ਜਹਾਨ ਸਫ਼ਾ 109

'ਬਾਬਰੀ ਮਸਜਦ' ਦੇ ਢਾਹੇ ਜਾਣ ਉੱਤੇ ਜੋ ਪ੍ਰਤੀਕਰਮ (Reaction) ਸਾਰੀ ਦੁਨੀਆਂ ਦੇ ਮੁਸਲਮਾਨਾਂ ਵਿਚ ਹੋਇਆ ਤੇ ਜਿਸ ਦੇ ਸਿਟੇ ਵਜੋਂ ਮੁਸਲਮਾਨ ਫਿਰਕੂ ਜਨੂੰਨੀਆਂ ਨੇ ਬਾਹਰਲੇ ਦੇਸ਼ ਵਿਚ ਮੰਦਰਾਂ ਨੂੰ ਸਾੜਿਆ ਫੂਕਿਆ, ਉਸ ਦਾ ਬਿਆਨ ਬਾਬੇ ਨੇ ਪੁਖ਼ਤਾ ਤੇ ਦਲੇਰ ਨਜ਼ਮ 'ਬਾਬਰੀ ਮਸਜਦ' ਵਿਚ ਕੀਤਾ ਹੈ।

ਰੱਬਾ ਮੈਨੂੰ ਗੁੰਗਾ ਕਰ ਦੇ
ਰੱਬਾ ਮੈਨੂੰ ਅੰਨ੍ਹਾ ਕਰ ਦੇ
ਰੱਬਾ ਮੈਨੂੰ ਡੋਰਾ ਕਰ ਦੇ
ਨਾਮ-ਨਿਹਾਦ ਇਹ ਬੰਦੇ ਤੇਰੇ
ਜੋ ਜੋ ਰੰਗ ਵਿਖਾਉਂਦੇ ਪਏ ਨੇ
ਸਿੱਧੇ ਸਾਦੇ ਸਾਦ-ਮੁਰਾਦੇ
ਲੋਕਾਂ ਨੂੰ ਮਰਵਾਉਂਦੇ ਪਏ ਨੇ। (ਸੋਚਾਂ ਵਿਚ ਜਹਾਨ ਸਫ਼ਾ 173)

ਫਿਰਕੂ ਜਨੂੰਨ ਤੇ ਨਫਰਤ ਦੀ ਅੰਨ੍ਹੀ ਹਨੇਰੀ ਵਿਚ ਵੀ ਬਾਬੇ ਦੇ ਪੈਰ ਡੋਲੇ, ਡਗਮਗਾਏ ਨਹੀ ਅਤੇ ਉਹ ਔਖੀ ਘੜੀ ਵਿਚ ਸਾਬਤ ਕਦਮ ਰਹਿੰਦਾ ਹੋਇਆ ਇਨਸਾਨੀ ਅਜ਼ਮਤ ਤੇ ਸ਼ਾਨ ਨੂੰ ਬਰਕਰਾਰ ਰੱਖਦਾ ਹੈ। ਅਜੇਹੇ ਸ਼ਾਇਰ ਇਨਸਾਨੀ ਕਦਰਾਂ ਦੇ ਰਖਵਾਲੇ ਹੁੰਦੇ ਹਨ, ਜਿਹੜੇ ਮਨੁੱਖ ਨੂੰ ਚਲਦੀਆਂ ਗੋਲੀਆਂ ਤੇ ਝੁੱਲਦੇ ਤੂਫਾਨਾਂ ਵਿਚ ਵੀ, ਡੋਲਣ ਨਹੀਂ ਦਿੰਦੇ।

ਬਾਬਾ ਨਜਮੀਂ ਲਹਿੰਦੇ ਪੰਜਾਬ ਦੀ ਪੰਜਾਬੀ ਸ਼ਾਇਰੀ ਦਾ ਮਾਣ ਹੀ ਨਹੀਂ, ਉਸ ਉੱਤੇ ਅਸੀਂ ਚੜ੍ਹਦੇ ਪੰਜਾਬ ਦੇ ਅਦੀਬ ਵੀ ਓਨਾ ਹੀ ਮਾਣ ਕਰਦੇ ਹਾਂ। ਉਸ ਨੂੰ ਪੰਜਾਬੀ ਹੋਣ ਉੱਤੇ ਮਾਣ ਹੈ। ਉਹ ਆਜ਼ਾਦੀ ਸੰਗਰਾਮ ਦੇ ਸਿਰਲੱਥ ਸੂਰਮਿਆਂ ਨੂੰ ਯਾਦ ਕਰਦਾ ਸਾਂਝੇ ਡੁੱਲ੍ਹੇ ਲਹੂ ਦੀ ਗੱਲ ਕਰਦਾ ਹੈ। ਐਸੇ ਸ਼ਾਇਰ ਰੋਜ਼ ਰੋਜ਼ ਨਹੀਂ ਜੰਮਦੇ ਹੁੰਦੇ। ਆਪਣਾ ਇਹ ਤਬਸਰਾ ਮੈਂ ਬਾਬੇ ਦੀ ਇਕ ਛੋਟੀ ਜੇਹੀ, ਪਰ ਅਹਿਮ ਨਜ਼ਮ ਨਾਲ ਕਰਦਾ ਹਾਂ, ਜਿਸ ਦਾ ਨਾਂ ਹੈ,

**'ਭਗਤ ਸਿੰਘ'**

ਨੱਚਾਂ ਗਾਵਾਂ
ਭੰਗੜੇ ਪਾਵਾਂ
ਦੇਗਾਂ ਚਾੜ੍ਹਾਂ ਰਾਤ ਦਿਨੇਂ
ਮੇਰਾ ਪੁੱਤਰ, ਮੇਰੇ ਵੀਰ ਤੇ
ਆਪਣੇ ਤਾਏ ਭਗਤ ਸਿੰਘ ਦੇ
ਪੈਰਾਂ ਉੱਤੇ ਪੈਰ ਧਰੇ
ਮੇਰੀ ਪੂਰੀ ਆਸ ਕਰੇ। (ਸੋਚਾਂ ਵਿਚ ਜਹਾਨ ਸਫ਼ਾ 176)

(22 ਜੂਨ, 1997)

ਨੋਟ :—(ਬਾਬਾ ਨਜਮੀਂ ਗੋਲਡਨ ਜੁਬਲੀ ਕਮੇਟੀ, ਕਰਾਚੀ ਵਾਸਤੇ ਲਿਖਿਆ ਗਿਆ।)



**ਮਾਂ ਦੀ ਅਸੀਸ**/ਹਰਭਜਨ ਸਿੰਘ ਹੁੰਦਲ

ਕਿਹੜੀ ਸ਼ੈਅ ਨੂੰ ਲੱਭਦਾ ਫਿਰਦਾ,
ਦੇਸ਼-ਦੇਸ਼ਾਂਤਰ ਜਾਵਾਂ।
ਕਿਹੜੇ ਮੇਰੇ ਗੀਤ ਗਵਾਚੇ,
ਪੁੱਛਾਂ ਪਿਆ ਸਿਰਨਾਵਾਂ।

ਤੁਰਾਂ, ਤਾਂ ਘਟਦਾ ਦਿਲ ਅੰਮਾਂ ਦਾ,
ਮੁੜਾਂ, ਤਾਂ ਸ਼ੁਕਰ ਕਰੇਂਦੀ,
ਕੈਸੀ ਭਟਕਣ ਮੇਰੇ ਪੱਲੇ,
ਕੱਸੀਆਂ ਰਹਿਣ ਤਣਾਵਾਂ।

'ਤੇਰੇ ਲੇਖੀਂ ਭਰਮਣ ਲਿਖਿਆ'
ਅੰਮਾਂ ਆਖ ਸੁਣਾਵੇ,
ਸੋਚਾਂ ਕਿਹੜੀ ਮੱਲ ਮਾਰਕੇ'
ਮਾਂ ਦੀ ਗੱਲ ਝੁਠਲਾਵਾਂ।

ਇਹ ਪੈਰਾਂ ਦਾ ਚੱਕਰ ਅੰਮਾਂ,
ਬਹਿਣ ਨਹੀਂ ਜੋ ਦਿੰਦਾ,
ਪਾ ਕੇ ਸੰਗਲ ਕਿਵੇਂ ਇਨ੍ਹਾਂ ਨੂੰ,
ਕਿੱਲੇ ਬੰਨ੍ਹ ਬਹਾਵਾਂ।

ਤੁਰਾਂ ਤਾਂ ਰਹਿੰਦੀ ਠੀਕ ਤਬੀਅਤ,
ਰੁਕਾਂ, ਤਾਂ ਰੋਗ ਸਹੇੜਾਂ।
ਮੇਰੇ ਪੈਰ ਨੇ ਕਾਹਲੇ ਪੈਂਦੇ,
ਸੱਦਾ ਦਿੰਦੀਆਂ ਰਾਹਵਾਂ।

'ਮਾਂ ਨੂੰ ਪੁੱਛਾਂ ਕਵੁਣ ਗਵਾਢਣ,
ਗੁੜ੍ਹਤੀ] ਦੇਣ ਸੀ ਆਈ',
ਆਖੇ, 'ਪੁੱਤਰ ਕੀਹਦੇ ਉਤੇ,
ਅੱਜ ਇਲਜ਼ਾਮ ਲਗਾਵਾਂ।

ਤੇਰੇ ਲੱਛਣ ਮੁੱਢੋਂ ਬੇਟਾ,
ਚੰਗੇ ਨਾ ਸੀ ਦਿਸਦੇ,
ਨਿੱਕੇ ਹੁੰਦੇ ਨਹੀਂ ਸਮਝਿਆ,
ਹੁਣ ਮੈਂ ਕੀ ਸਮਝਾਵਾਂ।

'ਛਾਹ ਵੇਲਾ ਖਾ ਘਰੋਂ ਨਿਕਲਦਾ,
ਫੇਰ ਪਰਤ ਨਾ ਆਉਂਦਾ,

ਪੁੱਛਦੀ ਫਿਰਦੀ, ਗਲੀ, ਮਹੱਲੇ,
ਦਿਸਦਾ ਨਾ ਪ੍ਰਛਾਵਾਂ ।

'ਜੋ ਮਿਲਦਾ, ਹੈ ਮਿਲਦਾ ਭਾਗੀਂ,
ਐਵੇਂ ਕੁਝ ਨਾ ਲੱਭੇ,
ਕਰੀਏ ਭਾਵੇਂ ਲੱਖ ਉਪਰਾਲੇ,
ਮਿਟਦੀਆਂ ਨਹੀਂ ਰੇਖਾਵਾਂ ।'

ਮੈਂ ਆਖਾਂ: ਮਾਂ ਛੱਡ ਇਹ ਗੱਲਾਂ,
ਇਹ ਸਭ ਕੂੜੇ ਕਿੱਸੇ,
ਆਪਣੇ ਹੱਥੀਂ ਲੇਖ ਲਿਖਾਂਗਾ,
ਚੁਣ ਚੁਣ ਅੱਖਰ ਪਾਵਾਂ ।'

ਮਾਂ ਨੂੰ ਦੱਸਣ ਦੇ ਮੈਂ ਕੀਤੇ,
ਬਹਿ ਕੇ ਯਤਨ ਬਥੇਰੇ,
ਮਨ ਤੇ ਉੱਕਰੇ ਬੋਲ ਨਾ ਮਿਟਦੇ,
ਕੀਕਰ ਭਰਮ ਮਿਟਾਵਾਂ ।

ਜਦ ਪਿਘਲੇ ਤਾਂ ਦੇਵੇ ਅਸੀਸਾਂ,
ਆਖੇ, 'ਬੁਰਾ ਨਾ ਮੰਨੀ,
ਮੈਂ ਤਾਂ ਪੁੱਤਰ ਉੱਠਦੀ, ਬਹਿੰਦੀ,
ਤੇਰੀ ਖ਼ੈਰ ਮਨਾਵਾਂ ।'

ਜਾਵੀਂ ਬੇਟਾ ਸੈਲ-ਸਪਾਟੇ.
ਸੌ ਵਾਰੀ ਤੁਰ ਜਾਵੀਂ,
ਤੇਰਾ ਸਫਰ ਸੁਹਾਣਾ ਹੋਵੇ,
ਤੇਰੀਆਂ ਦੂਰ ਬੁਲਾਵਾਂ ।

'ਸੱਚ ਦੇ ਬੋਲ ਤੁਰੀਂ ਬੰਨ੍ਹ ਪੱਲੇ,
ਕੂੜ-ਕੁਸੱਤ ਤਿਆਗੀਂ ।
ਜਦ ਪਰਤੇਂ ਤਾਂ ਸੁੱਖਾਂ ਮੰਗਣ,
ਬੂਹੇ ਅਟਕ ਹਵਾਵਾਂ ।

'ਤੇਰੇ ਰਾਹ ਤੇ ਫੁੱਲ ਖਿੜਨਗੇ,
ਖ਼ੁਸ਼ਬੂ ਰਸਤਾ ਰੋਕੂ,
ਜਿੱਥੋਂ ਲੰਘੇ, ਲੋਕ ਕਰਨਗੇ,
ਸਿਰ ਤੇ ਹੱਥੀਂ ਛਾਵਾਂ ।'



'ਜਾਵੀਂ ਸੱਤ ਸਮੁੰਦਰ ਪਾਰੋਂ,
ਮੋਤੀ ਲੱਭ ਲਿਆਵੀਂ,
ਜਿੱਥੇ ਜਿੱਥੇ ਖੁਸ਼ਬੂ ਬਹਿੰਦੀ,
ਢੂੰਡ ਲਵੀਂ ਉਹ ਥਾਵਾਂ ।'

'ਤੇਰੇ ਪਿੱਛੋਂ ਧੁੱਪ ਉਦਾਸੀ,
ਆਣ ਬਨੇਰੇ ਬਹਿੰਦੀ,
ਤੇਰਾ ਆਉਣ ਉਡੀਕਦੀਆਂ ਨੇ,
ਬੂਹੇ ਬਹਿ ਕਵਿਤਾਵਾਂ ।'

ਮਾਂ ਦੀ ਤਾਂਘ ਕਿ ਚਾਨਣ ਦਿੰਦਾ,
ਜਗੇ ਚਿਰਾਗ਼ ਬਨੇਰੇ,
ਕਿੰਨਾ ਕੁਝ ਭੁੱਲ ਜਾਵੇ ਮੈਨੂੰ,
ਸੱਚ ਨਾ ਮੂਲ ਭੁਲਾਵਾਂ ।

ਸੱਚ ਦੀ ਖੋਜ ਨਹੀਂ ਪਰ ਸੌਖੀ,
ਨਾ ਸਿੱਧ-ਪੱਧਰੀ ਹੁੰਦੀ,
ਜਿੱਥੋਂ ਜਿੱਥੋਂ ਲੱਭੇ ਕਿਣਕਾ,
ਪੱਲੇ ਬੰਨੀ ਜਾਵਾਂ ।

ਇਸ ਰਾਹ ਉੱਤੇ ਤੁਰਦੇ ਹੋਏ,
ਪੈਰ ਪੈਰ ਤੇ ਰੋਕਾਂ,
ਉੱਡਦੀ ਧੂੜ ਅਵਾਜ਼ਾਂ ਮਾਰੇ,
ਕਰਨ ਇਸ਼ਾਰੇ ਰਾਹਵਾਂ ।

ਕਾਹਦਾ ਮਾਣ ਕਰਾਂ ਮੈਂ ਐਵੇਂ,
ਕਿਸ ਕੰਮ ਕੂੜੇ ਦਾਹਵੇ,
ਭੁੱਲੀਆਂ ਨਹੀਂ ਅਸੀਸਾਂ ਮੈਨੂੰ,
ਸੌ ਗੱਲ ਭੁੱਲ ਜਾਵਾਂ ।

ਜਿੱਥੇ ਜਿੱਥੇ ਦੀਵੇ ਜਗਦੇ,
ਸੁੱਚੇ ਸ਼ਬਦ, ਸੁਖ਼ਨ ਦੇ.
ਦਿਲ ਕਰਦਾ ਏ, ਮੈਂ ਵੀ ਜਾਕੇ,
ਕੋਈ ਚਿਰਾਗ਼ ਜਗਾਵਾਂ ।

(2 ਅਕਤੂਬਰ, 1997)

ਉਰਦੂ ਕਹਾਣੀ

## **ਕਿੱਥੇ**/ਜੋਗਿੰਦਰ ਪਾਲ

ਮੇਰਾ ਗੱਡੀ ਚਲਾਉਣ ਦਾ ਲਸੰਸ ਗੁੰਮ ਹੋ ਗਿਆ ਹੈ। ਲਭਦਾ ਲਭਦਾ ਮੈਂ ਪ੍ਰੇਸ਼ਾਨ ਹੋ ਗਿਆ ਹਾਂ।

"ਜਿਹੜਾ ਹਰ ਪਲ ਆਪ ਹੀ ਗੁਆਚਿਆਂ ਫਿਰਦਾ ਹੋਵੇ" ਮੇਰੀ ਪਤਨੀ ਸ਼ੋਭਾ ਮੁਸਕਰਾਉਂਦੀ ਹੋਈ ਮੇਰੇ ਸਿਰ 'ਤੇ ਆਣ ਖਲੋਤੀ ਹੈ, "ਉਹਦੀਆਂ ਚੀਜ਼ਾਂ ਭਲਾ ਕਿਉਂ ਨਾ ਗੁਆਚੀਆਂ ਰਹਿਣ।"

ਵਾਕਿਈ ਮੇਰੀ ਜ਼ਿੰਦਗੀ ਕੁਝ ਇਸ ਤਰ੍ਹਾਂ ਬੀਤ ਰਹੀ ਹੈ ਕਿ ਹਰ ਪਲ ਕੁਝ ਨਾ ਕੁਝ ਗੁਆਚਿਆ ਹੀ ਰਹਿੰਦਾ ਹੈ। ਅਤੇ ਜੇ ਕੁਝ ਗੁਆਚਿਆ ਨਾ ਵੀ ਹੋਵੇ, ਤਾਂ ਵੀ ਮੈਂ ਅਚੇਤ ਏਸੇ ਉਲਝਣ ਵਿਚ ਫਸਿਆ ਰਹਿੰਦਾ ਹਾਂ ਕਿ ਮੈਂ ਕੁਝ ਲੱਭਣਾ ਹੈ, ਅਤੇ ਇਸ ਹਾਲਤ ਵਿਚ ਸਾਹਮਣੇ ਪਈਆਂ ਚੀਜ਼ਾਂ ਵੀ ਅਕਸਰ ਦਿੱਸਣ 'ਚ ਨਹੀਂ ਆਉਂਦੀਆਂ।

ਕੱਲ੍ਹ ਪਰਸੋਂ ਦੀ ਹੀ ਗੱਲ ਹੈ ਮੈਂ ਆਪਣੇ ਦਫ਼ਤਰ ਦੀ ਚਾਬੀ ਲੱਭਦਾ ਹੋਇਆ ਸ਼ੋਭਾ ਦੀ ਸਾੜ੍ਹੀਆਂ ਵਾਲੀ ਅਲਮਾਰੀ ਵਿਚ ਸਿਰ ਦੇਈ ਬੈਠਾ ਸਾਂ।

"ਤੁਹਾਡੀ ਦਫ਼ਤਰ ਦੀ ਚਾਬੀ ਮੇਰੀਆਂ ਸਾੜ੍ਹੀਆਂ ਵਿਚੋਂ ਕਿਵੇਂ ਮਿਲੇਗੀ?"

ਪਰ ਹਰ ਗੁੰਮ ਹੋਣ ਵਾਲੀ ਸ਼ੈਅ ਕਿਸੇ ਗ਼ਲਤ ਥਾਂ 'ਤੇ ਪਹੁੰਚ ਕੇ ਹੀ ਤਾਂ ਗੁੰਮ ਹੁੰਦੀ ਹੈ। ਮੈਂ ਉਹਦੀ ਗੱਲ ਦਾ ਕੋਈ ਉੱਤਰ ਦਿਤੇ ਬਿਨਾਂ ਹੀ ਉਹਦੀਆਂ ਸਾੜ੍ਹੀਆਂ ਦੀ ਫ਼ੋਲਾ-ਫ਼ਾਲੀ 'ਚ ਲੱਗਾ ਰਿਹਾ। ਅਚਾਨਕ ਇਕ ਨੁਕਰੇ ਕਿਸੇ ਬਾਲ ਦੇ ਨਿੱਕੇ ਨਿੱਕੇ ਕੱਪੜੇ ਵੇਖ ਕੇ ਜ਼ਰਾ ਕੁ ਰੁਕ ਗਿਆ।

"ਇਹ ਕੱਪੜੇ?"

ਉਹ ਨੱਠ ਕੇ ਮੇਰੇ ਨੇੜੇ ਆਣ ਖਲੋਤੀ। "ਛੱਡੋ ਛੱਡੋ, ਐਵੇਂ ਤਹਿਆਂ ਨਾ ਖ਼ਰਾਬ ਕਰੋ।"

ਮੈਂ ਕੁਝ ਸੋਚ ਕੇ ਉਹਦੇ ਪੇਟ ਵੱਲ ਵੇਖਣ ਲੱਗਾਂ। "ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ।" ਚਾਬੀ ਨੂੰ ਭੁੱਲ-ਭੁਲਾ ਕੇ ਮੈਂ ਉਹਨੂੰ ਨੇੜੇ ਪਏ ਪਲੰਘ ਉੱਤੇ ਬਿਠਾ ਦਿੱਤਾ, ਅਤੇ ਆਪ ਵੀ ਉਹਦੇ ਕੋਲ ਹੀ ਬਹਿ ਗਿਆ। "ਤੂੰ ਪਹਿਲਾਂ ਕਿਉਂ ਨਹੀਂ ਦੱਸਿਆ?

"ਜੇ ਤੁਸੀਂ ਧਿਆਨ ਨਾਲ ਮੇਰੇ ਵੱਲ ਵੇਖਿਆ ਕਰੋ, ਤਾਂ ਤੁਹਾਨੂੰ ਆਪੇ ਹੀ ਸਭ ਕੁਝ ਦਾ ਪਤਾ ਲਗ ਜਾਇਆ ਕਰੇ।"

ਮੈਂ ਸਿਰ ਖੁਰਕਦਾ ਹੋਇਆ ਉਹਦੇ ਪੇਟ ਵੱਲ ਵੇਖੀ ਜਾ ਰਿਹਾ ਹਾਂ, ਜਿਵੇਂ ਕੋਈ ਚਿਰ ਗੁਆਚੀ ਸ਼ੈਅ ਅਚਾਨਕ ਸਾਹਮਣੇ ਪਈ ਹੋਈ ਮਿਲ ਜਾਵੇ। ਆਪਣੇ ਇਸ ਬੱਚੇ ਨੂੰ ਮੈਂ ਕਈ ਸਾਲਾਂ ਤੋਂ ਲੱਭ ਰਿਹਾ ਹਾਂ। ਪਰ ਹਨੇਰੇ 'ਚ ਐਵੇਂ ਹੱਥ ਮਾਰੀ ਜਾਣ ਨਾਲ ਥੋੜ੍ਹਾ ਕੁਝ ਲਭਦਾ ਹੈ।

"ਮੈਂ ਤਾਂ ਤੁਹਾਨੂੰ ਹਮੇਸ਼ਾ ਹੀ ਕਹਿੰਦੀ ਆਈ ਹਾਂ ਕਿ ਜ਼ਰਾ ਸਹਿਜ ਤੋਂ ਕੰਮ ਲਓ, ਆਪਣੀ ਚੀਜ਼ ਹੋਵੇਗੀ ਤਾਂ ਜ਼ਰੂਰ ਮਿਲ ਜਾਵੇਗੀ।"

ਚਾਬੀ ਮੇਰੇ ਜ਼ਿਹਨ 'ਚੋਂ ਇਸ ਲਈ ਨਿਕਲ ਚੁੱਕੀ ਸੀ, ਕਿਉਂਕਿ ਜੰਦਰਾ ਆਪਣੇ ਆਪ ਹੀ ਖੁੱਲ੍ਹਾ ਪਿਆ ਮਿਲ ਗਿਆ ਸੀ। "ਮੈਨੂੰ ਕੀ ਪਤਾ ਸੀ।"

"ਤੁਹਾਨੂੰ ਕਦੇ ਕੁਝ ਪਤਾ ਹੋਇਆ ਵੀ ਹੈ? ਉੱਠੋ, ਆਪਣੀ ਚਾਬੀ ਲੱਭੋ ਅਤੇ ਜਾਓ



ਦਫ਼ਤਰ।" ਸ਼ੋਭਾ ਦੀਆਂ ਅੱਖਾਂ ਦੀ ਮੁਸਕਰਾਉਂਦੀ ਵਿਸ਼ਾਲਤਾ ਵਿਚ ਮੇਰਾ ਬਚਾ ਬੜੀ ਬੇਫ਼ਿਕਰੀ ਨਾਲ ਖੇਡ ਰਿਹਾ ਸੀ, ਅਤੇ ਉਹ ਮੈਨੂੰ ਚੰਗੀ ਚੰਗੀ ਵੀ ਬਹੁਤ ਲੱਗ ਰਹੀ ਸੀ।

ਆਪਣੇ ਮੇਜ਼ ਦੀ ਦਰਾਜ਼ 'ਤੇ ਝੁਕਿਆ ਹੋਇਆ ਮੈਂ ਹਾਲੇ ਤੱਕ ਸ਼ੋਭਾ ਦੀਆਂ ਅੱਖਾਂ ਵਿਚ ਹੀ ਗੁਆਚਿਆ ਹੋਇਆ ਸਾਂ। ਮੇਰੇ ਬਹੁਤੇ ਜ਼ਰੂਰੀ ਕਾਗਜ਼ ਅਕਸਰ ਏਸੇ ਹੀ ਦਰਾਜ਼ ਵਿਚ ਪਏ ਰਹਿੰਦੇ ਹਨ। ਰਾਸ਼ਨ ਕਾਰਡ, ਬੈਂਕ ਦੀ ਪਾਸ ਬੁੱਕ, ਚੈੱਕ ਬੁੱਕਾਂ, ਗਾਰੰਟੀਆਂ ਰਸੀਦਾਂ ਅਤੇ ਚਿੱਠੀਆਂ। ਮੇਰੇ ਅੰਦਰਲਾ ਕਹਿ ਰਿਹਾ ਸੀ ਕਿ ਕੁਝ ਹਫ਼ਤੇ ਪਹਿਲਾਂ ਆਪਣੀ ਗੱਡੀ ਦਾ ਲਸੰਸ ਮੈਂ ਏਥੇ ਹੀ ਰੱਖਿਆ ਸੀ। ਪਹਿਲਾਂ ਵੀ ਕਈ ਵਾਰ ਹੱਥ ਮਾਰ ਚੁੱਕਿਆ, ਏਥੇ ਹੀ। ਪਰ ਹੁਣ ਹਰ ਕਾਗ਼ਜ਼ ਨੂੰ ਵੱਖ ਵੱਖ ਕਰਕੇ ਬੜੇ ਧਿਆਨ ਨਾਲ ਵੇਖ ਰਿਹਾ।

"ਸਹਿਜ ਨਾਲ ਵੇਖੋਗੇ ਤਾਂ ਮਿਲ ਜਾਇਗਾ।" ਮੇਰੀ ਬੀਵੀ ਮੈਨੂੰ ਹਦਾਇਤ ਕਰਕੇ ਕਿਚਨ ਵੱਲ ਹੋ ਤੁਰੀ।

ਅੱਜ ਦਫ਼ਤਰੋਂ ਵਾਪਸ ਆਉਂਦਿਆਂ ਗੱਡੀ ਦਾ ਛੋਟਾ ਜਿੰਨਾ ਐਕਸੀਡੈਂਟ ਹੋ ਗਿਆ। ਪੈਂਦਿਆਂ ਹੀ ਪੁਲਿਸ ਵਾਲਿਆਂ ਲਸੰਸ ਮੰਗ ਲਿਆ। ਗੱਡੀ ਚਲਾਉਂਦਿਆਂ ਮੈਂ ਲਸੰਸ ਕੋਲ ਨਹੀਂ ਰਖਦਾ। ਪੁਲਿਸ ਇਨਸਪੈਕਟਰ ਦੇ ਪੁੱਛਣ 'ਤੇ ਮੈਂ ਜੇਬਾਂ ਫਰੋਲਣ ਲੱਗਾ, ਜਿਵੇਂ ਹੁਣ ਦਰਾਜ਼ਾਂ 'ਚ ਹੱਥ ਮਾਰ ਰਿਹਾ ਹਾਂ। ਮੇਰਾ ਖ਼ਿਆਲ ਸੀ ਕਿ ਕਿਸੇ ਨਾ ਕਿਸੇ ਜੇਬੀ ਦਰਾਜ਼ 'ਚੋਂ ਮਿਲ ਹੀ ਜਾਏਗਾ। ਇਨਸਪੈਕਟਰ ਨੂੰ ਸ਼ੱਕ ਤਾਂ ਹੋਇਆ ਕਿ ਮੈਂ ਗੱਡੀ ਬਿਨਾਂ ਲਸੰਸ ਚਲਾਉਂਦਾ। ਪਰ ਬੰਦਾ ਕੁਝ ਸ਼ਰੀਫ਼ ਸੀ। ਮੈਨੂੰ ਡੌਰ ਭੌਰ ਹੋਇਆਂ ਵੇਖ ਕੇ ਉਹਨੇ ਛੋਟ ਦੇ ਦਿੱਤੀ ਕਿ ਕੱਲ੍ਹ ਸਵੇਰੇ ਲਸੰਸ ਪੁਲਿਸ ਚੌਕੀ ਵਿਖਾ ਆਵਾਂ।

ਦਰਾਜ਼ ਦੇ ਕਾਗਜ਼ਾਂ ਵਿਚ ਮੈਨੂੰ ਲਸੰਸ ਨਹੀਂ ਮਿਲਿਆ। ਮੈਂ ਅੱਖਾਂ ਤੇ ਜ਼ੋਰ ਪਾ ਕੇ ਖਾਲੀ ਦਰਾਜ਼ ਨੂੰ ਵੇਖਿਆ। ਮੈਨੂੰ ਹਮੇਸ਼ਾ ਹੀ ਇਕ ਅਣਜਾਤਾ ਜਿਹਾ ਖੌਫ਼ ਖਾਈ ਜਾਂਦਾਂ ਰਹਿੰਦਾ ਕਿ ਮੇਰੀਆਂ ਚੀਜ਼ਾਂ ਮੇਰੀਆਂ ਨਹੀਂ, ਅਤੇ ਮੈਂ ਉਹਨਾਂ ਨੂੰ ਗੁਆ ਬਹਾਂਗਾ। ਏਸੇ ਡਰ ਦਾ ਮਾਰਿਆ ਮੈਂ ਆਪਣੀਆਂ ਚੀਜ਼ਾਂ ਨੂੰ ਹਮੇਸ਼ਾ ਆਪਣੀਆਂ ਅੱਖਾਂ 'ਚ ਲਈ ਫਿਰਦਾ ਰਹਿਨਾ। ਮੈਂ ਹੁਣ ਤਕ ਜੋ ਕੁਝ ਵੀ ਗੁਆਇਆ ਹੈ, ਉਹ ਮੇਰੀ ਆਪਣੀ ਹੀ ਨਜ਼ਰ ਨੇ ਮੈਥੋਂ ਖਿਸਕਾਇਆ ਹੈ। ਮੇਰੀ ਮੁਸ਼ਕਲ ਇਹ ਹੈ ਕਿ ਲੋੜ ਪੈਣ 'ਤੇ ਮੈਂ ਆਪਣੀਆਂ ਗੁਆਚੀਆਂ ਹੋਈਆਂ ਚੀਜ਼ਾਂ ਨੂੰ ਆਪਣੀ ਨਜ਼ਰ 'ਚੋਂ ਕੱਢ ਕੇ ਵਰਤ ਨਹੀਂ ਸਕਦਾ। ਜੇ ਮੇਰੀ ਨਜ਼ਰ ਏਨੀ ਲਾਲਚੀ ਨਾ ਹੁੰਦੀ ਤਾਂ ਮੇਰੀ ਵਰਤੋਂ ਵਾਲਾ ਮੇਰਾ ਸਭ ਕੁਝ ਹਰ ਸਮੇਂ ਮੇਰੇ ਸਾਹਮਣੇ ਪਿਆ ਰਹਿੰਦਾ। ਪਰ ਕੀ ਕਰਾਂ ਇਸ ਨਜ਼ਰ ਦਾ? ਮੈਂ ਹੁਣ ਵੀ ਲਸੰਸ ਦੀ ਮੈਲੀ ਜਿਹੀ ਨੀਲੱਤਣ ਆਪਣੀ ਨਜ਼ਰ 'ਚ ਅਟਕੀ ਹੋਈ ਮਹਿਸੂਸ ਕਰ ਰਿਹਾਂ।

ਮੈਨੂੰ ਹੁਣ ਇਹ ਵਹਿਮ ਹੋਈ ਜਾਂਦਾ ਕਿ ਮੇਰਾ ਗੱਡੀ ਦਾ ਲਸੰਸ ਸਾਰੀਆਂ ਗਰਮੀਆਂ ਮੇਰੀ ਨਜ਼ਰ ਨਹੀਂ ਪਿਆ। ਕਿਤੇ ਕਿਸੇ ਗਰਮ ਸੂਟ ਦੀ ਜੇਬ 'ਚ ਹੀ ਨਾ ਪਿਆ ਰਹਿ ਗਿਆ ਹੋਵੇ। ਮੈਂ ਹੁਣ ਆਪਣੇ ਕਪੜਿਆਂ ਵਾਲੀ ਅਲਮਾਰੀ ਦੇ ਕੋਲ ਆ ਗਿਆ। ਇਹਨੂੰ ਖੋਲ੍ਹ ਕੇ ਗਰਮ ਕਪੜਿਆਂ ਵੱਲ ਹੱਥ ਵਧਾਉਂਨਾ। ਇਕ ਇਕ ਜੇਬ 'ਚ ਹੱਥ ਮਾਰਦਾ। ਸਭ ਖਾਲਮ ਖਾਲੀ। ਪਰ ਨਹੀਂ, ਮੇਰੇ ਪੁਰਾਣੇ ਕਾਲਜ ਦੇ ਇਸ ਬਲੇਜ਼ਰ ਦੀ ਅੰਦਰਲੀ ਜੇਬ ਪਾਟੀ ਪਈ ਹੈ। ਹੱਥ ਪਾਉਨਾਂ ਤਾਂ ਕਾਗਜ਼ ਦਾ ਇਕ ਖਸਤਾ ਜਿਹਾ ਪੁਰਜ਼ਾ ਮਿਲਦਾ। ਇਹ ਸਵਰਗਵਾਸੀ ਪਿਤਾ ਜੀ ਦਾ ਇਕ ਪੁਰਾਣਾ ਖਤ ਹੈ। ਉਹਨਾਂ ਦਿਨਾਂ ਦਾ ਜਦੋਂ ਮੈਂ ਆਪਣੇ ਕਾਲਜ ਦੇ ਹੋਸਟਲ ਵਿਚ ਰਹਿੰਦਾ ਸਾਂ।

ਮਾਂ ਅਤੇ ਬਾਪੂ ਦੋਵੇਂ ਮੇਰੀ ਸਿਰ ਪੀੜ ਬਾਰੇ ਬੜੇ ਚਿੰਤਤ ਰਹਿੰਦੇ ਸਨ । ਬਾਪੂ ਦਾ ਖਤ ਹਮੇਸ਼ਾ ਹੀ ਹਦਾਇਤਾਂ ਨਾਲ ਭਰਿਆ ਹੁੰਦਾ —ਰਾਤ ਨੂੰ ਛੇਤੀ ਸੌਂ ਜਾਇਆ ਕਰ—ਗਾਂ ਦੇ ਦੁੱਧ 'ਚ ਸ਼ਹਿਦ ਪਾ ਕੇ ਪੀਆ ਕਰ—ਆਪਣੇ ਸਿਰ ਨੂੰ ਬਦਾਮ ਰੋਗਨ ਨਾਲ ਤਰ ਰੱਖਿਆ ਕਰ—। ਪਰ ਮੇਰੀ ਸਿਰਪੀੜ ਏਨੇ ਸਾਲਾਂ ਬਾਅਦ ਵੀ ਗਈ ਨਹੀਂ । ਨਿੰਮ੍ਹੀ-ਨਿੰਮ੍ਹੀ ਹਰ ਵੇਲੇ ਹੁੰਦੀ ਹੀ ਰਹਿੰਦੀ ਏ, ਅਤੇ ਮੇਰੀ ਨਿਤਾਪਰਤ ਸਿਹਤ ਦਾ ਅੰਗ ਕੁਝ ਇਸ ਤਰ੍ਹਾਂ ਬਣ ਚੁਕੀ ਏ ਕਿ ਜਦੋਂ ਨਹੀਂ ਹੁੰਦੀ ਤਾਂ ਮੈਨੂੰ ਆਪਣੀ ਕਿਸੇ ਬਿਮਾਰੀ ਦੀ ਅਲਾਮਤ ਜਾਪਣ ਲਗਦੀ ਹੈ । ਮੈਂ ਹੱਸਣ ਲਗਦਾ । ਸਾਡੀ ਸਿਹਤ ਵਾਂਗ ਚੈਨ ਵੀ ਨਿਸਬਤੀ ਅਤੇ ਇਤਬਾਰੀ ਜਿਹੀ ਸ਼ੈਅ ਹੁੰਦੀ ਹੈ, ਕੋਈ ਪੱਕੀ ਨਿਰਪੇਖ ਵਸਤੂ ਨਹੀਂ ਹੁੰਦੀ। ਏਸੇ ਕਰਕੇ ਸਾਡੀ ਇਕ ਸਮੇਂ ਦੀ ਲੋੜ ਦੂਜੇ ਸਮੇਂ ਵਿਚ ਬੇਲੋੜੀ ਹੋ ਕੇ ਰਹਿ ਜਾਂਦੀ ਹੈ ।

'ਪਿਆਰੇ ਰਵਿੰਦਰ—ਮੈਂ ਵਾਪਸ ਪਰਤ ਕੇ ਆਪਣੇ ਮੇਜ਼ ਦੇ ਸਾਹਮਣੇ ਪਈ ਕੁਰਸੀ ਤੇ ਬਹਿ ਜਾਨਾਂ ਅਤੇ ਉਸ ਬੋਦੇ ਜਿਹੇ ਕਾਗਜ਼ ਉਤੋਂ ਬਾਪੂ ਦੀ ਸੰਖੇਪ ਜਿਹੀ ਲਿਖਤ ਪੜ੍ਹਨ ਲਗਦਾ—ਤੇਰੀ ਮਾਂ ਦੀ ਹਾਲਤ ਬਹੁਤ ਵਿਗੜ ਚੁਕੀ ਹੈ । ਛੇਤੀ ਆ ਕੇ ਉਹਨੂੰ ਮਿਲ ਲੈਂ'—। ਮੈਂ ਆਪਣੇ ਸਾਰੇ ਕੰਮ ਵਿੱਚੇ ਛੱਡ ਕੇ ਮਾਂ ਨੂੰ ਮਿਲਣ ਤੁਰ ਪਿਆ ਸਾਂ । ਸਾਰੇ ਰਾਹ ਡਰਦਾ ਆਇਆ ਸਾਂ—ਉਹ ਤੁਰ ਗਈ ਹੋਈ, ਤਾਂ ਕੀ ਬਣੂ—। ਹੁੰਦਾ ਤਾਂ ਉਹੀ ਕੁਝ ਹੈ ਜੋ ਹੁੰਦਾ ਹੈ । ਬਾਕੀ ਦਾ ਲੱਗ ਲਬੇੜ ਤਾਂ ਅਸੀਂ ਖੁਦ ਹੀ ਆਪਣੇ ਆਪ ਦੁਆਲੇ ਸਿਰਜ ਲੈਂਦੇ ਹਾਂ । ਮਾਂ ਦੇ ਤੁਰ ਜਾਣ ਨਾਲ ਮੈਨੂੰ ਬੜਾ ਧੱਕਾ ਲੱਗਾ ਸੀ । ਪਰ ਭੁਚਾਲ ਦਾ ਧੱਕਾ ਵੀ ਹੋਵੇ ਤਾਂ ਸਿਰਫ਼ ਉਸੇ ਛਿਣ ਹੀ ਲਗਦਾ ਹੈ ਜਦੋਂ ਭੁਚਾਲ ਆ ਰਿਹਾ ਹੁੰਦਾ ਹੈ । ਪਰ ਜੇ ਕੋਈ ਇਸਤੋਂ ਬਾਅਦ ਵੀ ਜ਼ਮੀਨ ਉੱਤੇ ਲੋਟਣੀਆਂ ਲਈ ਜਾਵੇ ਤਾਂ ਉਹ ਕੇਵਲ ਸਰਕਸ ਦੇ ਕਰਤਬਾਂ ਤੋਂ ਵੱਧ ਕੁਝ ਨਹੀਂ ਹੁੰਦਾ । ਮੈਂ ਵੀ ਸਾਰੇ ਕੰਮ ਛੱਡ-ਛਡਾ ਕੇ ਕਈ ਮਹੀਨਿਆਂ ਤੱਕ ਮਾਂ ਦੇ ਗਮ 'ਚ ਰੋਣ ਧੋਣ ਦਾ ਖੇਖਨ ਵਿੱਢੀ ਰਖਿਆ । ਅਤੇ ਫਿਰ ਇਮਤਿਹਾਨ 'ਚ ਫੇਲ੍ਹ ਹੋ ਗਿਆ । ਫਿਰ ਆਪਣੇ ਆਪ ਨੂੰ ਸਮਝਾਇਆ—ਵੇਖ ਭਈ, ਤੂੰ ਹਾਲੇ ਵਿਦਿਆਰਥੀ ਏਂ, ਗਮ ਵਰਗੀ ਐਸ਼ਪ੍ਰਸਤੀ ਲਈ ਤੇਰੇ ਪੱਲੇ ਹੀ ਕੀ ਹੈ । ਪਹਿਲਾਂ ਮੋਟੀ ਕਮਾਈ ਕਰਨ ਜੋਗਾ ਹੋ, ਫਿਰ ਗ਼ਮ ਜਾਂ ਜੋ ਜੀ ਚਾਹੇ, ਢਿੱਡ ਭਰ ਕੇ ਖਾ ਪੀ ਲਵੀਂ । ਲੱਖ ਸ਼ੁਕਰ ਉੱਪਰ ਵਾਲੇ ਦਾ ਕਿ ਮੈਂ ਸੰਭਲ ਗਿਆ । ਏਨਾ ਸੰਭਲਿਆ ਕਿ ਬਾਪੂ ਦੇ ਤੁਰ ਜਾਣ ਦਾ ਅਹਸਾਸ ਤੱਕ ਨਾ ਹੋਇਆ । ਮੇਰੀ ਪਹਿਲੀ ਪਤਨੀ ਮੈਨੂੰ 'ਦਲਾਸਾ ਦੇਣ ਲਗਦੀ ਤਾਂ ਉਹਦੀ ਮਾਤਮੀ ਫੱਬ ਉੱਤੇ ਮੋਹਿਤ ਹੋ ਕੇ ਮੈਂ ਆਪਮੁਹਾਰੇ ਉਹਨੂੰ ਚੰਬੜ ਜਾਂਦਾ ।

ਹਾਂ, ਸ਼ੋਭਾ ਮੇਰੀ ਦੂਜੀ ਪਤਨੀ ਹੈ । ਮੇਰੀ ਪਹਿਲੀ ਪਤਨੀ, ਰੰਭਾ ਨੇ ਮੈਥੋਂ ਤਲਾਕ ਲੈ ਲਿਆ ਸੀ ।—ਕਿਉਂ ? ਉਹ ਮੇਰੀ ਮਹਿਬੂਬ ਸੀ । ਪਰ ਦੋ ਮੁਹੱਬਤ ਕਰਨ ਵਾਲੇ ਇਕ ਦੂਜੇ ਤੋਂ ਕਈ ਅਣਉਚਿਤ ਆਸਾਂ ਲਾ ਬਹਿੰਦੇ ਹਨ । ਜਦੋਂ ਪੂਰੀਆਂ ਨਹੀਂ ਹੁੰਦੀਆਂ ਤਾਂ ਕਲਸ਼ ਖੜਾ ਹੋ ਜਾਂਦਾ ਏ । ਸਾਡੇ ਤਲਾਕ ਦਾ ਕਾਰਨ ਵੀ ਸਾਡੀ ਮੁਹੱਬਤ ਹੀ ਸੀ । ਅਸੀਂ ਆਪਣੇ ਨਿਤਦਿਨ ਦੇ ਝਗੜਿਆਂ ਤੋਂ ਤੰਗ ਪੈ ਚੁਕੇ ਸਾਂ ।

ਘਰਾਂ ਦੀਆਂ ਗੱਡੀਆਂ ਕਦੇ ਮੁਹੱਬਤਾਂ-ਵਹੱਬਤਾਂ ਨਾਲ ਵੀ ਰਿੜ੍ਹੀਆਂ ਨੇ । ਜੇ ਏਸੇ ਤਰ੍ਹਾਂ ਰੇੜ੍ਹਨ ਦੀ ਧਾਰ ਲਉ, ਤਾਂ ਬੱਸ, ਤੁਰਦਿਆਂ ਹੀ ਕੋਈ ਨਾ ਕੋਈ ਐਕਸੀਡੈਂਟ—ਲਸੰਸ ?

"ਕਿਉਂ ਲਸੰਸ ਮਿਲਿਆ, ਤੁਹਾਡਾ ?" ਸ਼ੋਭਾ ਨੇ ਕਿਚਨ 'ਚੋਂ ਵਾਪਸ ਆਣ ਕੇ ਪੁਛਿਆ ।

"ਨਹੀਂ ।"



ਮੈਂ ਉਹਦੀਆਂ ਉਦਾਸ ਅੱਖਾਂ ਵਿਚ ਝਾਕਿਆ ਏ । ਸ਼ਾਇਦ ਮੇਰਾ ਬੱਚਾ ਹਾਲੇ ਤੱਕ ਉਥੇ ਹੀ ਕਿਤੇ ਖੇਡ ਰਿਹਾ ਹੋਵੇ । ਉਹਦੀਆ ਸੱਖਣੀਆਂ ਅੱਖਾਂ ਵਿਚ ਧੁੱਪ ਪਸਰ ਚੁਕੀ ਹੈ । ਮੈਂ ਸੋਚਦਾ ਹਾਂ, ਬੱਚਾ ਵਾਪਸ ਪੇਟ ਵਿਚ ਪਰਤ ਕੇ ਸੌਂ ਗਿਆ ਹੋਵੇਗਾ । "ਤੂੰ ਤੁਰੀ ਕਿਉਂ ਫਿਰਦੀ ਏਂ ? ਲੇਟ ਕਿਉਂ ਨਹੀਂ ਜਾਂਦੀ ?

"ਤੁਸੀਂ ਮੈਨੂੰ ਇੰਝ ਘੂਰ ਘੂਰ ਕੇ ਕਿਉਂ ਵੇਖ ਰਹੇ ਹੋ ? ਮੈਂ ਕਿਧਰੇ ਗੁਆਚ ਥੋੜਾ ਹੀ ਗਈ ਹਾਂ ?"

ਉਹਦੇ ਚਿਹਰੇ ਵੱਲ ਧਿਆਨ ਨਾਲ ਵੇਖਦਿਆਂ ਵੇਖਦਿਆਂ ਮੈਨੂੰ ਵਾਕਿਈ ਕਈ ਵਾਰ ਇਹ ਇਹਸਾਸ ਹੋਇਆ ਹੈ ਕਿ ਉਹ ਉਥੇ ਹੈ ਹੀ ਨਹੀਂ । ਮੇਰਾ ਬੱਚਾ ਲਿਆਉਣ ਲਈ, ਪਤਾ ਨਹੀਂ, ਕਿੱਥੇ ਪੁੱਜ ਗਈ ਹੈ । ਪਤੀ ਅਤੇ ਪਤਨੀਆਂ ਸ਼ਾਇਦ ਏਸੇ ਕਰਕੇ ਮਿਲ ਨਹੀਂ ਪਾਉਂਦੇ । ਹਾਂ, ਰੰਭਾ ? ਉਹ ਤਾਂ ਮੇਰੀ ਮਹਿਬੂਬ ਸੀ । ਪੂਰੇ ਚਾਰ ਸਾਲ ਮੇਰੇ ਨਾਲ ਰਹੀ । ਉਹਨੂੰ ਆਪਣੇ ਬੱਚੇ ਦੀ ਮਾਂ ਦੇ ਰੂਪ 'ਚ ਵੇਖਣ ਬਾਰੇ ਤਾਂ ਮੈਂ ਕਦੇ ਸੋਚਿਆ ਵੀ ਨਹੀਂ ਸੀ । ਆਪਣਾ ਅੰਗ ਅੰਗ ਲਈ ਉਹ ਆਪਣੇ ਆਪ ਮੈਨੂੰ ਮਿਲੀ । ਹੁਣ ਕਿੱਥੇ ਹੈ, ਉਹ—? ਕੀ ਪਤਾ, ਮੈਥੋਂ ਗੁਆਚ ਕੇ ਕੀਹਦੇ ਢਏ ਚੜ੍ਹ ਗਈ ਹੋਵੇ ।

"ਮੈਂ ਤੁਹਾਡੇ ਨਾਲ ਲਸੰਸ ਲਭਾਉਂਨੀ ਆਂ ।"

"ਨਹੀਂ, ਤੂੰ ਆਰਾਮ ਕਰ ।" ਮੈਨੂੰ ਡਰ ਏ ਕਿ ਸ਼ੋਭਾ ਖਾਹ-ਮਖਾਹ ਬੱਚੇ ਦੇ ਆਰਾਮ ਵਿਚ ਵਿਘਨ ਪਾ ਰਹੀ ਏ । ਉਹ ਫਿਰ ਬਾਹਰ ਚਲੀ ਗਈ ਏ । ਮੈਂ ਕੁਰਸੀ ਫ਼ਾਈਲ-ਦਰਾਜ਼ ਵੱਲ ਮੋੜ ਲੈਨਾਂ । ਦਰਾਜ਼ ਖੋਲ੍ਹਦਿਆਂ ਹੋਇਆਂ ਆਪਣੇ ਆਪ ਨੂੰ ਹੀ ਕਹਿ ਰਿਹਾ ਕਿ ਬੇਧਿਆਨੀ ਵਿਚ ਸ਼ਾਇਦ ਲਸੰਸ ਮੈਂ ਕਿਸੇ ਫਾਈਲ ਵਿਚ ਰੱਖ ਬੈਠਾਂ ! ਸਭ ਤੋਂ ਪਹਿਲਾਂ ਗੱਡੀ ਦੀ ਫ਼ਾਈਲ ਵੇਖਾਂਗਾ ।—ਮੈਂ ਫ਼ਾਈਲਾਂ ਦੇ ਫਲੈਗ ਪੜ੍ਹਨ ਲਗਦਾ । ਹਾਊਸ ਰੈਂਟ, ਫ਼ਿਕਸਡ ਡਿਪਾਜ਼ਟ, ਇਨਸ਼ੁਅਰੈਂਸ—ਸ਼ੋਭਾ, ਮੈਂ ਘਬਰਾ ਕੇ ਪਤਨੀ ਨੂੰ ਆਵਾਜ਼ ਦੇਨਾਂ ।—ਏਥੇ ਤਾਂ ਗੱਡੀ ਦੀ ਫ਼ਾਈਲ ਵੀ ਕਿਧਰੇ ਨਹੀਂ ਦਿਸਦੀ—ਨਹੀਂ, ਨਹੀਂ, ਨਾ ਆਈਂ. ਮਿਲ ਗਈ ਏ । ਮੈਂ ਅਚਾਨਕ ਇਹ ਮਹਿਸੂਸ ਕਰਕੇ ਘਬਰਾ ਗਿਆ ਕਿ ਮੇਰੀ ਸਿਰ ਪੀੜ ਇਕਦਮ ਰੁਕ ਗਈ ਏ । ਪਰ ਨਹੀਂ, ਕੋਈ ਗੱਲ ਨਹੀਂ, ਦੋ ਤਿੰਨ ਛਿੱਕਾਂ ਆਉਣ-ਗੀਆਂ, ਅਤੇ ਇਹ ਆਪਣੇ ਆਪ ਹੀ ਤੁਰ ਪਵੇਗਾ । ਮੈਨੂੰ ਸਾਹ ਜ਼ਰਾ ਕੁ ਸੌਖਾ ਆਉਣ ਲਗਦਾ ।

ਦਰਾਜ਼ 'ਚੋਂ ਗੱਡੀ ਦੀ ਫ਼ਾਈਲ ਕੱਢ ਕੇ ਬੜੀ ਆਸਵੰਦ ਫੁਰਤੀ ਨਾਲ ਇਹਦੇ ਵਰਕੇ ਪਲਟਦਾ । ਲਸੰਸ ਮੇਰੀ ਨਜ਼ਰ ਵਿਚ ਸਾਫ਼ ਅਟਕਿਆ ਹੋਇਆ ਏ । ਪਰ ਇਹ ਫ਼ਾਈਲ ਵਿਚ ਨਹੀਂ ਏ । ਫ਼ਾਈਲ ਬੰਦ ਕਰਕੇ ਦਰਾਜ਼ 'ਚ ਰੱਖਣ ਲਗਦਾ, ਤਾਂ ਇਕ ਫ਼ੋਟੋ ਹੇਠਾਂ ਡਿਗਦਾ । ਮੈਂ ਚੁੱਕ ਲੈਨਾਂ । ਆਪਣੀ ਭੈਣ ਦਰਸ਼ਨਾਂ ਦਾ ਇਹ ਫ਼ੋਟੋ ਲੱਭਣ ਲਈ ਮੈਂ ਕਈ ਵਾਰ ਸਾਰਾ ਘਰ ਹੇਠ ਉੱਤੇ ਕੀਤਾ ਸੀ, ਅਤੇ ਨਾਲ ਹੀ ਆਪਣਾ ਜ਼ਿਹਨ ਵੀ । ਜਦੋਂ ਇਹ ਕਿਧਰੇ ਵੀ ਨਹੀਂ ਸੀ ਮਿਲਿਆ, ਤਾਂ ਮੈਂ ਅਸਲੋਂ ਬੌਂਦਲ ਗਿਆ ਸਾਂ ।—ਮੇਰੀ ਨਜ਼ਰ ? ਹਾਂ, ਇਹ ਤਸਵੀਰ ਵੀ ਮੇਰੀ ਨਜ਼ਰ ਨੇ ਹੀ ਚੁੱਕੀ ਸੀ, ਜਿਵੇਂ ਹੋਰ ਅਨੇਕ ਸ਼ੈਆਂ । ਪਰ ਉਥੋਂ ਸਰਕਦੀ ਸਰਕਦੀ ਇਹ ਮੇਰੇ ਜ਼ਿਹਨ 'ਚ ਆ ਗਈ ਸੀ । ਪਰ ਫਿਰ, ਪਤਾ ਨਹੀਂ, ਮੇਰੇ ਜ਼ਿਹਨ 'ਚੋਂ ਕਿਧਰ ਛਿਪਨ ਹੋ ਗਈ ਸੀ । ਸ਼ਾਇਦ ਮੈਨੂੰ ਆਪਣੇ ਵੱਲੋਂ ਬੇਧਿਆਨ ਹੋਇਆ ਵੇਖ ਕੇ ਇਹ ਉਥੇ ਹੀ ਕਿਧਰੇ ਜਾ ਵੜੀ ਸੀ ਜਿਥੋਂ ਇਹ ਗੁਆਚੀ ਸੀ । ਮੇਰੇ ਕੋਲ ਦਰਸ਼ਨਾਂ ਦੀ ਇਹ ਇੱਕੋ-ਇਕ ਤਸਵੀਰ ਸੀ । ਜਦੋਂ ਅਜੇ ਕੈਮਰੇ ਦੀ ਕਾਢ ਨਹੀਂ ਨਿਕਲੀ ਸੀ ਤਾਂ ਲੋਕ ਆਪਣੇ ਅਜ਼ੀਜ਼ਾਂ ਦੀਆਂ ਤਸਵੀਰਾਂ ਆਪਣੇ ਜ਼ਿਹਨਾਂ ਵਿਚ ਸਾਂਭ

ਕੇ ਰਖਦੇ ਸਨ, ਅਤੇ ਰੋਜ਼ ਰੋਜ਼ ਉਹਨਾਂ ਦੀ ਝਾੜ-ਪੂੰਝ ਕਰਦੇ ਰਹਿੰਦੇ ਸਨ । ਪਰ ਸਾਇੰਸ ਦੀਆਂ
ਬਰਕਤਾਂ ਨੇ ਉਹਨੂੰ ਨੂੰ ਆਪਣੀ ਇਸ ਜ਼ਿੰਮੇਦਾਰੀ ਤੋਂ ਮੁਕਤ ਕਰ ਦਿੱਤਾ । ਅੱਜਕੱਲ੍ਹ ਜਦੋਂ ਫਲੈਟ
ਦੀ ਝਾੜ-ਪੂੰਝ ਲਈ ਹੀ ਨੌਕਰ ਨਹੀਂ ਮਿਲਦੇ, ਤਾਂ ਜ਼ਿਹਨ ਦੀ ਸਾਫ਼-ਸਫਾਈ ਵੱਲ ਕਿਹੜਾ ਧਿਆਨ
ਦੇਂਦਾ ਫਿਰੇ । ਮੈਂ ਅਜੇ ਸਕੂਲੇ ਹੀ ਪੜ੍ਹਦਾ ਸਾਂ ਕਿ ਦਰਸ਼ਨਾ ਦਾ ਵਿਆਹ ਹੋ ਗਿਆ ਜੀ । ਆਪਣੇ
ਦਾਜ-ਦਹੇਜ ਦੇ ਨਾਲ ਮੇਰਾ ਬਚਪਨ ਵੀ ਬੰਨ੍ਹ-ਸਾਂਭ ਕੇ ਉਹ ਆਪਣੇ ਪਤੀ ਨਾਲ ਸਮੁੰਦਰ-ਪਾਰ ਚਲੀ
ਗਈ । ਮੈਂ ਕਾਲਜ ਆ ਗਿਆ । ਮੈਨੂੰ ਉਹਦੀਆਂ ਚਿੱਠੀਆਂ ਆਉਂਦੀਆਂ ਰਹੀਆਂ । ਪਰ ਜਿਸ
ਕਿਸੇ ਨੂੰ ਆਪਣੇ ਜਰੂਰੀ ਕੰਮਾਂ-ਧੰਦਿਆਂ ਲਈ ਵੀ ਪੜ੍ਹਨ-ਲਿਖਣ ਤੋਂ ਆਵਾਜ਼ਾਰੀ ਹੁੰਦੀ ਹੋਵੇ, ਉਹਨੂੰ
ਆਪਣੀਆਂ ਮੁਹੱਬਤਾਂ ਨੂੰ ਟੇਢਾ-ਮੇਢਾ ਲਿਖਣਾ ਕਿਵੇਂ ਰਾਸ ਆਏ ? ਮੈਂ ਤਾਂ ਬਾਪੂ ਦੀਆਂ ਚਿੱਠੀਆਂ
ਦੇ ਉੱਤਰ ਵੀ ਦੋ ਲਫ਼ਜ਼ੀ ਦਿਆ ਕਰਦਾ ਸਾਂ । ਉਹ ਇਹਨਾਂ ਤੋਂ ਅਕਸਰ ਚਿੜੇ ਰਹਿੰਦੇ ।

"ਸਮਝ ਨਹੀਂ ਆਉਂਦਾ, ਬਾਪੂ, ਕੀ ਲਿਖਾਂ ।"

"ਬੱਸ, ਜੋ ਵੀ ਹੋਵੇ. ਤੂੰ ਲਿਖ ਦਿਆ ਕਰ ।"

ਹੁੰਦਾ ਕੀ ਏ ? ਬੱਸ, ਇਹੀ ਨਾ, ਕਿ ਦੋ ਅਤੇ ਦੋ ਚਾਰ । ਇਹ ਵੀ ਕੋਈ ਲਿਖਣ ਵਾਲੀ
ਗੱਲ ਹੋਈ, ਭਲਾ ! ਕੀ ਦੱਸੇ ਕੋਈ ? ਪਰ ਜਿਸ ਦਿਨ ਦਰਸ਼ਨਾਂ ਦੇ ਪਤੀ ਦੀ ਤਾਰ ਆਈ ਕਿ ਉਹ
ਪਰਸੂਤ ਵਿਚ, ਹਸਪਤਾਲ 'ਚ ਹੀ ਦਮ ਤੋੜ ਗਈ ਹੈ, ਉਸ ਦਿਨ ਮੈਂ ਬਹੁਤ ਰੋਇਆ । ਉਸੇ ਦਿਨ
ਹੀ ਮੇਰੀ ਪਹਿਲੀ ਪਤਨੀ ਰੰਭਾ ਨੇ ਮੈਥੋਂ ਤਲਾਕ ਲਿਆ ਸੀ । ਮੈਂ ਤਲਾਕ ਦੇ ਫੈਸਲੇ ਨੂੰ ਬੜੇ ਆਰਾਮ
ਨਾਲ ਕਬੂਲ ਕੀਤਾ ਸੀ । ਪਰ ਮੇਰਾ ਖਿਆਲ ਹੈ ਕਿ ਰੰਭਾ ਨੂੰ ਗਵਾਉਣ 'ਤੇ ਰੱਜ ਕੇ ਰੋਣ ਦਾ
ਹੌਸਲਾ ਮੈਨੂੰ ਭੈਣ ਦੀ ਮੌਤ ਦੀ ਸੁਣਾਉਣੀ ਨੇ ਹੀ ਦਿੱਤਾ ਸੀ । ਰੋਂਦਿਆਂ ਰੋਂਦਿਆਂ ਮੈਂ ਦਰਸ਼ਨਾ
ਦੀ ਸ਼ਕਲ ਨੂੰ ਅੱਖਾਂ 'ਚ ਬੰਨ੍ਹਣ ਦੀ ਕੋਸ਼ਿਸ਼ ਕੀਤੀ । ਪਰ ਸਫਲ ਨਾ ਹੋਇਆ । ਫ਼ਿਰ ਉਹਦੀ ਫੋਟੋ
ਲੱਭਣੀ ਸ਼ੁਰੂ ਕੀਤੀ । ਬਹੁਤ ਲੱਭੀ । ਜਦੋਂ ਨਾ ਹੀ ਮਿਲੀ ਤਾਂ ਪਰੇਸ਼ਾਨ ਹੋ ਉਠਿਆ ।—ਹੁਣ ਕੀ
ਹੋਵੇਗਾ ?—ਹੋਣਾ ਕੀ ਸੀ ?—ਬੱਸ ਮੈਂ ਉਹਨੂੰ ਭੁੱਲ ਗਿਆ । ਉਹ ਵਿਚਾਰੀ ਕੋਈ ਭਗਵਾਨ ਤਾਂ
ਨਹੀਂ ਸੀ ਕਿ ਉਹਦੀ ਸੂਰਤ ਜ਼ਿਹਨ ਵਿਚ ਨਾ ਹੁੰਦਿਆਂ ਵੀ ਉਹਦੇ ਨਾਂ ਦੀ ਮਾਲਾ ਜਪਦਾ
ਰਹਿੰਦਾ ।

ਕਿੰਨੀ ਅਜੀਬ ਗੱਲ ਹੈ ਕਿ ਆਪਣੀਆਂ ਗੁਆਚੀਆਂ ਹੋਈਆਂ ਨਿਰਸੁਆਰਥ ਮੁਹੱਬਤਾਂ ਦੀ
ਪੈੜ ਤੁਹਾਨੂੰ ਆਪਣੇ ਕਿਸੇ ਪੁਰਾਣੇ ਕੋਟ ਦੀ ਪਾਟੀ ਹੋਈ ਜੇਬ ਦੀਆਂ ਹੇਠਲੀਆਂ ਤਹਿਆਂ 'ਚੋਂ ਮਿਲਦੀ
ਹੈ, ਜਾਂ ਗੱਡੀ ਦੇ ਅਨਿਜੀ ਕਾਗਜ਼ਾਂ ਦੀ ਫ਼ਾਈਲ ਵਿਚ । ਮਿਲਦੀ ਵੀ ਇਤਫ਼ਾਕਨ ਹੈ, ਐਵੇਂ ਮੌਕੇ
ਕੁਮੌਕੇ । ਕੀ ਮੁਹੱਬਤਾਂ ਆਪਣੇ ਆਪ ਹੀ ਕੁਵੇਲੇ ਜਾਂ ਸੁਵੇਲੇ ਦੀਆਂ ਬਣ ਜਾਂਦੀਆਂ ਹਨ, ਜਾਂ ਮੁਹੱ-
ਬਤ ਕਰਨ ਵਾਲਾ ਆਪ ਹੀ ਵੇਲੇ-ਵਕਤ ਨਾਲ ਜੁੜਦਾ-ਟੁੱਟਦਾ ਤੁਰਿਆ ਜਾਂਦਾ ਹੈ ?

ਦਰਸ਼ਨਾ ਦੀ ਤਸਵੀਰ ਵਿਹੰਦਿਆ ਵਿਹੰਦਿਆਂ ਮੈਂ ਆਪਣੇ ਵਜੂਦ ਵਿਚ ਦਰਸ਼ਨਾਂ ਦਾ
ਪਿਆਰ ਜਗਾਉਣ ਦਾ ਜਤਨ ਕਰਦਾ ਹਾਂ । ਪਰ ਮੇਰਾ ਅੰਦਰਲਾ . ਤਾਂ ਗੁਆਚੇ ਹੋਏ ਲਸੰਸ ਦਾ ਖੁਰਾ
ਲੱਭਣ 'ਚ ਮਸਰੂਫ਼ ਹੈ । ਮੈਂ ਭੈਣ ਦੀ ਤਸਵੀਰ ਨੂੰ ਬੇਧਿਆਨੀ ਜਿਹੀ ਵਿਚ ਇਕ ਪਾਸੇ ਰੱਖ ਦੇਨਾਂ ।
ਮੇਰੀ ਨਜ਼ਰ ਵਿਚ ਗੱਡੀ ਦਾ ਲਸੰਸ ਹੂ-ਬਹੂ ਮੌਜੂਦ ਏ । ਪਰ ਗੁਆਚੀ ਹੋਈ ਸ਼ੈਅ ਮੌਜੂਦ ਹੋਣ ਦੀ
ਬਜਾਏ ਸਿਰਫ਼ ਦਿਸਦੀ ਹੈ । ਮੈਂ ਆਪਣੇ ਆਪ ਤੋਂ ਪੁਛਦਾ ਕਿ ਇਹਨੂੰ ਹੁਣ ਕਿੱਥੇ ਲੱਭਾਂ ? ਕਿਸੇ
ਅਣਕਿਆਸੀ ਥਾਂ ? ਆਪਣੇ ਜੰਮਣ ਵਾਲੇ ਬੱਚੇ ਦੇ ਕਪੜਿਆਂ ਵਿਚ, ਬੀਵੀ ਦੀਆਂ ਸਾੜ੍ਹੀਆਂ ਵਿਚ,
ਜਾਂ ਰਸੋਈ ਵਿਚ ? ਆਖਿਰ ਕਿੱਥੇ ? ਅਸੀਂ ਮੁਹੱਬਤ ਜਾਂ ਨਫ਼ਰਤ, ਜੋ ਵੀ ਕਰਦੇ ਹਾਂ, ਸਿਰਫ਼ ਉਹੀ



ਕਰਦੇ ਹਾਂ ਜਿਸਦੀ ਉਸ ਵੇਲੇ ਸਾਨੂੰ ਹਾਜਤ ਹੁੰਦੀ ਹੈ । ਨਹੀਂ ਤਾਂ ਇਹ ਕਿਵੇਂ ਹੋ ਜਾਂਦਾ ਏ, ਕਿ ਆਪਣੀ ਮਹਿਬੂਬਾ ਦੇ ਗਲ 'ਚ ਬਾਹਾਂ ਪਾਈ ਖਲੋਤੇ ਅਸੀਂ ਅਜਾਨਕ ਲੈਟਰੀਨ ਵੱਲ ਭੱਜ ਉਠਦੇ ਹਾਂ । ਮੈਂ ਦਰਸ਼ਨਾ ਦੀ ਤਸਵੀਰ ਫਿਰ ਚੁੱਕ ਲੈਂਦਾ ਹਾਂ । ਪਰ ਇਕ ਝਾਤ ਜਿਹੀ ਮਾਰ ਕੇ ਫਿਰ ਪਰ੍ਹਾਂ ਰੱਖ ਦੇਨਾਂ ।

ਮੈਂ ਸੋਚਦਾ—ਜੇ ਲਸੰਸ ਨਾ ਮਿਲਿਆ ਤਾਂ ਗੜਬੜ ਹੋ ਜਾਏਗੀ । ਮੈਂ ਇਕ ਦਹਾਕਾ ਪਹਿਲਾਂ ਇਹ ਜੱਬਲਪੁਰੋਂ ਬਣਵਾਇਆ ਸੀ । ਫਿਰ ਬਦਲੀ ਹੈਦਰਾਬਾਦ ਦੀ ਹੋਈ ਤਾਂ ਉਥੋਂ ਨਵਾਂ ਕਰ-ਵਾਇਆ । ਤਿੰਨ ਤੇ ਤਿੰਨ ਹੋਏ ਛੇ, ਫਿਰ ਤਿੰਨ, ਕੁੱਲ ਹੋ ਗਏ ਨੌਂ ਸਾਲ । ਇਹਦਾ ਮਤਲਬ ਇਹ ਹੋਇਆ ਕਿ ਲਸੰਸ ਨੂੰ ਨਵਾ ਕਰਾਉਣ ਦੀ ਮਿਆਦ ਮੁੱਕੀ ਨੂੰ ਪੂਰਾ ਇਕ ਵਰ੍ਹਾ ਹੋ ਗਿਆ ਏ ।—ਇਕ ਤਾਂ ਗੱਡੀ ਸਰਪੱਟ ਭਜਾਉਂਦਿਆਂ ਇਕ ਗਰੀਬ ਨੂੰ ਸੱਟ ਮਾਰੀ, ਦੂਜੇ ਲਸੰਸ ਵੀ ਗੁੰਮ, ਅਤੇ ਤੀਜੇ, ਮੈਂ ਲਸੰਸ ਨਵਾਂ ਵੀ ਨਹੀਂ ਕਰਵਾਇਆ । ਸੱਚਮੁੱਚ ਹੀ ਘਬਰਾਉਣ ਲਗਦਾ । ਪਰ ਆਪਣੇ ਆਪ ਨੂੰ ਸਮਝਾ ਰਿਹਾ—ਆਰਾਮ ਨਾਲ ਬੈਠ, ਇਹ ਸਮਾਂ ਵੀ ਟਲ ਜਾਏਗਾ, ਅਤੇ ਸਮਾਂ ਟਲ ਜਾਣ ਨਾਲ ਵੱਡੀ ਤੋਂ ਵੱਡੀ ਸ਼ੈਅ ਵੀ ਬੇਲੋੜੀ ਹੋ ਜਾਂਦੀ ਏ । ਮੈਨੂੰ ਅਚਾਨਕ ਯਾਦ ਆਉਂਦਾ ਮੈਂ ਤਾਂ ਸ਼ੋਭਾ ਨੂੰ ਮੈਡੀਕਲ ਚੈਕਅੱਪ ਲਈ ਡਾਕਟਰ ਕੋਲ ਲਿਜਾਵਾਂ । ਔਰਤ ਮਾਂ ਬਣਨ ਵਾਲੀ ਹੋਵੇ ਤਾਂ ਉਹਦੇ ਨਾਲ ਹਰ ਸਮੇਂ ਬਹੁਤ ਮੁਹੱਬਤ ਭਰਿਆ ਸਲੂਕ ਕਰਨਾ ਚਾਹੀਦਾ । ਪਰ ਕਰਾਂ ਕੀ, ਫੋਕਟ ਦੇ ਕੰਮ ਹੀ ਖਹਿੜਾਂ ਨਹੀਂ ਛਡਦੇ । ਉਹ ਵਿਚਾਰੀ ਸ਼ਿਕਾਇਤ ਵੀ ਕਰੇ ਤਾਂ ਕੀਹਦੇ ਨਾਲ ? ਸਾਰਾ ਸਾਲ ਏਸੇ ਤਰ੍ਹਾਂ ਹੀ ਬੀਤ ਗਿਆ । ਗੱਡੀ ਤਾਂ ਰਿੜ੍ਹਦੀ ਗਈ, ਪਰ—ਮੈਂ ਲਾਚਾਰੀ ਜਿਹੀ ਵਿਚ ਮੁਸਕਰਾ ਕੇ ਸਿਰ ਝਟਕਿਆ—ਪਰ, ਲਸੰਸ ਦੇ ਬਿਨਾ ਹੀ ।

ਉੱਠ ! ਮੈਂ ਆਪਣੇ ਆਪ ਨੂੰ ਕਿਹਾ । ਬੀਵੀ ਨੂੰ ਡਾਕਟਰ ਕੋਲ ਲੈ ਜਾ । ਹੁਣ ਕਿਤੇ ਜਾ ਕੇ ਬਾਪ ਬਣਨ ਦੀ ਖਾਹਸ਼ ਪੂਰੀ ਹੋਣ ਦਾ ਸਮਾਂ ਆਇਆ । ਉੱਠ, ਅਤੇ ਵੇਖ ਕਿਸਮਤ ਪਰਦੇ ਦੇ ਉਹਲੇ ਕੀ ਕੀ ਮਾਣਕ-ਮੋਤੀ ਲਈ ਖੜੀ ਹੈ—। ਜਦੋਂ ਵੀ ਕੋਈ ਚੰਗੀ ਗੱਲ ਸੋਚ ਕੇ ਖੁਸ਼ ਹੁੰਦਾ ਹਾ, ਤਾਂ ਮੈਨੂੰ ਸਿਗਰਟ ਦੀ ਬੜੀ ਤਲਬ ਹੁੰਦੀ । ਮੈਨੂੰ ਪਤਾ ਏ ਕਿ ਮੇਰੇ ਸਾਹਮਣੇ ਪਈ ਡੱਬੀ ਬਿਲਕੁਲ ਖਾਲੀ ਏ, ਫਿਰ ਵੀ ਮੈਂ ਉਹਨੂੰ ਖੋਲ੍ਹ ਕੇ ਦੇਖਦਾ ।

"ਸ਼ੋਭਾ !" ਮੈਂ ਪਤਨੀ ਨੂੰ ਆਵਾਜ਼ ਦੇਨਾਂ । ਪਰ ਫ਼ਿਰ ਆਪੇ ਹੀ ਕਹਿਨਾਂ, "ਨਹੀਂ, ਕੁਝ ਨਹੀਂ" ।

ਕੁਝ ਦੇਰ ਲਈ ਆਪਣੇ ਆਪ ਨੂੰ ਰੋਕਦਾ ਸ਼ਾਇਦ ਲਸੰਸ ਕਿਧਰੇ ਮਿਲ ਹੀ ਜਾਵੇ, ਥੋੜਾ ਹੋਰ ਫੋਲ-ਲਭਾ ਲਵਾਂ । ਮੈਂ ਸਿਰ ਫਿਰ ਦਰਾਜ਼ ਵੱਲ ਘੁਮਾਇਆ ਏ, ਅਤੇ ਆਪਣੇ ਸਰਟੀਫਿਕੇਟਾਂ ਵਾਲੀ ਫ਼ਾਈਲ ਫਰੋਲਣ ਲਗਦਾ ।

ਇਸ ਫਾਈਲ ਵਿਚ ਮੈਟਰਿਕ ਤੋਂ ਲੈ ਕੇ ਐਮ. ਏ. ਤਕ ਮੇਰੇ ਸਾਰੇ ਸਰਟੀਫ਼ਿਕੇਟ ਅਤੇ ਡਿਗਰੀਆਂ ਰੱਖੀਆਂ ਹੋਈਆਂ ਹਨ । ਇਹਨਾਂ ਦੀ ਕਿਰਪਾ ਨਾਲ ਹੀ ਅੱਜ ਮੈਂ ਯੂਨੀਵਰਸਿਟੀ ਦੀ ਇੰਜੀਨੀਅਰਿੰਗ ਫੈਕਲਟੀ ਦਾ ਡੀਨ ਬਣਿਆ ਬੈਠਾ । ਇਹਨਾਂ ਡਿਗਰੀਆਂ ਦੇ ਵਿਸ਼ੇ ਤਾਂ ਲਗਭਗ ਸਾਰੇ ਹੀ ਭੁੱਲ ਚੁਕਾਂ, ਪਰ ਕੌਣ ਹੈ ਜੋ ਮੇਰੇ ਵੱਲ ਉਂਗਲ ਕਰ ਸਕੇ । ਮੈਂ ਫਿਰ ਲਾਚਾਰੀ ਜਿਹੀ ਵਿਚ ਮੁਸਕਰਾਉਣ ਲਗਦਾ । ਸਾਰਾ ਮਸਲਾ ਤਾਂ ਲਸੰਸ ਦਾ ਏ ।—ਫ਼ਾਈਲ ਵਿਚ ਪਏ ਇਕ ਕਾਗਜ 'ਤੇ ਮੇਰੀਆਂ ਨਜ਼ਰਾਂ ਅਟਕ ਜਾਂਦੀਆਂ । ਹੈਂ, ਡਾਕਟਰ ਦਾ ਇਹ ਨੁਸਖਾ ਏਥੇ ਕਿਵੇਂ ਆ ਗਿਆ ?—ਕੁਝ ਮਹੀਨੇ ਪਹਿਲਾਂ ਬੰਬਈ ਤੋਂ ਏਥੇ ਆਏ ਇਕ ਮਸ਼ਹੂਰ ਡਾਕਟਰ ਕੋਲ ਮੈਂ ਸ਼ੋਭਾ ਨੂੰ

ਲੈ ਗਿਆ ਸਾਂ—ਸਾਡੇ ਬੱਚਾ ਕਿਉਂ ਨਹੀਂ ਹੁੰਦਾ ? ਡਾਕਟਰ ਨੇ ਨੁਸਖਾ ਲਿਖ ਕੇ ਵਿਸ਼ਵਾਸ ਦੁਆ-
ਇਆ ਸੀ ਕਿ ਦਵਾਈ ਖਾਣ ਨਾਲ ਦੋ-ਤਿੰਨ ਮਹੀਨਿਆਂ ਵਿਚ ਹੀ ਬੱਚਾ ਠਹਿਰ ਜਾਏਗਾ । ਪਰ
ਮੈਂ ਤਾਂ ਦਵਾਈ ਖਰੀਦਣ ਤੋਂ ਪਹਿਲਾਂ ਹੀ ਪਰਚੀ ਗੁਆ ਬੈਠਾ । ਬਹੁਤ ਲੱਭੀ । ਨਾ ਮਿਲੀ ਤਾਂ
ਚੁੱਪ ਕਰਕੇ ਬਹਿ ਗਏ । ਕਰਦੇ ਵੀ ਕੀ । ਹੁਣ ਕਮਬਖਤ ਆਪਣੇ ਆਪ ਹੀ ਲੱਭ ਪਈ ਏ । ਪਰ
ਹੁਣ ਕਿਸ ਕੰਮ । ਸ਼ੋਭਾ ਤਾਂ ਦਵਾਈ ਤੋਂ ਬਿਨਾਂ ਹੀ ਗਰਭਵਤੀ ਹੋ ਗਈ ਏ । ਇਹ ਗੱਲ ਮੈਂ
ਆਪਣੇ ਆਪ ਨੂੰ ਇਸ ਤਰ੍ਹਾਂ ਸਮਝਾ ਰਿਹਾ, ਜਿਵੇਂ ਸ਼ੋਭਾ ਮੇਰੇ ਤੋਂ ਬਿਨਾਂ ਆਪਣੇ-ਆਪ ਹੀ ਮੇਰੇ ਬੱਚੇ
ਦੀ ਮਾਂ ਬਣਨ ਵਾਲੀ ਹੋ ਗਈ ਹੋਵੇ ।

"ਸ਼ੋਭਾ !" ਮੈਂ ਸ਼ੋਭਾ ਨੂੰ ਫਿਰ ਆਵਾਜ਼ ਦੇਨਾਂ, ਤਾਂ ਜੋ ਉਹਨੂੰ ਇਹ ਪਰਚੀ ਵਿਖਾਵਾਂ । ਜਦੋਂ
ਉਹਦਾ ਹੁੰਗਾਰਾ ਨਹੀਂ ਮਿਲਦਾ ਤਾਂ ਸੋਚਦਾ— ਲਸੰਸ ਵੀ ਉਦੋਂ ਹੀ ਮਿਲੇਗਾ ਜਦੋਂ ਇਹਦੀ ਲੋੜ
ਨਹੀਂ ਰਹੇਗੀ ।

ਆਪਣੇ ਘਰ ਦੇ ਨੇੜੇ ਅਕਸਰ ਹੀ ਇਕ ਪਾਗਲ ਬੁੱਢੇ ਨੂੰ ਵੇਖਦਾ । ਉਹ ਪਾਟੇ-ਪੁਰਾਣੇ ਕਪੜੇ
ਪਾਈ ਗਲ ਵਿਚ ਕਈ ਚਾਬੀਆਂ ਲਟਕਾਈ ਫਿਰਦਾ ਰਹਿੰਦਾ । ਜੇਬਾਂ ਵਿਚ ਕਾਗਜ਼ ਤੁੰਨੇ ਹੁੰਦੇ ਨੇ
ਅਤੇ ਮੋਢੇ 'ਤੇ ਰੱਖੀ ਡਾਂਗ ਨਾਲ ਬੱਧੀ ਗੰਢੜੀ ਵਿਚੋਂ ਅਨੇਕ ਪੁਰਾਣੀਆਂ, ਅਜੀਬ ਅਜੀਬ ਸ਼ੈਆਂ
ਆਪੋ-ਆਪਣਾ ਸਿਰ ਬਾਹਰ ਕੱਢੀ ਲਟਕ ਰਹੀਆਂ ਹੁੰਦੀਆਂ ।

ਮੇਰੀ ਬੀਵੀ ਨੇ ਮੈਨੂੰ ਦਸਿਆ ਹੋਇਆ ਏ ਕਿ ਕਦੇ ਇਹ ਬੁੱਢਾ ਬਹੁਤ ਵੱਡਾ ਸ਼ਾਹੂਕਾਰ ਹੁੰਦਾ
ਸੀ । ਆਪਣਾ ਸਭ ਕੁਝ ਸੰਭਾਲਦਾ ਸੰਭਾਲਦਾ ਹੀ ਵਿਚਾਰਾ ਪਾਗਲ ਹੋ ਗਿਆ । ਹੁਣ ਉਹ ਜਿਵੇਂ
ਆਪਣੇ ਬੀਤੇ ਵਿਚ ਹੀ ਜਿਊ ਰਿਹਾ ਹੋਵੇ । ਉਹਨਾਂ ਹੀ ਸਮਿਆਂ ਦੀਆਂ ਲੋੜਾਂ ਨੂੰ ਜਾਨ ਨਾਲ ਲਾਈ
ਫਿਰਦਾ ਏ ।

"ਤੂੰ ਏਸੇ ਲਈ ਮੈਨੂੰ ਕਹਿੰਦੀ ਰਹਿੰਨੀ ਏਂ ਕਿ ਆਪਣਾ ਸਭ ਕੁਝ ਸੰਭਾਲ ਕੇ ਰੱਖਿਆ
ਕਰੋ ।"

"ਨਹੀਂ, ਤੁਸੀਂ ਤਾਂ ਗੁਆ ਗੁਆ ਕੇ ਹੀ ਪਾਗਲ ਹੋਏ ਹੋ ।"

"ਤੈਨੂੰ ਤਾਂ ਨਹੀਂ ਨਾ ਗੁਆਇਆ ?"

"ਮੇਰੀ ਤਾਂ ਬੜੀ ਰੀਝ ਹੈ ਕਿ ਮੈਨੂੰ ਵੀ ਗੁਆ ਲਓ, ਅਤੇ ਫਿਰ ਹਰ ਵਕਤ ਲਭਦੇ ਫਿਰੋ ।

ਸ਼ੋਭਾ ਨੂੰ ਇਹ ਨਹੀਂ ਪਤਾ ਕਿ ਮੈਂ ਇਹਨਾਂ ਅਮੂਰਤ ਭਾਵਨਾਵਾਂ ਲਈ ਆਪਣਾ ਸਮਾਂ ਬਰ-
ਬਾਦ ਨਹੀਂ ਕਰਦਾ । ਇਹ ਭਾਵਨਾਵਾਂ ਤਾਂ ਲਹੂ ਵਿਚ ਐਵੇਂ ਹੀ ਤਰਥੱਲੀ ਮਚਾ ਦਿੰਦੀਆਂ ਨੇ । ਫਿਰ
ਮਨੁੱਖ ਦੇ ਅੰਦਰਲਾ ਉਹੀ ਰੂਪ ਧਾਰ ਲੈਂਦਾ ਹੈ, ਜਿਹੜਾ ਉਸ ਪਾਗਲ ਬੁੱਢੇ ਦੇ ਬਾਹਰਲੇ ਨੇ
ਧਾਰਿਆ ਹੋਇਆ ਏ । ਸੋਭਾ ਨਾਲ ਮੈਂ ਮੁਹੱਬਤ ਇਸ ਲਈ ਕਰਦਾ ਕਿਉਂਕਿ ਟੈਲੀਫੋਨ, ਪੈੱਨ,
ਗੱਡੀ ਦੇ ਲਸੰਸ ਵਾਂਗ ਉਹ ਵੀ ਮੇਰੀ ਇਕ ਠੋਸ ਲੋੜ ਹੈ । ਉਹਨੂੰ ਵਾਕਿਈ ਇਹ ਨਹੀਂ ਪਤਾ ਕਿ
ਜੇ ਮੈਂ ਉਹਨੂੰ ਗੁਆ ਬੈਠਾ, ਤਾਂ ਮੈਂ ਸੱਚਮੁੱਚ ਹੀ ਪਾਗਲ ਹੋ ਜਾਵਾਂਗਾ । ਜਦੋਂ ਕਦੇ ਉਹ ਮੈਨੂੰ ਰੰਭਾ
ਦੇ ਪਿਆਰ ਦਾ ਤਾਅਨਾ ਦੇਂਦੀ ਏ, ਤਾਂ ਮੈਂ ਉਹਨੂੰ ਗਲ ਨਾਲ ਲਾਕੇ ਦਿਲਾਸਾ ਦੇਨਾਂ ਕਿ ਮੇਰਾ
ਸਭ ਕੁਝ ਹੁਣ ਉਹਦੇ ਨਾਲ ਹੈ । ਰੰਭਾ ਨਾਲ ਮੇਰਾ ਹੁਣ ਕੀ ਵਾਸਤਾ । ਮੈਂ ਉਸ ਵੇਲੇ ਨਿਰੋਲ
ਸੱਚ ਬੋਲ ਰਿਹਾ ਹੁੰਨਾਂ । ਕੋਈ ਮੂਰਖ ਹੀ ਹੋਵੇਗਾ ਜੋ ਖਾਲਮ-ਖਾਲੀ ਭਾਵਨਾ ਦੇ ਗਲ ਵਿਚ ਬਾਹਾਂ
ਪਾ ਕੇ ਬੱਚੇ ਦਾ ਬਾਪ ਬਣਨ ਦੀ ਰੀਝ ਪੂਰੀ ਕਰਨਾ ਚਾਹੁੰਦਾ ਹੋਵੇ ।

ਸ਼ੋਭਾ ਸਜ-ਫੱਬ ਕੇ ਕਮਰੇ 'ਚ ਆਈ ਏ । ਉਹਦੀਆਂ ਚਮਕਦੀਆਂ ਅੱਖਾਂ ਆਪਮੁਹਾਰੇ ਮੇਰਾ
ਧਿਆਨ ਖਿਚਦੀਆਂ ਹਨ । ਮੇਰਾ ਬੱਚਾ ਉਹਦੀ ਕੁੱਖ 'ਚੋਂ ਜਾਗ ਕੇ ਹੁਣ ਫਿਰ ਉਹਦੀਆਂ ਅੱਖਾਂ ਵਿਚ
ਖੇਡਣ ਆ ਲੱਗਾ ਏ ।



"ਬਹਿ ਜਾ, ਖੜੀ ਕਿਉਂ ਏਂ ?"

"ਡਾਕਟਰ ਕੋਲ ਨਹੀਂ ਲਿਜਾਉਗੇ ?"

"ਚਲੋ......।"

"ਪਹਿਲਾਂ ਹੱਥ ਮੂੰਹ ਤਾਂ ਧੋ ਲਓ ।"

"ਨਹੀਂ, ਮੈਂ ਠੀਕ ਹਾਂ ।"

ਅਸੀਂ ਦੋਵੇਂ ਫ਼ਲੈਟ 'ਚੋਂ ਨਿਕਲ ਕੇ ਗੱਡੀ 'ਚ ਆ ਬੈਠੇ ਹਾਂ । ਗੱਡੀ ਸਟਾਰਟ ਕਰਦਿਆਂ ਮੈਨੂੰ ਇੰਝ ਲਗ ਰਿਹਾ ਜਿਵੇਂ ਮੈਂ ਕੋਈ ਜੁਰਮ ਕਰ ਰਿਹਾ ਹੋਵਾਂ । ਲਸੰਸ । ਮੈਂ ਗੱਡੀ ਬਾਹਰ ਕੱਢ-ਦਿਆਂ ਹੋਇਆਂ ਏਨਾ ਬੌਂਦਲ ਗਿਆ ਹਾਂ ਕਿ ਸੱਜੇ ਪਾਸਿਉਂ ਆਉਂਦੀ ਗੱਡੀ ਨਾਲ ਗੱਡੀ ਟੱਕਰਦੀ ਟੱਕਰਦੀ ਮਸਾਂ ਬਚੀ ਏ ।

"ਗੱਡੀ ਅਰਾਮ ਨਾਲ ਚਲਾਓ. ਘਬਰਾਏ ਹੋਏ ਕਿਉਂ ਹੋ ?"

ਸ਼ੋਭਾ ਦੀ ਡਾਕਟਰ ਦਾ ਕਲਿਨਿਕ ਸੜਕ ਕੰਢੇ ਹੀ, ਦੋ ਕੁ ਫ਼ਰਲਾਂਗ ਦੇ ਫਾਸਲੇ 'ਤੇ ਹੈ । ਮੈਂ ਆਪਣੀ ਬੌਂਦਲਾਹਟ ਵਿਚ ਅਗਾਂਹ ਨਿਕਲ ਗਿਆ ਹਾਂ । ਸ਼ੋਭਾ ਚੀਕ ਕੇ ਕਹਿੰਦੀ ਏ —ਕਿੱਥੇ ਜਾ ਰਹੇ ਓ ? ਮੈਂ ਇਕ ਦਮ ਬਰੇਕ ਮਾਰਦਾ ਹਾਂ । ਪਿੱਛੇ ਆਉਂਦੀ ਤੇਜ਼-ਰਫਤਾਰ ਗੱਡੀ 'ਚੋਂ ਇਕ ਸਿਰ ਬਾਹਰ ਨਿਕਲਦਾ ਏ, ਅਤੇ ਨਾਲ ਹੀ ਮੋਟੀ ਜਿਹੀ ਗਾਲ੍ਹ । ਮੈਂ ਸ਼ਰਮਿੰਦਗੀ ਜਿਹੀ ਵਿਚ ਗੱਡੀ ਨੂੰ ਕਲਿਨਿਕ ਦੇ ਸਿਹਨ ਵੱਲ ਮੋੜ ਦਾ ਹਾਂ ।

ਡਾਕਟਰ ਆਪਣੇ ਮਸ਼ਵਰਾ-ਕਮਰੇ ਵਿਚ ਸਾਡੀ ਉਡੀਕ 'ਚ ਬੈਠੀ ਏ । ਮੈਂ ਸੋਭਾ ਨੂੰ ਉਹਦੇ ਕੋਲ ਛੱਡ ਕੇ ਬਾਹਰ ਆ ਜਾਨਾਂ । ਲਾਉਂਜ ਵਿਚ ਏਨੇ ਖੂਬਸੂਰਤ ਬੱਚਿਆਂ ਦੀਆਂ ਤਸਵੀਰਾਂ ਲਟਕ ਰਹੀਆਂ ਹਨ ਕਿ ਵੇਖਦਿਆਂ ਭੁੱਖ ਲਹਿੰਦੀ ਏ । ਮੈਂ ਹੌਲਾ-ਫੁੱਲ ਮਹਿਸੂਸ ਕਰਦਾ ਹਾਂ । ਇਕ ਬੜਾ ਪਿਆਰਾ, ਗੋਲਮਟੋਲ ਜਿਹਾ ਬੱਚਾ ਤਸਵੀਰ ਵਿਚੋਂ ਨਿਕਲ ਕੇ ਰਿੜ੍ਹਦਾ ਰਿੜ੍ਹਦਾ ਮੇਰੇ ਵੱਲ ਤੁਰਿਆ ਆਉਂਦਾ ਏ । ਮੈਂ ਉੱਠ ਕੇ ਉਹਦੇ ਕੋਲ ਜਾ ਖਲੋਨਾ, ਜਿਵੇਂ ਹੁਣੇ ਉਹਨੂੰ ਆਪਣੀਆਂ ਬਾਹਾਂ 'ਚ ਲੈ ਲਵਾਂਗਾ ।

ਮੈਂ ਦੇਰ ਤੱਕ ਖਲੋਤਾ ਬੱਚੇ ਨੂੰ ਇਕ ਟੱਕ ਵੇਖਦਾ ਰਹਿਨਾਂ । ਇਹਨੂੰ ਆਪਣੇ ਲਹੂ ਵਿਚ ਰਿੜ੍ਹ ਰਿਹਾ ਮਹਿਸੂਸ ਕਰਦਾ । ਸੋਚਦਾ—ਅੱਜਕਲ੍ਹ ਕੰਮ ਧੰਦੇ ਤੋਂ ਵਿਹਲਾ ਹੋ ਕੇ ਮੈਨੂੰ ਆਪਣਾ ਬਹੁਤਾ ਸਮਾਂ ਸ਼ੋਭਾ ਨਾਲ ਬਿਤਾਉਣਾ ਚਾਹੀਦਾ ਏ । ਉਹਨੂੰ ਖੁਸ਼ ਰਖਣਾ ਬਹੁਤ ਜ਼ਰੂਰੀ ਏ । ਏਨੇ ਨੂੰ ਸ਼ੋਭਾ ਅਤੇ ਡਾਕਟਰ ਦੋਵੇਂ ਬਾਹਰ ਆ ਕੇ ਮੇਰੇ ਕੋਲ ਖੜੀਆਂ ਹੋ ਜਾਂਦੀਆਂ ਹਨ ।

ਸ਼ੋਭਾ ਦਾ ਰੰਗ ਪੀਲਾ ਪੀਲਾ ਕਿਉਂ ਦਿਸ ਰਿਹਾ ।

"ਮੈਂ ਤੁਹਾਡੀ ਪਤਨੀ ਨੂੰ ਸਭ ਕੁਝ ਸਮਝਾ ਦਿੱਤਾ ਏ। ਘਬਰਾਉਣ ਦੀ ਕੋਈ ਲੋੜ ਨਹੀਂ।

ਮੈਂ ਇਹ ਸੁਣਦਿਆਂ ਹੀ ਬਹੁਤ ਘਬਰਾ ਗਿਆ ।

"ਤੁਹਾਡੀ ਪਤਨੀ ਗਰਭਵਤੀ ਨਹੀਂ । ਇਕ ਨਿੱਕਾ ਜਿਹਾ ਟਿਊਮਰ ਬਣ ਗਿਆ ਏ, ਬੱਚੇ-ਦਾਨੀ ਵਿਚ । ਛੋਟੇ ਜਿਹੇ ਓਪਰੇਸ਼ਨ ਨਾਲ ਠੀਕ ਹੋ ਜਾਵੇਗਾ ।"

ਮੇਰੀਆਂ ਡੌਰ ਭੌਰ ਨਿਗਾਹਾਂ ਸ਼ੋਭਾ ਦੀਆਂ ਅੱਖਾਂ ਦੀ ਬੁਝੀ ਹੋਈ ਵਿਸ਼ਾਲਤਾ ਵਿਚਦੀ ਭਟਕ-ਦੀਆਂ ਭਟਕਦੀਆਂ ਉਹਦੀ ਕੁੱਖ ਵਿਚ ਲਹਿ ਜਾਂਦੀਆਂ ਨੇ ਅਤੇ ਚਾਰ-ਚੁਫੇਰੇ ਹੱਥ ਪੈਰ ਮਾਰਨ ਲਗਦੀਆਂ ਨੇ—ਐਥੇ ਹੀ ਤਾਂ ਸੀ, ਉਹ ਕਿਧਰ ਚਲਿਆ ਗਿਆ ਏ ?

ਆਪਣੀ ਇਸ ਭਾਲਟੋਲ ਤੋਂ ਨਿਰਾਸ ਹੋ ਕੇ ਮੈਂ ਐਵੇਂ ਹੀ ਸ਼ੋਭਾ ਦੇ ਦਿਲ ਵਿਚ ਝਾਕਣ ਲਗਦਾ, ਜਿਸਦੇ ਕਵਾੜ ਖੁੱਲ੍ਹੇ ਛੱਡ ਕੇ ਉਹ ਪਤਾ ਨਹੀਂ ਕਿਥੇ ਚਲੀ ਗਈ ਏ ।—ਵਾਹ । ਮੇਰਾ ਗੁਆਚਾਂ ਹੋਇਆ ਬੱਚਾ ਤਾਂ ਏਥੇ ਹੀ ਏ, ਉਹਦੇ ਦਿਲ ਵਿਚ ਔਹ, ਖੇਡਣ ਵਿਚ ਅਲਮਸਤ ।

(ਪੰਜਾਬੀ ਰੂਪ : ਮੇਜਰ ਪਿਆਰਾ ਸਿੰਘ)

ਇੰਟਰਵੀਊ :

## ਉਤਰ ਆਧੁਨਿਕਤਾਵਾਦ ਤੇ ਅਸੀਂ

ਡਾ: ਓ. ਪੀ. ਗਰੇਵਾਲ ਨਾਲ ਇਕ ਮੁਲਾਕਾਤ

ਮੁਲਾਕਾਤੀ : ਡਾ: ਕਰਮਜੀਤ ਸਿੰਘ

? ਡਾ: ਸਾਹਿਬ ਮੈਂ ਇਸ ਪ੍ਰਸ਼ਨ ਤੋਂ ਆਪਣੀ ਗੱਲ ਆਰੰਭ ਕਰਨਾ ਚਾਹਾਂਗਾ ਕਿ ਕੀ ਉਤਰਆਧੁਨਿਕਤਾਵਾਦ, ਆਧੁਨਿਕਤਾਵਾਦ ਦਾ ਵਿਕਾਸ ਹੈ ਜਾਂ ਫਿਰ ਇਕ ਦੂਜੇ ਦੇ ਵਿਰੋਧੀ ਹਨ ?

ਡਾ: ਗਰੇਵਾਲ : ਜੇ ਸਿਰਫ ਸਾਹਿਤ ਵਿਚ ਅਭਿਵਿਅਕਤੀ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਉਤਰਆਧੁਨਿਕਤਾਵਾਦ, ਆਧੁਨਿਕਤਾਵਾਦ ਤੋਂ ਕੁਝ ਅਰਥਾਂ ਵਿਚ ਵੱਖਰੀ ਧਾਰਾ ਵਿਖਾਈ ਦਿੰਦੀ ਹੈ। ਉਤਰਾਆਧੁਨਿਕਤਾਵਾਦ ਦੇ ਪਿੱਛੇ ਕੰਮ ਕਰਦੀ ਮਨੋਸਥਿਤੀ ਤ੍ਰਾਸਦਿਕ ਨਹੀਂ ਹੈ ਸਗੋਂ ਮਜ਼ੇ ਲੈਣ ਦੀ ਹੈ। ਵਾਤਾਵਰਣ ਇਥੇ ਤਣਾਅਗ੍ਰਸਤ ਨਹੀਂ ਹੁੰਦਾ ਸਗੋਂ ਜੀਅਰਫੁਲ ਹੁੰਦਾ ਹੈ। ਆਧੁਨਿਕਤਾਵਾਦੀ ਸਾਹਿਤ ਦੇ ਕੇਂਦਰ ਵਿਚ ਇਕ ਅਜਿਹਾ ਵਿਅਕਤਿਤਵ ਹਾਜ਼ਰ ਰਹਿੰਦਾ ਹੈ ਜਿਹੜਾ ਬੇਹੱਦ ਤਣਾਅ ਵਿਚ ਗ੍ਰਸਿਆ ਹੋਣ ਦੇ ਬਾਵਜੂਦ ਆਪਣੀ ਹਸਤੀ ਕਾਇਮ ਰੱਖਦਾ ਹੈ। ਦਰਅਸਲ ਆਧੁਨਿਕਤਾਵਾਦੀ ਸਾਹਿਤ ਦੀ ਪ੍ਰਮੁੱਖ ਚਿੰਤਾ ਸਵੈ ਦੀ ਸ਼ੁੱਧਤਾ ਦਾ ਤਿੱਖਾ ਅਹਿਸਾਸ ਬਣਾਈ ਰੱਖਣਾ ਹੈ। ਇਸਦੇ ਉਲਟ ਉਤਰਆਧੁਨਿਕਤਾਵਾਦੀ ਸਾਹਿਤ ਵਿਚ ਸਵੈ ਦੀ ਕੇਂਦਰੀ ਹਸਤੀ ਸਮਾਪਤ ਹੋ ਜਾਂਦੀ ਹੈ ਅਤੇ ਇਸ ਦੀ ਕੇਵਲ ਵਿਖੰਡਤਾ ਅਤੇ ਸੂਖਮ ਰੂਪ ਵਿਚ ਹੀ ਉਪ-ਸਥਿਤੀ ਹੁੰਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਇਥੇ ਸਵੈ ਭਾਸ਼ਾਗਤ ਸੰਰਚਨਾ ਦੇ ਇਕ ਮਹੱਤਵ-ਪੂਰਣ ਲੱਛਣ ਤੋਂ ਵੱਧ ਕੁਝ ਨਹੀਂ ਰਹਿ ਜਾਂਦਾ।

ਉਤਰਆਧੁਨਿਕਤਾਵਾਦੀ ਸਾਹਿਤ ਸਮਾਜਿਕ ਪਰਿਵਰਤਨ ਲਈ ਕੀਤੇ ਗਏ ਸਮੁੱਚੇ ਸਾਮੂਹਿਕ ਯਤਨਾ ਸਾਹਵੇਂ (ਚਾਹੇ ਉਹ ਸੁਧਾਰਵਾਦੀ ਹੋਣ ਜਾਂ ਕ੍ਰਾਂਤੀਕਾਰੀ) ਸਵਾਲੀਆ ਨਿਸ਼ਾਨ ਲਾਉਂਦਾ ਹੈ। ਪਰਿਵਰਤਨ ਦੌਰਾਨ ਕੀਤੀ ਗਈ ਮਾਨਵੀ ਪਰਿਪੂਰਣਤਾ ਦੀ ਕਲਪਣਾ ਨੂੰ ਉਤਰਆਧੁਨਿਕਤਾ-ਵਾਦ ਸਮਾਜ ਵਿਚ ਸੰਭਵ ਹੀ ਨਹੀਂ ਮੰਨਦਾ। ਆਧੁਨਿਕਤਾਵਾਦ ਪੂੰਜੀਵਾਦੀ ਸਮਾਜ ਵਿਵਸਥਾ ਨੂੰ ਉਪਰੋਂ ਨਕਾਰਦਾ ਲੱਗਦਾ ਹੈ। ਇਥੇ ਕਿਸੇ ਨਾ ਕਿਸੇ ਵਿਕਲਪ ਦੀ (ਚਾਹੇ ਉਹ ਆਪਣੀ ਚੇਤਨਾ ਵਿਚ ਹੀ ਕਿਉਂ ਨਾ ਹੋਵੇ) ਕਲਪਨਾ ਕੀਤੀ ਜਾਂਦੀ ਹੈ : ਭਾਵੇਂ ਉਹ ਯਟੋਪੀਅਨ ਹੀ ਕਿਉਂ ਨਾ ਹੋਵੇ। ਮੇਰੇ ਇਹ ਵਿਚਾਰ ਫ੍ਰੈਡਰਕ ਜੇਮਸਨ ਦੀਆਂ ਸਥਾਪਨਾਵਾਂ ਉਪਰ ਆਧਾਰਿਤ ਹਨ। ਮੈਂ ਸਮਝਦਾ ਹਾਂ ਕਿ ਆਧੁਨਿਕਤਾਵਾਦ ਤੇ ਉਤਰਆਧੁਨਿਕਤਾਵਾਦ ਦੀ ਵੱਖਰਤਾ ਨੂੰ ਜੇਮਸਨ ਨੇ ਸਹੀ ਢੰਗ ਨਾਲ ਪੇਸ਼ ਕੀਤਾ ਹੈ।

ਉਤਰਆਧੁਨਿਕਤਾਵਾਦੀ ਅਤੇ ਆਧੁਨਿਕਤਾਵਾਦੀ ਸਾਹਿਤ ਵਿਚ ਇਕ ਅੰਤਰ ਇਹ ਵੀ ਹੈ ਕਿ ਆਧੁਨਿਕਤਾਵਾਦ ਆਪਣੇ ਆਲੋਚਨਾਤਮਕ ਦ੍ਰਿਸ਼ਟੀਕੋਣ ਅਤੇ ਨਕਾਰਾਵਾਦੀ ਮੁਦਰਾ ਦੇ ਬਾਵਜੂਦ ਸਾਰਥਕ ਮਾਨਵ ਜੀਵਨ ਦੀ ਪਰਿਕਲਪਨਾ ਵੀ ਸਾਂਭੀ ਬੈਠਾ ਹੈ। ਭਾਵੇਂ ਇਸ ਕਲਪਨਾ ਨੂੰ ਵਾਸਤਵਿਕ ਸਮਾਜ ਵਿਚ ਢਾਲਿਆ ਜਾਣਾ ਸੰਭਵ ਨਾ ਵੀ ਹੋਵੇ। ਭਾਵ ਇਹ ਕਿ ਇਕ ਸੰਧਰਭ ਬਿੰਦੂ ਦੇ ਤੌਰ ਤੇ ਆਧੁਨਿਕਤਾਵਾਦੀਆਂ ਕੋਲ ਮੌਜੂਦਾ ਸਮਾਜ ਦੀਆਂ ਕਮੀਆਂ ਨੂੰ ਰੇਖਾਂਕਿਤ ਕਰਨ ਲਈ ਇਕ ਆਦਰਸ਼ ਕਲਪਨਾ ਹੁੰਦੀ ਹੈ। ਉਤਰਆਧੁਨਿਕਤਾਵਾਦੀ ਭਵਿੱਖ



ਦੀ ਕਿਸੇ ਵੀ ਤਰ੍ਹਾਂ ਦੀ ਆਦਰਸ਼ਕ ਸੰਪੂਰਣਤਾ ਦੀ ਕਲਪਨਾ ਨੂੰ ਨਕਾਰਦਾ ਹੈ। ਉਤਰ-ਆਧੁਨਿਕਤਾਵਾਦ ਵਿਚ ਆਧੁਨਿਕਤਾਵਾਦ ਨਾਲੋਂ ਕਿਤੇ ਵਧੇਰੇ ਆਲੋਚਨਾ ਹੈ ਇਹ ਪ੍ਰਾਪਤ ਦੀਆਂ ਕਮੀਆਂ ਨੂੰ ਨੰਗਿਆਂ ਕਰਦਾ ਹੈ। ਪਰੰਤੂ ਕਿਸੇ ਤਰ੍ਹਾਂ ਦਾ ਵਿਕਲਪ ਉਤਰਆਧੁਨਿਕਤਾ-ਵਾਦੀ ਦੇਣ ਦੀ ਜ਼ਰੂਰਤ ਨਹੀਂ ਸਮਝਦੇ। ਸਮੁੱਚੇ ਤੌਰ ਤੇ ਫਰੈਡਰਿਕ ਜੇਮਸਨ ਦੀਆਂ ਧਾਰਨਾਵਾਂ ਦਾ ਸਹਾਰਾ ਲੈਂਦਿਆਂ ਹੋਇਆਂ ਮੈਂ ਤੁਹਾਡੇ ਸੁਆਲ ਦੇ ਜਵਾਬ ਵਿਚ ਇਹ ਹੀ ਕਹਿਣਾ ਚਾਹਾਂਗਾ ਕਿ ਸਾਹਿਤਕ ਪ੍ਰਵਿਰਤੀ ਦੇ ਤੌਰ ਤੇ ਉਤਰਆਧੁਨਿਕਤਾਵਾਦ ਇਕ ਸੀਮਤ ਅਰਥ ਵਿਚ ਆਧੁਨਿਕ-ਤਾਵਾਦ ਦਾ ਇਕ ਵਿਕਲਪ ਹੈ, ਇਕ ਵੱਖਰੀ ਚੀਜ਼ ਹੈ।

? ਤੁਸੀਂ ਸਾਹਿਤ ਦੇ ਸੰਦਰਭ ਵਿਚ ਗੱਲ ਸਪੱਸ਼ਟ ਕੀਤੀ ਹੈ, ਇਸ ਤੋਂ ਇਲਾਵਾ ਦੂਸਰੇ ਖ਼ੇਤਰਾਂ ਦੇ ਸੰਦਰਭ ਵਿਚ.........?

ਡਾ: ਗਰੇਵਾਲ : ਵਿਆਪਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਉਤਰਆਧੁਨਿਕਤਾਵਾਦ ਅਤੇ ਆਧੁਨਿਕਤਾਵਾਦ ਦੀ ਆਧਾਰ-ਭੂਮੀ ਵਿਚ ਇਕ ਸਮਾਨਤਾ ਵੀ ਵਿਖਾਈ ਦਿੰਦੀ ਹੈ। ਭਾਵੇਂ ਉਪਰੋਂ ਇਹ ਇਕ ਦੂਜੇ ਦਾ ਵਿਕਲਪ ਨਜ਼ਰ ਆਉਂਦੇ ਹਨ। ਇਕ ਤਰ੍ਹਾਂ ਨਾਲ ਆਧੁਨਿਕਤਾਵਾਦ ਦੀਆਂ ਪ੍ਰਵਿਰਤੀਆਂ ਉੱਤਰਆਧੁਨਿਕਤਾਵਾਦ ਵਿਚ ਸਿਖਰ ਨੂੰ ਪੁੱਜਦੀਆਂ ਹਨ। ਉੱਤਰਆਧੁ-ਨਿਕਤਾਵਾਦ ਜੋ ਕੁਝ ਕਰ ਰਿਹਾ ਹੈ ਉਸ ਦਾ ਆਰੰਭ ਆਧੁਨਿਕਤਾਵਾਦ ਸਮੇਂ ਹੀ ਹੋ ਗਿਆ ਸੀ। ਇਹ ਸਮਾਨ ਬਿੰਦੂ ਇਕ ਦੂਜੇ ਨੂੰ ਜੋੜਦਾ ਹੈ। ਆਧੁਨਿਕਤਾ ਦੀ ਆਲੋਚਨਾ ਅਜਿਹੀ ਪ੍ਰਵਿਰਤੀ ਹੈ ਜੋ ਆਧੁੱਨਕਤਾਵਾਦ ਤੋਂ ਨਿਕਲੀ ਹੋਈ ਉਸੇ ਦੀਆਂ ਸੰਭਾਵਨਾਵਾਂ ਨੂੰ ਉਤਰਆਧੁਨਿਕਤਾਵਾਦ ਵਿਚ ਹੋਰ ਮੁਖਰ, ਤਿੱਖੇ ਰੂਪ ਵਿਚ ਪ੍ਰਗਟ ਹੁੰਦੀ ਹੈ।

ਅਠਾਰਵੀਂ ਸਦੀ ਵਿਚ ਯੂਰਪ ਵਿਚ ਮਾਨਵਤਾਵਾਦੀ ਵਿਗਿਆਨਕ ਦ੍ਰਿਸ਼ਟੀਕੋਣ ਦੇ ਆਧਾਰ ਤੇ ਮਨੁੱਖ ਦੇ ਸੁਭਾਅ ਦੀ ਇਕ ਸਰਵ ਵਿਆਪਕ ਤੇ ਸਰਬਕਾਲਿਕ ਕਲਪਣਾ ਕੀਤੀ ਗਈ। ਇਸ ਨੂੰ ਅਸੀਂ ਵਿਗਿਆਨਕ ਜਾਂ ਤਰਕਸੰਗਤ ਮਾਨਵਤਾਵਾਦ ਕਹਿ ਸਕਦੇ ਹਾਂ। 18ਵੀਂ ਸਦੀ ਵਿਚ ਫਰਾਂਸ ਦੇ ਚਿੰਤਕਾਂ ਨੇ ਮਾਨਵਤਾਵਾਦ ਦੀ ਜੋ ਪਰਿਕਲਪਨਾ ਕੀਤੀ ਉਸਦੇ ਅਨੁਸਾਰ ਮਾਨਵ ਦੀ ਹੱਕਾਂ ਦੀ, ਤਰਕਬੁੱਧੀ ਦੀ ਆਲੇ ਦੁਆਲੇ ਦੇ ਸੰਸਾਰ ਦੇ ਨਿਯਮਾਂ ਨੂੰ ਸਮਝਕੇ ਬਦਲਣ ਦੀ, ਵਿਸ਼ਵ ਨੂੰ ਤੇ ਸਮਾਜ ਨੂੰ ਨਵੇਂ ਰੂਪ ਵਿਚ ਰੂਪਾਂਤ੍ਰਣ ਕਰਨ ਦੀ ਅਤੇ ਇਕ ਨਵੇਂ ਸੱਚੇ ਵਿਚ ਢਾਲਣ ਜੋ ਤਸਵੀਰ ਪੇਸ਼ ਕੀਤੀ, ਆਧੁਨਿਕਤਾਵਾਦ ਨੇ ਇਸ ਸਭ ਕਾਸੇ ਦੀ ਆਲੋਚਨਾ ਕੀਤੀ। ਉੱਤਰਆਧੁਨਿਕਤਾਵਾਦ ਇਸ ਆਲੋਚਨਾ ਨੂੰ ਹੋਰ ਸਿਖਰ ਤੇ ਲੈ ਗਿਆ।

? ਇਸੇ ਗੱਲ ਨੂੰ ਅਗਾਂਹ ਵਧਾਉਂਦੇ ਹੋਏ ਅਗਲਾ ਸਵਾਲ ਕਰਨਾ ਚਾਹਾਂਗਾ ਕਿ ਕੀ ਉਤਰਆਧੁਨਿਕਤਾਵਾਦ ਉਤਰਉਦਯੋਗਿਕ ਸਮਾਜ ਦਾ ਸਭਿਆਚਾਰਕ ਪ੍ਰਗਟਾ ਹੈ ?

ਡਾ. ਗਰੇਵਾਲ : ਇਹ ਸਵਾਲ ਉਠਾਉਣ ਤੋਂ ਪਹਿਲਾਂ ਮੈਂ ਤਰਕ ਸੰਗਤ ਮਾਨਵਤਾਵਾਦ (ਐਨਲਾਈਟਨਮੈਂਟ ਹਿਊਮੇਨਿਜ਼ਮ) ਨਾਲ ਉਤਰਆਧੁਨਿਕਤਾਵਾਦੀਆਂ ਦੇ ਝਗੜੇ ਦੇ ਬਿੰਦੂਆਂ ਦੀ ਵਿਆਖਿਆ ਕਰਨੀ ਚਾਹੁੰਦਾ ਹੈ, ਮੈਂ ਝਗੜੇ ਦੇ ਰੂਪ ਨੂੰ ਪਹਿਚਾਨਣਾ ਚਾਹੁੰਦਾ ਹਾਂ। ਜਿਉਂ-ਜਿਉਂ ਉਦਯੋਗੀਕਰਣ ਸ਼ੁਰੂ ਹੋਇਆ ਤਿਉਂ ਤਿਉਂ ਆਧੁਨਿਕ ਦ੍ਰਿਸ਼ਟੀਕੋਣ ਤੇ ਆਧੁਨਿਕ ਮੁੱਲ-ਵਿਵਸਥਾ ਦੀ ਆਲੋਚਨਾ ਸ਼ੁਰੂ ਹੋ ਗਈ। ਇਹ ਆਲੋਚਨਾ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਹੀ ਹੋਣ ਲੱਗ ਪਈ ਸੀ। 19ਵੀਂ ਸਦੀ ਵਿਚ ਸਾਡੇ ਇਥੇ ਵੀ ਜਦੋਂ ਆਧੁਨਿਕੀਕਰਣ ਸ਼ੁਰੂ ਹੋਇਆ ਤਾਂ ਆਧੁਨਿਕਤਾ

ਦੀ ਆਲੋਚਨਾ ਹੋਣ ਲੱਗੀ। ਇਹ ਆਲੋਚਨਾ ਸੀ ਵਿਵੇਕ, ਤਰਕ-ਸੰਗਤ ਸਮਝ ਤੇ ਵਿਗਿਆਨਕ ਸੋਚ ਦੀਆ ਸੀਮਾਵਾਂ ਦੀ। ਇਸ ਆਲੋਚਨਾ ਅਨੁਸਾਰ ਵਿਗਿਆਨਕ ਸੋਚ ਜੋ ਪੂਰੇ ਸੰਸਾਰ ਦੀਆਂ ਸਮੁੱਚੀਆਂ ਪ੍ਰਕਿਆਵਾਂ ਦੀ ਸਮਝ ਪ੍ਰਦਾਨ ਕਰਨ ਦਾ ਦਾਅਵਾ ਕਰਦੀ ਹੈ ਉਹ ਅਧੂਰੀ ਤੇ ਸੀਮਤ ਮੰਨੀ ਜਾਂਦੀ ਹੈ। ਵਾਸ਼ਤਵਿਕਤਾ ਦੀਆਂ ਜਟਿਲਤਾਵਾਂ ਨੂੰ ਇਹ ਸੋਚ ਸਪਾਟ ਬਣਾਕੇ ਚਲਦੀ ਹੈ ਤੇ ਬਹੁਤ ਕੁਝ ਅਣਸਮਝਿਆ ਬਾਕੀ ਰਹਿ ਜਾਂਦਾ ਹੈ। ਰੁਮਾਂਟਿਕ ਸਾਹਿਤਕਾਰ ਵੀ ਕਦੇ ਅੰਤਰ-ਗਿਆਨ (ਇਨਟਿਊਸ਼ਨ) ਦੇ ਨਾਮ ਤੇ ਅਤੇ ਕਦੇ ਕਲਪਨਾਯੁਕਤ ਵਿਵੇਕ ਦੇ ਨਾਮ ਤੇ ਤਰਕ-ਸੰਗਤਾ ਨੂੰ ਸੀਮਤ ਮੰਨਦੇ ਹਨ। ਮੰਨਿਆ ਇਹ ਗਿਆ ਕਿ ਵਿਗਿਆਨਕ ਤਰਕ ਰਾਹੀਂ ਵਾਸਤਵਿਕਤਾ ਦੀਆਂ ਕੁਝ ਸੀਮਾ ਤਕ ਤਾਂ ਪਰਤਾਂ ਉਘਾੜੀਆਂ ਜਾ ਸਕਦੀਆਂ ਹਨ ਪਰ ਸਾਡੇ ਸੰਸਾਰ ਦੇ ਬਹੁਤ ਸਾਰੇ ਪਹਿਲੂਆਂ ਨੂੰ ਤਰਕ ਦੇ ਆਧਾਰ ਤੇ ਜਾਣਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਸ਼ੁਰੂ ਤੋਂ ਹੀ ਤਰਕਸ਼ੀਲਤਾ ਤੇ ਵਿਵੇਕਾਵਾਦੀ ਮਾਨਵਤਾਵਾਦ ਦੀ ਆਲੋਚਨਾ ਹੁੰਦੀ ਰਹੀ ਹੈ।

ਵਿਵੇਕਵਾਦੀ ਮਾਨਵਵਾਦ ਤੇ ਤਰਕਸ਼ੀਲਤਾ ਦੀ ਦੂਸਰੀ ਆਲੋਚਨਾ ਇਹ ਹੋਈ ਕਿ ਇਹ ਪ੍ਰਕ੍ਰਿਤੀ ਨੂੰ, ਵਿਸ਼ਵ ਨੂੰ ਇਸਤੇਮਾਲ ਕਰਦੇ ਹਨ। ਆਲੋਚਕਾਂ ਮੁਤਾਬਿਕ ਪ੍ਰਕ੍ਰਿਤੀ ਨੂੰ ਪਹਿਚਾਣਕੇ (ਉਸ ਦਾ ਹਿੱਸਾ ਬਣਕੇ ਨਹੀਂ) ਉਸ ਦੀ ਇਸਤੇਮਾਲ ਕਰਨ ਦੀ ਸੋਚ ਮਾਨਵ ਤੇ ਪ੍ਰਕ੍ਰਿਤੀ ਨੂੰ ਇਕ ਦੂਜੇ ਦੇ ਖਿਲਾਫ਼ ਖੜਾ ਕਰਦੀ ਹੈ। ਚੇਤਨਾਮੁਖੀ ਵਿਅਕਤੀ ਵਿਵੇਕ ਦੇ ਨਾਂ ਤੇ ਦੂਸਰਿਆਂ ਨੂੰ ਵਸਤੂ (ਅਬਜੈਕਟ) ਬਣਾ ਦਿੰਦਾ ਹੈ। ਇਉਂ ਵਿਅਕਤੀ ਖੁਦ ਮਾਸਟਰ ਬਣ ਜਾਂਦਾ ਹੈ ਤੇ ਦੂਸਰਿਆ ਨੂੰ ਅਧੀਨ ਬਣਾ ਦਿੰਦਾ ਹੈ। ਵਿਵੇਕ ਦੇ ਨਾਂ ਤੇ ਦੂਸਰੇ ਦੀ ਹਸਤੀ ਨੂੰ ਘਟਾਕੇ ਦੇਖਿਆ ਜਾਂਦਾ ਹੈ। ਆਲੋਚਨਾ ਅਨੁਸਾਰ ਵਿਵੇਕਵਾਦੀ ਮਾਨਵਵਾਦ ਅੰਤ ਤੇ ਆਜ਼ਾਦੀ ਦੀ ਗੱਲ ਕਰਦਾ ਹੋਇਆ ਵੀ ਮਨੁੱਖ ਤੇ ਪ੍ਰਕ੍ਰਿਤੀ ਨੂੰ ਮਨਮਾਨੇ ਢੰਗ ਨਾਲ ਵਰਤਣ ਤੇ ਇਹਨਾਂ ਉਪਰ ਹਾਵੀ ਹੋਣ ਦੀ ਪ੍ਰਵਿਰਤੀ ਰੱਖਦਾ ਹੈ।

ਮੈਨੂੰ ਪਹਿਲਾਂ ਹੀ ਇਹ ਕਹਿਣਾ ਚਾਹੀਦਾ ਸੀ ਕਿ ਵਿਵੇਕਵਾਦੀ ਮਾਨਵਵਾਦ ਵਿਚ ਸੁਤੰਤਰਤਾ, ਬਰਾਬਰੀ ਤੇ ਭਾਈਚਾਰੇ ਦੇ ਆਦਰਸ਼ ਪ੍ਰਮੁੱਖ ਸਨ। ਇਹ ਪ੍ਰਗਤੀ ਵਿਚ ਵਿਸ਼ਵਾਸ ਰੱਖਦਾ ਸੀ, ਤਰਕ ਵਿਚ ਵਿਸ਼ਵਾਸ ਰੱਖਦਾ ਸੀ। ਇਸ ਦਾ ਉਦੇਸ਼ ਸੀ ਤਰਕ ਦੇ ਆਧਾਰ ਤੇ ਪ੍ਰਕ੍ਰਿਤੀ ਨੂੰ ਸਮਝਕੇ ਮਾਨਵਤਾ ਲਈ ਅਜਿਹੇ ਸਮਾਜ ਦਾ ਨਿਰਮਾਣ ਕਰਨਾ ਜਿਥੇ ਸਭ ਲਈ ਵਧੇਰੇ ਸੁਤੰਤਰਤਾ ਹੋਵੇ ਅਤੇ ਹਰ ਵਿਅਕਤੀ ਨੂੰ ਆਪਣੇ ਆਤਮ ਸਨਮਾਨ ਨੂੰ ਪ੍ਰਖਤਾ ਕਰਨ ਦੇ ਵੱਧ ਤੋਂ ਵੱਧ ਮੌਕੇ ਹੋਣ। ਆਧੁਨਿਕਤਾਵਾਦੀਆਂ ਅਤੇ ਉਤਰਆਧੁਨਿਕਤਾਵਾਦੀਆਂ ਦੋਨਾਂ ਨੂੰ ਸੁਤੰਤਰਤਾ ਬਰਾਬਰੀ ਅਤੇ ਭਾਈਚਾਰੇ ਦੀ ਪਰਿਕਲਪਨਾ ਪਿੱਛੇ ਤਾਕਤ ਨਾਲ ਦੂਸਰਿਆਂ ਉੱਪਰ ਹਾਵੀ ਹੋਣ ਦੀ ਗੰਧ ਆਈ। ਉਹਨਾਂ ਅਨੁਸਾਰ ਇਹ ਵਿਵੇਕ ਦੂਸਰਿਆਂ ਨੂੰ ਔਜ਼ਾਰ ਬਣਾਉਂਦਾ ਹੈ। ਇਸ ਨੂੰ ਔਜਾਰ ਬਣਾਉਣ ਦਾ ਵਿਵੇਕ (ਇੰਸਟਰੂਮੈਂਟਲ ਵਿਵੇਕ) ਕਿਹਾ ਗਿਆ। ਆਧੁਨਿਕਤਾਵਾਦ ਤੇ ਆਧੁਨਿਕਤਾਵਾਦੀ ਸਾਹਿਤ ਵਿਚ 20ਵੀਂ ਸਦੀ ਦੇ ਦੂਸਰੇ-ਤੀਸਰੇ ਦਹਾਕੇ ਵਿਚ ਅਜਿਹਾ ਚਿੰਤਨ ਮਿਲਦਾ ਹੈ। ਇਉਂ ਆਧੁਨਿਕਤਾਵਾਦ ਅਤੇ ਉਤਰਆਧੁਨਿਕਤਾਵਾਦ ਦੋਨਾਂ ਨੇ ਹੀ ਬਰਾਬਰੀ ਤੇ ਭਾਈਚਾਰੇ ਦੇ ਆਦਰਸ਼ਾਂ ਉੱਪਰ ਸਵਾਲੀਆ ਨਿਸ਼ਾਨ ਲਗਾਇਆ ਅਤੇ ਸੁਤੰਤਰਤਾ ਦੀ ਆਪਣੇ ਢੰਗ ਨਾਲ ਵੱਖਰੀ ਵਿਆਂਖਿਆ ਕੀਤੀ।



? ਮੈਂ ਸਵਾਲ ਇਹ ਪੁੱਛਣਾ ਚਾਹ ਰਿਹਾ ਸੀ ਕਿ ਉਤਰਆਧੁਨਿਕਤਾਵਾਦ ਉੱਤਰ-ਉਦਯੋਗਿਕ ਸਮਾਜ ਦਾ ਸਭਿਆਚਾਰਕ ਪ੍ਰਗਟਾ ਹੈ ? ਇਸ ਨੂੰ ਦੇਖਣਾ ਕਿਵੇਂ ਚਾਹੀਦਾ ਹੈ ?

ਡਾ. ਗਰੇਵਾਲ—ਇਸ ਗੱਲ ਉਪਰ ਆਉਣ ਤੋਂ ਪਹਿਲਾਂ ਮੈਂ ਇਹ ਯਾਦ ਦੁਆਉਣਾ ਚਾਹੁੰਦਾ ਹਾਂ ਕਿ ਮੁੱਲ-ਵਿਵਸਥਾ, ਚਿੰਤਨ-ਪੱਧਤੀ ਅਤੇ ਦ੍ਰਿਸ਼ਟੀਕੋਣ (ਜੋ ਕਿ ਚੇਤਨਾ, ਸਮਝ ਤੇ ਪਰਿਪੇਖ ਦਾ ਹਿੱਸਾ ਹਨ) ਦਾ ਆਧਾਰ ਭੂਤ ਸਮਾਜਿਕ ਰੂਪ ਵਿਚ ਸਕ੍ਰਿਆ ਸ਼ਕਤੀਆਂ ਨਾਲ ਜਾਂ ਉਤਪਾਦਨ ਪ੍ਰਣਾਲੀ ਨਾਲ ਗਹਿਰਾ ਰਿਸ਼ਤਾ ਹੁੰਦਾ ਹੈ। ਕੋਈ ਵੀ ਸਭਿਆਚਾਰਕ ਮੁੱਲ, ਵਿਚਾਰ ਜਾਂ ਨਵੀਂ ਦ੍ਰਿਸ਼ਟੀ ਹਵਾ ਵਿਚੋਂ ਪੈਦਾ ਨਹੀਂ ਹੁੰਦੀ। ਸਮਾਜਿਕ ਪ੍ਰਸਥਿਤੀਆਂ ਵਿਚ ਪਰਿਵਰਤਨ ਆਉਣ ਨਾਲ ਇਨ੍ਹਾਂ ਦੀ ਉਤਪੱਤੀ ਵੀ ਜ਼ਰੂਰੀ ਹੈ। ਇਸੇ ਦ੍ਰਿਸ਼ਟੀ ਤੋਂ ਉਤਰਆਧੁਨਿਕਤਾਵਾਦ (ਜਿਸ ਦੀ ਚੜ੍ਹਤ ਯੂਰਪ ਵਿਚ ਵਿਸ਼ੇਸ਼ ਤੌਰ ਤੇ ਨਜ਼ਰ ਆ ਰਹੀ ਹੈ) ਦੀਆਂ ਜੜ੍ਹਾਂ ਵੀ ਕਿਤੇ ਨਾ ਕਿਤੇ ਸਮਾਜਿਕ ਪਰਿਵਰਤਨ ਵਿਚ ਹਨ।

ਇਹ ਗ਼ੱਲ ਮੰਨਦਿਆਂ ਹੋਇਆਂ ਮੈਂ ਇਕ ਗੱਲ ਵਲ ਵੀ ਇਸ਼ਾਰਾ ਕਰਨਾ ਚਾਹੁੰਦਾ ਹਾਂ ਕਿ ਚੇਤਨਾ, ਮੁੱਲਾਂ, ਦ੍ਰਿਸ਼ਟੀਕੋਣ, ਦਰਸ਼ਨ ਅਤੇ ਵਿਚਾਰਧਾਰਾ ਦੇ ਧਰਾਤਲ ਤੇ ਬਾਹਰਮੁਖੀ ਪ੍ਰਸਥਿਤੀਆਂ ਆਪਣੀਆਂ ਭਵਿੱਖਮੁਖੀ ਸੰਭਾਵਨਾਵਾਂ ਸਹਿਤ ਵੀ ਪਰਿਕਲਪਿਤ ਹੁੰਦੀਆਂ ਹਨ। ਇਹ ਸਾਰੀਆਂ ਸੰਭਾਵਨਾਵਾਂ ਮੂਰਤ ਰੂਪ ਲੈ ਲੈਣ. ਇਹ ਕੋਈ ਜ਼ਰੂਰੀ ਨਹੀਂ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਵਿਚਾਰਧਾਰਾ, ਗਿਆਨ ਤੇ ਮੁੱਲ-ਵਿਵਸਥਾ ਵਿਚ ਇਕ ਸਰਪਲਸ ਤੱਤ ਵੀ ਹੁੰਦਾ ਹੈ ਜਿਸ ਨੂੰ ਵਾਸਤਵਿਕ ਪ੍ਰਸਥਿਤੀਆਂ ਦੇ ਢਾਂਚੇ ਵਿਚ ਹੀ ਸੀਮਤ ਨਹੀਂ ਕੀਤਾ ਜਾ ਸਕਦਾ। ਜਾਂ ਇਉਂ ਕਹਿ ਸਕਦੇ ਹਾਂ ਕਿ ਵਾਸਤਵਿਕ ਵਿਚ ਸੰਭਾਵਨਾਵਾਂ ਦਾ ਇਕ ਪੋਟੈਂਸ਼ੀਅਲ ਹੁੰਦਾ ਹੈ ਜੋ ਸ਼ਾਇਦ ਸਮੂਰਤ ਰੂਪ ਗ੍ਰਹਿਣ ਨਾ ਕਰ ਸਕੇ। ਇਸੇ ਤਰ੍ਹਾਂ ਆਧੁਨਿਕੀਕਰਣ ਨਾਲ 'ਆਧੁਨਿਕਤਾ' ਜੋ ਮੁੱਲ ਤੇ ਦ੍ਰਿਸ਼ਟੀਕੋਣ ਉੱਭਰਕੇ ਆਏ ਹਨ ਉਹਨਾਂ ਦਾ ਆਧੁਨਿਕੀਕਰਣ ਦੇ ਨਾਲ ਗਹਿਰਾ ਸਬੰਧ ਹੁੰਦਿਆਂ ਹੋਇਆ ਵੀ ਸਾਨੂੰ ਇਹ ਮੰਨਕੇ ਚਲਣਾ ਚਾਹੀਦਾ ਹੈ ਕਿ ਇਸ ਵਿਚ ਕੁਝ ਅਜਿਹਾ ਵੀ ਸ਼ਾਮਲ ਹੈ ਜੋ ਵਾਸਤਵ ਵਿਚ ਉਪ-ਲਬਤ ਨਹੀਂ ਹੈ। ਇਸ ਸਰਪਲਸ ਤੱਤ ਦੀ ਆਪਣੀ ਅਮੀਰੀ ਤੇ ਪਰਿਪੂਰਣਤਾ ਹੈ। ਆਧੁਨਿਕਤਾ ਵਿਚ ਅਜਿਹਾ ਤੱਤ ਜ਼ਰੂਰ ਹੈ ਜੋ ਪੂੰਜੀਵਾਦ ਦੀ ਉਪਜ ਹੋਣ ਦੇ ਬਾਵਜੂਦ ਪੂੰਜੀਵਾਦ ਦੇ ਤੱਤਾਂ ਦੇ ਪੂਰੀ ਤਰ੍ਹਾਂ ਅਨੁਕੂਲ ਨਹੀਂ। ਇਸੇ ਲਈ ਅਠਾਰਵੀਂ ਸਦੀ ਵਿਚ ਯੂਰਪ ਵਿਚ ਜੋ ਵਿਵੇਕਪੂਰਣ ਮਾਨਵਤਾਵਾਦ ਦੀਆਂ ਜੋ ਪਰਿਕਲਪਨਾਵਾਂ ਉੱਭਰਕੇ ਸਾਹਮਣੇ ਆਈਆ, ਉਹ ਪੂੰਜੀਵਾਦੀ ਵਰਗ ਦੇ ਹਿੱਤਾਂ ਦੇ ਅਨੁਕੂਲ ਹੁੰਦਿਆਂ ਹੋਇਆਂ ਵੀ ਉਸ ਵਰਗ ਤਕ ਹੀ ਸੀਮਤ ਨਹੀਂ। ਉਸ ਵਿਚ ਅਜਿਹਾ ਕੁਝ ਵੀ ਹੈ ਜਾਂ ਕੁਝ ਅਜਿਹੇ ਮੁੱਲ ਵੀ ਹਨ ਜੋ ਇਕ ਬਿੰਦੂ ਤੇ ਜਾ ਕੇ ਬੁਰਜੁਆਜ਼ੀ ਲਈ ਸਿਰਦਰਦੀ ਬਣ ਸਕਦੇ ਹਨ।

ਫਰਾਂਸ ਦੇ ਇਨਕਲਾਬ ਸਮੇਂ ਬੁਰਜ਼ੁਆ ਵਰਗ ਦੀ ਸਰਦਾਰੀ ਸੀ। ਫਰਾਂਸ ਦੀ ਕ੍ਰਾਂਤੀ ਅਸਲ ਵਿਚ ਬੁਰਜ਼ੁਆ ਕ੍ਰਾਂਤੀ ਸੀ। ਪਰੰਤੂ ਕਿਸਾਨਾਂ ਨੂੰ ਆਪਣੇ ਨਾਲ ਲਾਉਣ ਲਈ ਬੁਰਜੁਆਜ਼ੀ ਵਲੋਂ ਜਿਨ੍ਹਾਂ ਅਧਿਕਾਰਾਂ, ਸੁਤੰਤਰਤਾ, ਮਾਨਵਤਾ ਦੀ ਪਰਿਪੂਰਣਤਾ ਅਤੇ ਪ੍ਰਗਤੀ ਦੀ ਜੋ ਤਸਵੀਰ ਪੇਸ਼ ਕੀਤੀ ਗਈ ਉਹ ਕੇਵਲ ਭਾਵਨਾਤਮਕ ਤਸਵੀਰ ਸੀ, ਕੇਵਲ ਯੂਟੋਪੀਆ ਸੀ। ਭਾਵ ਉਸ ਨੂੰ ਬੁਰਜ਼ੁਆਜ਼ੀ ਵਲੋਂ ਅਮਲੀ ਰੂਪ ਨਹੀਂ ਦਿੱਤਾ ਜਾ ਸਕਦਾ ਸੀ। ਇਹ ਗੱਲ ਕਰਦਿਆਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਆਧੁਨਿਕਤਾ ਵਿਚ ਮੁੱਲ-ਵਿਵਸਥਾ, ਪ੍ਰਗਤੀ, ਵਿਗਿਆਨਕ ਦ੍ਰਿਸ਼ਟੀ-

ਕੋਣ, ਜ਼ਰੂਰਤਾਂ ਅਨੁਸਾਰ ਪ੍ਰਗਤੀ ਨੂੰ ਢਾਲਕੇ ਨਵੇਂ ਸਮਾਜ ਦਾ ਨਿਰਮਾਣ ਕਰਨ, ਹਰ ਮਨੁੱਖ ਦੀ ਬਰਾਬਰੀ ਦੀ ਕਲਪਣਾ, ਸੁਤੰਤਰਤਾ ਅਤੇ ਆਤਮ-ਸਨਮਾਨ ਉਭਰਕੇ ਆਈਆਂ ਧਾਰਾਵਾਂ ਇਕ ਤਰ੍ਹਾਂ ਨਾਲ ਬੁਰਜੁਆ ਵਰਗ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਇਸ ਦੇ ਹਿੱਤਾਂ ਤਕ ਹੀ ਸੀਮਤ ਹੋਣ, ਅਜਿਹਾ ਜ਼ਰੂਰੀ ਨਹੀਂ । ਆਧੁਨਿਕਤਾਵਾਦ ਤੇ ਉਤਰਆਧੁਨਿਕਤਾਵਾਦ ਦੀਆਂ ਪ੍ਰਵਿਰਤੀਆਂ ਵੀ ਬੁਰਜੁਆ ਵਰਗ ਦੀਆਂ ਹੀ ਪ੍ਰਵਿਰਤੀਆਂ ਹਨ । 18ਵੀਂ ਸਦੀ ਦੇ ਆਧੁਨਿਕਤਾ ਦੇ ਮੁੱਲ ਨੂੰ ਵਿਗਿਆਨਕ ਮਾਨਵਵਾਦ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਗਿਆ । ਵਿਕਸਿਤ ਹੋ ਰਹੇ ਸਮਾਜ ਵਿਚ ਇਨ੍ਹਾਂ ਮੁੱਲਾਂ ਦੇ ਕੁਝ ਪਹਿਲੂ ਬੁਰਜੁਆਜੀ ਨੂੰ ਨਾਗਵਾਰਾ ਗੁਜ਼ਰਨ ਲੱਗੇ । ਮਸਲਨ ਬਰਾਬਰੀ ਦਾ ਸੰਕਲਪ, ਬੁਰਜੁਆਜ਼ੀ ਦੁਆਰਾ ਪੈਦਾ ਕੀਤਾ ਹੋਣ ਦੇ ਬਾਵਜੂਦ ਉਸ ਦੇ ਖਿਲਾਫ ਗਿਆ । ਇਸੇ ਲਈ ਬਰਾਬਰੀ ਤੇ ਪ੍ਰਗਤੀ ਦੀ ਭਾਵਨਾ ਦਾ ਵਿਰੋਧ ਕੀਤਾ ਗਿਆ । ਜੇ ਪ੍ਰਗਤੀ ਸਾਨੂੰ ਸਮਾਜਵਾਦ ਵਲ ਲੈਕੇ ਜਾਂਦੀ ਹੈ ਤਾਂ ਕਿਹਾ ਜਾਏਗਾ ਕਿ ਪ੍ਰਗਤੀ ਕੋਈ ਚੀਜ਼ ਨਹੀਂ ਹੈ । ਜੇ ਵਿਵੇਕ ਦਾ ਇਸਤੇਮਾਲ ਕਰਕੇ ਉਪਨਿਵੇਸ਼ਕ ਸਮਾਜਾਂ ਦੇ ਮਿਹਨਤਕਸ਼ ਲੋਕ ਆਪਣੀਆਂ ਪ੍ਰਸਥਿਤੀਆਂ ਨੂੰ ਸਮਝਕੇ ਆਪਣੇ ਹਿੱਤਾਂ ਲਈ ਸੰਘਰਸ਼ ਸ਼ੁਰੂ ਕਰਦੇ ਹਨ ਤਾਂ ਵਿਵੇਕ ਨੂੰ ਹੀ ਨਕਾਰਿਆ ਜਾਣ ਲੱਗੇਗਾ ।

ਪੂੰਜੀਵਾਦੀ ਸਮਾਜ ਦੇ ਵਿਕਾਸ ਵਿਚ ਜਦੋਂ ਸੰਕਟ ਆਉਂਦਾ ਹੈ ਤਾਂ ਅਜਿਹੀ ਸਥਿਤੀ ਵਿਚ ਆਧੁਨਿਕਤਾ ਦੀ ਆਲੋਚਨਾ ਭਾਵੇਂ ਆਧੁਨਿਕਤਾਵਾਦ ਦੇ ਰੂਪ ਵਿਚ ਹੋਵੇ ਤੇ ਭਾਵੇਂ ਉਤਰਆਧੁਨਿਕਤਾਵਾਦ ਦੇ ਰੂਪ ਵਿਚ ਉਹ ਸੱਤਾ ਤੇ ਕਾਬਜ਼ ਵਰਗਾਂ ਦੇ ਹਿੱਤਾਂ ਤੋਂ ਹੀ ਪ੍ਰੇਰਿਤ ਹੈ । ਸੱਤਾਧਾਰੀ ਵਰਗ ਨੂੰ ਬਣਾਈ ਰਖਣ ਲਈ ਤਕਨੀਕ ਦੇ ਵਿਕਾਸ ਦਾ ਵਿਸ਼ੇਸ਼ ਤੌਰ ਤੇ ਇਲੈਕਟ੍ਰਾਨਿਕ ਮੀਡੀਆ ਦਾ ਪ੍ਰਚਾਰ ਪ੍ਰਸਾਰ ਹੋਇਆ ਹੈ । ਤਕਨੀਕ ਦੇ ਪ੍ਰਸਾਰ ਨਾਲ ਸਾਡੀਆਂ ਸਮਾਜ ਦੀ ਤਸਵੀਰ ਸੰਬੰਧੀ, ਆਪਣੀ ਰਿਸ਼ਤਿਆਂ ਤੇ ਉਨ੍ਹਾਂ ਦੀਆਂ ਅੰਤਰ-ਕ੍ਰਿਆਵਾਂ ਬਾਰੇ ਧਾਰਾਵਾਂ ਬਦਲ ਗਈਆਂ ਹਨ । ਪੂੰਜੀਵਾਦੀ ਵਿਵਸਥਾ ਦੇ ਮੂਲ ਸੰਬੰਧਾਂ ਵਿਚ ਤਾਂ ਅੰਤਰ ਨਹੀਂ ਆਇਆ । ਪਰ ਉਨ੍ਹਾਂ ਦਾ ਰੂਪ ਕਝ ਹੱਦ ਤਕ ਨਵੀਨ ਹੋ ਗਿਆ ਹੈ । ਉਦਾਹਰਣ ਲਈ ਪਹਿਲੇ ਦੌਰ ਵਿਚ ਮੰਡੀ ਤੇ ਕਬਜੇ ਲਈ ਰਾਜ-ਵਿਸਤਾਰ ਵਾਸਤੇ ਸ਼ਕਤੀ ਪ੍ਰਯੋਗ ਜ਼ਰੂਰੀ ਸੀ । ਪਰ ਹੁਣ ਤਰੀਕੇ ਬਦਲ ਗਏ ਹਨ । ਜ਼ਾਹਿਰ ਹੈ ਪਹਿਲੇ ਉਪਨਿਵੇਸ਼ਕ ਰਿਸ਼ਤੇ, ਨਵ-ਬਸਤੀਵਾਦੀ ਰਿਸ਼ਤਿਆਂ ਵਿਚ ਬਦਲ ਗਏ ਹਨ । ਉਤਪਾਦਨ ਦਾ ਫੈਲਾਅ ਹੋ ਗਿਆ ਹੈ । ਕਿਸੇ ਚੀਜ਼ ਦਾ ਇਕ ਹਿੱਸਾ ਕਿਤੇ ਬਣ ਰਿਹਾ ਹੈ ਤਾਂ ਦੂਸਰਾ ਹਿੱਸਾ ਕਿਤੇ ਹੋਰ । ਪਹਿਲਾਂ ਵਾਲਾ ਕੇਂਦ੍ਰਿਤ ਉਤਪਾਦਨ ਹੁਣ ਨਹੀਂ ਰਿਹਾ । ਇਸ ਪਰਿਵਰਤਨ ਨਾਲ ਸ਼ਕਤੀ ਦਾ ਫੈਲਾਅ ਸੂਖਮ ਹੋ ਗਿਆ ਹੈ । ਹੁਣ ਇਹ ਸ਼ਕਤੀ ਸਪੱਸ਼ਟ ਦਿਖਾਈ ਨਹੀਂ ਦਿੰਦੀ । ਬਾਹੂ-ਬਲ ਦੀ ਥਾਂ ਦਮਨ ਦਾ ਰੂਪ ਨਵੀਨ ਤੇ ਅਸਿੱਧੇ ਰੂਪ ਵਿਚ ਪ੍ਰਗਟ ਹੁੰਦਾ ਹੈ । ਕਈ ਵਾਰੀ ਲੋਕਾਂ ਦੀ ਸੋਚ ਨੂੰ ਮਾਨਸਿਕਤਾ ਦੇ ਧਰਾਤਲ ਤੇ ਐਡਵਰਟਾਈਜਮੈਂਟਾਂ ਰਾਹੀਂ ਹੋਰ ਤਸਵੀਰ ਦਿਖਾਕੇ ਨਿਯੰਤ੍ਰਿਤ ਰੱਖਣਾ ਜ਼ਰੂਰੀ ਸਮਝਿਆ ਜਾਣ ਲੱਗਿਆ ਹੈ । ਪੂੰਜੀਵਾਦੀ ਅਰਥ ਵਿਵਸਥਾ ਦਾ ਰੂਪ ਬਦਲਣ ਨਾਲ ਚਿੰਤਨ ਤੇ ਮੁੱਲ-ਵਿਵਸਥਾ ਵੀ ਬਦਲੀ ਹੈ । ਉਤਰ-ਆਧੁਨਿਕਤਾਵਾਦ ਨੂੰ ਮੋਟੇ ਤੌਰ ਤੇ ਅਸੀਂ ਇਸ ਪਰਿਵਰਤਨ ਦੀ ਉਪਜ ਮੰਨਦੇ ਹਾਂ । ਉਤਰ-ਆਧੁਨਿਕਤਾਵਾਦ ਵਿਚ ਉਪਭੋਗਤਾਵਾਦ, ਫੁਟਕਲਵਾਦ ਬਹੁਲਤਾਵਾਦ ਤੇ ਕੇਂਦਰ ਦੇ ਨਕਾਰ ਦੀ ਵਕਾਲਤ ਕੀਤੀ ਜਾਂਦੀ ਹੈ । ਮਲਟੀਨੈਸ਼ਨਲ ਦੇ ਦੌਰ ਵਿਚ ਇਹ ਸਭ ਕੁਝ ਸੱਤਾਧਾਰੀ ਵਰਗਾਂ ਦੇ



ਹਿੱਤਾਂ ਦੇ ਅਨੁਕੂਲ ਹੈ । ਮੋਟੇ ਤੌਰ ਤੇ ਉਤਰਆਧੁਨਿਕਤਾਵਾਦ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਹੀ ਪੂਰਾ ਕਰਦਾ ਹੈ ।

? ਡਾ: ਸਾਹਿਬ ਆਪਣੇ ਉਤਰਆਧੁਨਿਕਤਾਵਾਦ ਦੇ ਜੋ ਅਨੇਕ ਪੱਖ ਗਿਣਾਏ ਹਨ ਉਸ ਨੂੰ ਮੈਂ ਇਕ ਇਕ ਕਰਕੇ ਲੈਣਾ ਚਾਹੁੰਦਾ ਹਾਂ । ਜਿਵੇਂ ਇਤਿਹਾਸ ਦੇ ਅੰਤ ਦਾ ਮਸਲਾ...... .....

ਡਾ: ਗਰੇਵਾਲ : ਪਹਿਲਾਂ ਮੈਂ ਚਾਹਾਂਗਾ ਕਿ ਉਤਰਆਧੁਨਿਕਤਾਵਾਦ ਤੇ ਆਧੁਨਿਕਤਾ ਨਾਲ ਸੰਬੰਧਿਤ ਦੋ ਤਿੰਨ ਪੱਖਾਂ ਵਲ ਇਸ਼ਾਰਾ ਕਰਾਂ ਤੇ ਫਿਰ ਇਤਿਹਾਸ ਦੇ ਅੰਤ ਦੀ ਗੱਲ ਕਰਾਂ । ਜਿਸ ਤਰ੍ਹਾਂ ਆਧੁਨਿਕਤਾ ਜਾਂ ਵਿਵੇਕਪੂਰਣ ਮਾਨਵਤਾਵਾਦ ਬੁਰਜੁਆਂ ਦਾ ਦਰਸ਼ਨ ਹੁੰਦਿਆਂ ਹੋਇਆਂ ਵੀ ਕੁਝ ਅਜਿਹੀਆਂ ਸੰਭਾਵਨਾਵਾਂ ਛੁਪਾਈ ਬੈਠਾ ਸੀ ਜੋ ਆਪਣੇ ਸਮੇਂ ਤੋਂ ਅਗਾਂਹ ਸਨ, ਇਸੇ ਤਰ੍ਹਾਂ ਉਤਰਆਧੁਨਿਕਤਾਵਾਦ ਵਿਚ ਕਈ ਪਹਿਲੂ ਅਜਿਹੇ ਹੋ ਸਕਤੇ ਹਨ ਜੋ ਅਜੋਕੇ ਸੱਤਾਧਾਰੀ ਵਰਗਾਂ ਜਾਂ ਵਿਵਸਥਾ ਦੇ ਹਿੱਤਾਂ ਦੇ ਅਨੁਕੂਲ ਹੁੰਦਿਆਂ ਹੋਇਆਂ ਵੀ ਉਸ਼ ਦੇ ਵਿਰੋਧ ਵਿਚ ਜਾਣ ਦੀ ਸੰਭਾਵਨਾ ਰੱਖਦੇ ਹਨ । ਇਹ ਪੱਖ ਪਹਿਲੂ ਕੀ ਹਨ ? ਵਿਅਕਤੀ ਦੀ ਸਮਾਜ ਤੋਂ ਵੱਖਰੀ ਹਸਤੀ ਉਸ ਦੀ ਸਵੈ-ਸੰਪੂਰਣ ਇਕਾਈ ਨੂੰ ਪ੍ਰਵਾਨ ਕਰਨਾ ਬੁਰਜੁਆ ਚਿੰਤਨ ਦਾ ਕੇਂਦਰੀ ਮੁੱਦਾ ਹੈ । ਆਧੁਨਿਕਤਾ ਦੇ ਨਾਂ ਤੇ ਪ੍ਰਤਿਪਾਦਤ ਵਿਵੇਕਪੂਰਣ ਮਾਨਵਤਾਵਾਦ ਦਾ ਵੀ ਇਹ ਕੇਂਦਰੀ ਧੁਰਾ ਹੈ । ਜਿਉਂ ਜਿਉਂ ਪੂੰਜੀਵਾਦ ਦਾ ਵਿਕਾਸ ਹੋਇਆ, ਪੂੰਜੀ ਦਾ ਰੂਪ ਵੀ ਵਿਅਕਤੀ ਕੇਂਦ੍ਰਿਤ ਨਾ ਰਿਹਾ । ਵੱਡੇ-ਵੱਡੇ ਉਦਯੋਗ ਲਗਣ ਨਾਲ ਉਦਯੋਗਿਕ ਘਰਾਣਿਆਂ ਦੀ ਸਥਾਪਤੀ ਨਾਲ ਤੇ ਬਹੁ-ਰਾਸ਼ਟਰੀ ਕੰਪਨੀਆ ਦੇ ਪ੍ਰਵੇਸ਼ ਨਾਲ ਵਿਅਕਤੀ ਨੂੰ ਕੇਂਦਰ ਮੰਨਣ ਦੀ ਧਾਰਣਾ ਪਤਲੀ ਪਈ ਹੈ । ਹੁਣ ਤਾਂ ਵਿਆਪਕ ਤੇ ਵਿਅਕਤੀ-ਨਿਰਪੇਖ ਪ੍ਰਕ੍ਰਿਆਵਾਂ ਉਪਰ ਬਲ ਹੈ । ਅੱਜ ਦੇ ਸਮਾਜ ਨੂੰ ਬਿਊਰੋਕਰੇਸੀ ਜਾਂ ਕਈ ਹੋਰ ਪ੍ਰਣਾਲੀਆਂ ਦਾ ਭਾਰ ਵੀ ਚੁੱਕਣਾ ਪੈ ਰਿਹਾ ਹੈ ।

ਸ਼ੁਰੂ ਵਿਚ ਆਧੁਨਿਕਤਾ ਦੀ ਆਲੋਚਨਾ ਸਮੇਂ ਇਹ ਕਿਹਾ ਗਿਆ ਕਿ ਇਸ ਨਾਲ ਯਾਂਤ੍ਰਿਕਤਾ ਆ ਜਾਦੀ ਹੈ ਅਤੇ ਵਿਅਕਤੀ ਦੀ ਹਸਤੀ (ਸੁਤੰਤਰਤਾ) ਖਤਰੇ ਵਿਚ ਪੈ ਜਾਂਦੀ ਹੈ । ਪਰ ਅੱਜ ਦੇ ਸਮਾਜ ਵਿਚ ਸੋਚ-ਵਿਅਕਤੀ ਕੇਂਦ੍ਰਿਤ ਨਾ ਹੋਕੇ ਵਿਆਪਕ ਤੇ ਵਿਅਕਤੀ-ਨਿਰਪੇਖ ਪ੍ਰਕ੍ਰਿਆਵਾਂ ਨੂੰ ਪਹਿਲ ਦਿੰਦੀ ਹੈ । ਉਤਰਆਧੁਨਿਕਤਾਵਾਦ ਵਿਚ ਅੰਤਰਮੁਖਤਾ ਕੇਵਲ ਪ੍ਰਕ੍ਰਿਆ ਮਾਤਰ ਬਣਕੇ ਰਹਿ ਗਈ ਹੈ । ਕਿਉਂਕਿ ਉਤਪਾਦਨ ਸ਼ਕਤੀਆਂ ਬਿਖਰੇ ਰੂਪ ਵਿਚ ਹਨ ਜਿਸ ਕਾਰਨ ਵਿਅਕਤੀ ਦਾ ਰੂਪ ਵੀ ਬਦਲ ਗਿਆ ਹੈ । ਅੰਤਰਮੁਖਤਾ ਅਜਿਹੀ ਚੀਜ਼ ਹੋ ਗਈ ਹੈ ਜੋ ਹਰ ਥਾਂ ਤੇ ਕਿਤੇ ਵੀ ਨਹੀਂ । ਇਹ ਵਿਅਕਤੀਵਾਦ ਨੂੰ ਪੇਤਲਾ ਕਰਨ ਦੀ ਪ੍ਰਕ੍ਰਿਆ ਹੈ । ਇਸ ਦਾ ਅਰਥ ਇਹ ਨਹੀਂ ਕਿ ਵਿਅਕਤੀਤਵ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਹੈ । ਅਜੇ ਚਿੰਤਨ ਤਾਂ ਬੁਰਜੁਆ ਹੀ ਹੈ) ਸਗੋਂ ਵਿਅਕਤੀ ਦੇ ਸਵੈ ਦੀ ਅਵਿਧਾਰਣਾ ਇਕ ਤਰਲ ਚੀਜ਼ ਬਣ ਗਈ ਹੈ । ਵਿਅਕਤੀ ਦੀ ਨਿਰਣੇ ਸ਼ਕਤੀ ਦਾ ਦਖਲ ਬਦਲ ਗਿਆ ਹੈ । ਵਿਅਕਤੀ ਦੁਨੀਆਂ ਨੂੰ ਬਦਲ ਸਕਦਾ ਹੈ ਜਾਂ ਉਹ ਆਪਣਾ ਭਵਿੱਖ ਆਪ ਘੜਦਾ ਹੈ—ਦਾ ਵਿਚਾਰ ਹੁਣ ਬਦਲ ਗਿਆ ਹੈ ਕਿਉਂਕਿ ਵਿਅਕਤੀ ਦੀ ਹਸਤੀ ਦਾ ਹਰਾਸ ਹੋਇਆ ਹੈ, ਫਿਰ ਵੀ ਇਹ ਮੌਜੂਦ ਹੈ । ਆਧੁਨਿਕਤਾ ਵਿਚ ਵਿਅਕਤੀ ਦੀ ਸੁਤੰਤਰਤਾ, ਬਰਾਬਰੀ ਤੇ ਭਾਈਚਾਰੇ ਦੇ ਤਿੰਨ ਆਦਰਸ਼ ਮੌਜੂਦ ਸਨ । ਸਤੰਤਰਤਾ ਵਾਲਾ ਪਹਿਲੂ ਉਤਰਆਧੁਨਿਕਤਾਵਾਂਦ ਵਿਚ ਵੀ ਬਚਿਆ ਹੋਇਆ ਹੈ । ਉਤਰਆਧੁਨਿਕਤਾਵਾਦੀ ਜੇ ਸਾਨੂੰ ਅਪੀਲ ਕਰਦੇ ਹਨ ਤਾਂ ਸਿਰਫ ਇਸ ਲਈ ਕਿ ਉਹ

ਵਿਅਕਤੀਗਤ ਸੁਤੰਤਰਤਾ ਬਚਾਉਣ ਦਾ ਨਾਅਰਾ ਦਿੰਦੇ ਹਨ । ਉਤਰਆਧੁਨਿਕਤਾਵਾਦ ਦੀ ਸਭ ਤੋਂ ਵੱਡੀ ਪ੍ਰਤਿਬੱਧਤਾ ਵਿਅਕਤੀ-ਸੁਤੰਤਰਤਾ ਦੀ ਹੈ । ਪਰ ਹੈ ਇਹ ਬਹੁਤ ਕਮਜ਼ੋਰ ।

ਦੂਸਰਾ ਹਰਾਸ ਹੋਇਆ ਹੈ, ਸਮੁੱਚਤਾ ਦਾ ਟੋਟੈਲਿਟੀ ਦਾ । ਉੱਤਰ-ਆਧੁਨਿਕਤਾਵਾਦ ਤਰਤੀਬ, ਸੰਰਚਨਾ, ਸਮਾਜ, ਦੇਸ਼, ਸਮੂਹ ਸਭ ਦਾ, ਨਕਾਰ ਹੈ । ਇਸਦਾ ਵਿਸ਼ਵਾਸ ਫੁਟਕਲਵਾਦ ਵਿਚ ਹੈ ।

ਡਾ: ਸਾਹਿਬ, ਬਹੁਕੇਂਦਰਵਾਦ ਨੂੰ ਅਸੀਂ ਤੀਸਰੀ ਦੁਨੀਆਂ ਦੇ ਸੰਦਰਭ ਵਿਚ ਦੇਖਣਾ ਚਾਹਾਂਗੇ ।

ਡਾ. ਗਰੇਵਾਲ : ਉਥੇ ਬਾਦ ਵਿਚ ਆਵਾਂਗੇ ਪਹਿਲਾਂ ਮੈਂ ਤਿੰਨ ਚੀਜ਼ਾਂ ਦੱਸ ਦੇਵਾਂ । ਬਹੁ-ਕੇਂਦਰਵਾਦ ਦਾ ਅਰਥ ਹੈ ਫੁਟਕਲਵਾਦ, ਇਸਦਾ ਮਤਲਬ ਹੈ ਬਹੁਲਤਾ । ਉੱਤਰ ਆਧੁਨਿਕਤਾ-ਵਾਦ ਮੰਨਦਾ ਹੈ ਕਿ ਇਨ੍ਹਾਂ ਦੇ ਜੋੜ ਤੋਂ ਕੋਈ ਸਰਬ ਪ੍ਰਵਾਣਿਤ ਇਕਾਈ ਨਾ ਬਣਾਈ ਜਾਵੇ । ਇਸਦੇ ਰਹਿਣ ਮੁਤਾਬਿਕ ਹਰ ਆਦਮੀ ਆਪਣੇ ਮਨਮਾਨੇ ਢੰਗ ਨਾਲ ਸਮੁੱਚ ਦੀ ਉਸਾਰੀ ਕਰਦਾ ਹੈ । ਇਸ ਲਈ ਕਿਸੇ ਸੰਰਚਨਾ, ਤਰਤੀਬ ਦੀ ਕੋਈ ਜਾਇਜ਼ ਹੋਂਦ ਨਹੀਂ । ਇਹ ਸੱਚ ਨਾ ਹੋ ਕੇ ਬਾਹਰੋਂ ਮੜ੍ਹੀ ਹੋਈ ਹੈ । ਜਿਸ ਤਰ੍ਹਾਂ ਸੰਰਚਨਾ ਨੂੰ ਮਨਮਾਨੇ ਢੰਗ ਨਾਲ ਬਣਾਇਆ ਜਾ ਸਕਦਾ ਹੈ । ਉਸੇ ਤਰ੍ਹਾਂ ਉਸਨੂੰ ਢਾਹਿਆ ਵੀ ਜਾ ਸਕਦਾ ਹੈ । ਉੱਤਰ ਆਧੁਨਿਕਤਾਵਾਦੀਆਂ ਅਨੁਸਾਰ ਯਥਾਰਥ ਤਰਲ ਤੇ ਬਿਖਰੀ ਹੋਈ ਚੀਜ਼ ਹੈ, ਜਿਸਨੂੰ ਨਾ ਤਾਂ ਫੜਿਆ ਜਾ ਸਕਦਾ ਹੈ ਤੇ ਨਾ ਹੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ । ਘੱਟੋ ਘੱਟ ਉਸਨੂੰ ਜੋੜ ਕੇ ਸਮੁੱਚ ਤਾਂ ਬਣਾਇਆ ਹੀ ਨਹੀਂ ਜਾ ਸਕਦਾ । ਉੱਤਰ-ਆਧੁਨਿਤਾਵਾਦ ਸਾਮੂਹਿਕਤਾ ਦੇ ਜਾਇਜ਼ ਹੋਣ ਨੂੰ ਨਕਾਰਦਾ ਹੈ । ਇਸੇ ਲਈ ਉੱਤਰ ਆਧੁਨਿਤਾ-ਵਾਦ ਕਿਸੇ ਵੀ ਸੰਘਰਸ਼ ਵਿਚ ਆਸਥਾ ਨੂੰ ਕਮਜ਼ੋਰ ਬਣਾਉਂਦਾ ਹੈ । ਕਿਉਂਕਿ ਉੱਤਰ ਆਧੁ-ਨਿਕਤਾਵਾਦ ਵਿਚ ਸਾਰੀਆਂ ਸਮੁੱਚਤਾਵਾਂ ਨੂੰ ਬਾਹਰੋਂ ਮੜ੍ਹੀਆਂ ਮੰਨਿਆ ਜਾਂਦਾ ਹੈ, ਇਸ ਲਈ ਇਨ੍ਹਾਂ ਰਾਹੀ ਸੁਤੰਤਰਤਾ ਦਾ ਹਰਨ ਹੁੰਦਾ ਹੈ । ਸਾਮੂਹਿਕਤਾ ਵਿਅਕਤੀ ਸੁਤੰਤਰਤਾ ਦਾ ਹਰਨ ਕਰਦੀ ਹੈ । ਇਸ ਅਨੁਸਾਰ ਸਮੁੱਚਤਾ ਆਪਹੁਦਰੀ ਹੈ ਤੇ ਆਮ ਤੌਰ ਤੇ ਸੁਤੰਤਰਤਾ ਉਪਰ ਹਾਵੀ ਹੋ ਜਾਂਦੀ ਹੈ ਇਸ ਲਈ ਦਮਨਕਾਰੀ ਹੁੰਦੀ ਹੈ । ਸਾਮੂਹਿਕਤਾ ਗੁਲਾਮੀ ਦੀ ਨਿਸ਼ਾਨੀ ਹੈ । ਇਉਂ ਉੱਤਰ-ਆਧੁਨਿਕਤਾਵਾਦ ਦਾ ਦੂਸਰਾ ਅਕੀਦਾ ਹੈ—ਸਮੁੱਚਤਾ ਦਾ ਨਕਾਰ ।

ਉੱਤਰ ਆਧੁਨਿਕਤਾਵਾਦੀ ਦਿਸ਼ਾਹੀਣ ਪਰਿਵਰਤਨ ਵਿਚ ਵਿਸ਼ਵਾਸ ਰੱਖਦੇ ਹਨ । ਸਮੂਹ-ਵਾਦ ਉਪਰ ਸ਼ੰਕਾ ਪਹਿਲਾਂ ਵੀ ਸੀ ਪਰ ਉੱਤਰ-ਆਧੁਨਿਕਤਾ ਵਿਚ ਇਹ ਹੋਰ ਵੀ ਵੱਧ ਜਾਂਦੀ ਹੈ । ਉੱਤਰਆਧੁਨਿਕਤਾਵਾਦੀ ਇਸ ਗੱਲ ਨੂੰ ਵੀ ਨਕਾਰਦੇ ਹਨ ਕਿ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਪਿੱਛੇ ਕੋਈ ਉਦੇਸ਼ ਕੰਮ ਕਰ ਰਿਹਾ ਹੈ ਜਾਂ ਉਹ ਸਾਨੂੰ ਕਿਸੇ ਦਿਸ਼ਾ ਵਲ ਲੈ ਕੇ ਜਾ ਰਹੀਆਂ ਹਨ । ਅਜਿਹੀ ਸੋਚ ਨੂੰ ਬਾਹਰੋਂ ਥੋਪੀ ਹੋਈ ਚੀਜ਼ ਮੰਨਿਆ ਜਾਂਦਾ ਹੈ । ਇਤਿਹਾਸ ਦੇ ਅੰਤ ਦਾ ਮਤਲਬ ਵੀ ਇਹੀ ਹੈ, ਸਾਡਾ ਕੋਈ ਨਿਸ਼ਾਨਾ ਨਹੀਂ, ਅਸੀਂ ਕਿਸੇ ਦਿਸ਼ਾ ਵਿਸ਼ੇਸ਼ ਵਲ ਨਹੀਂ ਜਾ ਰਹੇ । ਸਮਾਜ ਵਿਚ ਕੋਈ ਸੁਧਾਰ ਨਹੀਂ ਹੋ ਰਿਹਾ ਤੇ ਨਾ ਹੀ ਵਿਕਾਸ । ਕਿਸੇ ਸੁਧਾਰ ਜਾਂ ਵਿਕਾਸ ਦੀ ਗੱਲ ਸਾਨੂੰ ਠੱਗਣ ਵਾਸਤੇ ਕੀਤੀ ਜਾਂਦੀ ਹੈ । ਇਹ ਅਧੀਨ ਕਰਨ ਦਾ ਇਕ ਤਰੀਕਾ ਹੈ । ਸਾਡੀ ਅਸਲੀ ਉਪਲਬੱਧੀ ਇਹ ਹੋਵੇਗੀ ਕਿ ਅਸੀਂ ਇਸ ਝਾਂਸੇ ਵਿਚ ਨਾ ਆਈਏ । ਇਉਂ ਉੱਤਰ ਆਧੁਨਿਕਤਾਵਾਦੀ ਵਸਤੂ ਸਥਿਤੀ ਨੂੰ ਪਰਿਵਰਤਨਸ਼ੀਲ ਤਾਂ ਮੰਨਦੇ ਹਨ ਪਰੰਤੂ ਪਰਿਵਰਤਨ



ਨੂੰ ਦਿਸ਼ਾਹੀਣ ਸਵੀਕਾਰ ਕੀਤਾ ਜਾਂਦਾ ਹੈ । ਇਸੇ ਲਈ ਮਹਾਨ-ਬ੍ਰਿਤਾਂਤ ਦਾ ਅੰਤ ਕਿਹਾ ਜਾਂਦਾ ਹੈ । ਇਨ੍ਹਾਂ ਗੱਲਾਂ ਤੋਂ ਬਾਦ ਤੁਹਾਡੇ ਵਲੋਂ ਉਠਾਈਆਂ ਗੱਲਾਂ ਉਪਰ ਚਰਚਾ ਕੀਤੀ ਜਾ ਸਕਦੀ ਹੈ ।

ਉੱਤਰ ਆਧੁਨਿਕਤਾਵਾਦੀ ਬਹੁ-ਕੇਂਦਰਵਾਦ ਦੀ ਗੱਲ ਕਰਦੇ ਹਨ, ਤੀਸਰੀ ਦੁਨੀਆਂ ਦੇ ਸੰਦਰਭ ਵਿਚ......

ਡਾ. ਗਰੇਵਾਲ : ਇਤਿਹਾਸ ਦੇ ਅੰਤ ਵਾਲੀ ਗੱਲ......

? ਕੁਝ ਤਾਂ ਤੁਸੀਂ ਕਰ ਹੀ ਦਿੱਤੀ ਹੈ ਪਰ ਜੇ ਤੁਸੀਂ ਉਸ ਵਿਚ ਕੁਝ ਹੋਰ ਜੋੜਨਾ ਚਾਹੁੰਦੇ ਹੋਵੋ ਤਾਂ ਠੀਕ ਹੈ, ਨਹੀਂ ਤਾਂ ਅਸੀਂ ਬਹੁ-ਕੇਂਦਰਵਾਦ ਵਾਲੀ ਗੱਲ ਉਪਰ ਆਉਣਾ ਚਾਹਾਂਗੇ ।

ਡਾ ਗਰੇਵਾਲ : ਮੈਂ ਤੁਹਾਨੂੰ ਦੱਸਿਆ ਹੈ ਕਿ ਉੱਤਰ ਆਧੁਨਿਕਤਾਵਾਦ ਵਿਚ ਕੇਂਦਰ ਅਲੋਪ ਹੈ । ਜੇ ਕੇਂਦਰ ਗਾਇਬ ਹੈ ਤਾਂ ਬਹੁਕੇਂਦਰਵਾਦ ਤਾਂ ਆ ਹੀ ਜਾਵੇਗਾ । ਉੱਤਰ ਆਧੁਨਿਕ-ਤਾਵਾਦ ਦਾ ਜੋ ਅਸੀਂ ਹੁਣ ਤਕ ਜ਼ਿਕਰ ਕੀਤਾ ਹੈ, ਉਹ ਯੂਰਪ ਦੇ ਸੰਦਰਭ ਵਿਚ ਹੈ । ਵਿਕਾਸ-ਸ਼ੀਲ ਦੇਸ਼ ਜੋ ਪਹਿਲਾਂ ਬਸਤੀਆਂ ਰਹੇ ਹਨ, ਉਨ੍ਹਾਂ ਦੇ ਸੰਦਰਭ ਵਿਚ ਆਧੁਨਿਕਤਾ ਤੇ ਉੱਤਰ-ਆਧੁਨਿਕਤਾਵਾਦ ਦਾ ਉਹ ਰੂਪ ਨਹੀਂ ਹੋਵੇਗਾ ਜਿਸ ਰੂਪ ਵਿਚ ਇਨ੍ਹਾਂ ਦੀ ਗੱਲ ਯੂਰਪ ਦੇ ਸੰਦ-ਰਭ ਵਿਚ ਕੀਤੀ ਗਈ ਹੈ । ਇਸਤੇ ਆਉਣ ਤੋਂ ਪਹਿਲਾਂ ਮੈਂ ਇਕ ਬਾਰ ਫਿਰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਆਧੁਨਿਕਤਾ ਵਿਚ ਅਜਿਹੀਆਂ ਚੀਜ਼ਾਂ ਸਨ ਜੋ ਬੁਰਜੁਆ ਵਰਗ ਵਲੋਂ ਪ੍ਰਤਿਪਾਦਤ ਕੀਤੀਆਂ ਹੋਣ ਦੇ ਬਾਵਜੂਦ ਪੀੜਤ ਲੋਕਾਂ ਦੇ ਕੰਮ ਵੀ ਆ ਸਕਦੀਆਂ ਹਨ, ਇਸੇ ਤਰ੍ਹਾਂ ਉੱਤਰ ਆਧੁਨਿਕਤਾਵਾਦ ਵਿਚ ਵੀ ਕੁਝ ਪਹਿਲੂ ਅਜਿਹੇ ਹਨ ਜਿਨ੍ਹਾਂ ਨੂੰ ਅਸੀਂ ਆਪਣੇ ਢੰਗ ਨਾਲ ਇਸਤੇਮਾਲ ਕਰ ਸਕਦੇ ਹਾਂ ।

ਜਿਵੇਂ ?

ਡਾ: ਗਰੇਵਾਲ : ਜਿਵੇਂ ਤੁਸੀਂ ਬਹੁਕੇਂਦਰਵਾਦ ਦੀ ਗੱਲ ਕੀਤੀ ਹੈ, ਮੈਂ ਉਸ ਉਪਰ ਹੀ ਆਉਂਦਾ ਹਾਂ । ਆਧੁਨਿਕਤਾ, ਆਧੁਨਿਕਤਾਵਾਦ ਅਤੇ ਉੱਤਰ ਆਧੁਨਿਕਤਾਵਾਦ ਵਿਚ ਵੀ ਇਕ ਵਿਸ਼ੇਸ਼ਤਾ ਸਾਂਝੀ ਹੈ (ਸਿਰਫ ਡਿਗਰੀ ਦਾ ਅੰਤਰ ਹੈ) ਕਿ ਇਨ੍ਹਾਂ ਵਿਚ ਭੂਤ ਤੋਂ ਟੁੱਟਣ ਦੀ ਪ੍ਰਵਿਰਤੀ ਹੈ । ਆਧੁਨਿਕਤਾ ਆਪਣੇ ਆਪ ਨੂੰ ਭੂਤ ਤੋਂ ਤੋੜਕੇ ਭਵਿੱਖ ਮੁਖੀ ਹੁੰਦੀ ਹੋਈ ਨਵੇਂ ਯੁੱਗ ਦੀ ਸ਼ੁਰੂ-ਆਤ ਨਾਲ ਜੋੜਦੀ ਹੈ । ਆਧੁਨਿਕਤਾਵਾਦ ਦਾ ਆਦਿ-ਬਿੰਦੂ ਅਜੋਕਾ ਸੰਕਟ ਹੈ । ਇਸ ਅਨੁਸਾਰ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਜਿਸ ਨਾਲ ਨਵੇਂ ਢੰਗ ਨਾਲ ਜੂਝਣਾ ਪਵੇਗਾ । ਯਾਨੀ ਪਿਛਲੇ ਨਾਲੋਂ ਤੋੜ ਵਿਛੋੜਾ । ਉੱਤਰ ਆਧੁਨਿਕਤਾਵਾਦ ਨੂੰ ਸਮਝਣ ਲਈ ਇਸ ਤੱਥ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ।

ਆਧੁਨਿਕਤਾ, ਆਧੁਨਿਕਤਾਵਾਦ ਅਤੇ ਉੱਤਰ ਆਧੁਨਿਕਤਾਵਾਦ ਵਿਚ ਇਕ ਹੋਰ ਸਮਾਨਤਾ ਵੀ ਹੈ, ਤੇ ਉਹ ਹੈ ਇਨ੍ਹਾਂ ਦਾ ਆਲੋਚਨਾਤਮਕ ਦ੍ਰਿਸ਼ਟੀਕੋਣ । ਹਰ ਗੱਲ ਉਪਰ ਸ਼ੰਕਾ ਕੀਤੀ ਜਾਂਦੀ ਹੈ ਤੇ ਸ਼ੱਕੀ ਨਜ਼ਰ ਨਾਲ ਤਹਿ ਤੱਕ ਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਚੀਜ਼ਾਂ ਦੀ ਉਪਰਲੀ ਵਾਸਤਵਿਕਤਾ ਕੀ ਹੈ ਤੇ ਅਸਲੀਅਤ ਵਿਚ ਉਹ ਕੀ ਹਨ ਇਸਦਾ ਅੰਤਰ ਕੀਤਾ ਜਾਦਾ ਹੈ । ਆਧੁ-ਨਿਕਤਾ ਵਿਚ ਵੀ ਅਜਿਹੀ ਪ੍ਰਸ਼ਨਸੂਚਕ ਸੋਚ ਹੈ । ਆਧੁਨਿਕਤਾਵਾਦ ਵਿਚ ਵੀ ਸਭਿਅਤਾ ਤੇ ਸਭਿਆਚਾਰਕ ਦ੍ਰਿਸ਼ ਦੀ ਆਲੋਚਨਾ ਕਰਕੇ ਇਸਦੇ ਗਿਰਾਵਟ ਦੇ ਸੱਚ ਨੂੰ ਉਜਾਗਰ ਕੀਤਾ ਜਾਂਦਾ

ਹੈ । ਉੱਤਰ ਆਧੁਨਿਕਤਾਵਾਦ ਵਿਚ ਇਹ ਸ਼ੰਕਾਵਾਦ ਹੋਰ ਵੀ ਵਧੇਰੇ ਹੈ, ਇਥੇ ਹਰ ਚੀਜ਼ ਨੂੰ ਉਲਟ-ਪਲਟ ਕੇ ਉਸਦੀ ਜਾਂਚ ਪੜਤਾਲ ਕੀਤੀ ਜਾਂਦੀ ਹੈ ।

ਉੱਤਰ ਆਧੁਨਿਕਤਾਵਾਦ ਇਸ ਗੱਲ ਤੇ ਵਿਸ਼ੇਸ਼ ਜ਼ੋਰ ਦਿੰਦਾ ਹੈ ਕਿ ਆਧੁਨਿਕਤਾ ਵਿਚ ਮਾਨਵ-ਸੁਤੰਤਰਤਾ, ਮਾਨਵ-ਮੁਕਤੀ, ਭਾਈਚਾਰੇ ਅਤੇ ਬਰਾਬਰੀ ਦੇ ਸੰਕਲਪ ਪਿੱਛੇ ਅਸਲ ਵਿਚ ਸ਼ਕਤੀ-ਸੰਬੰਧ ਕਾਰਜਸ਼ੀਲ ਹਨ, ਜਿਵੇਂ ਪਹਿਲਾਂ ਵੀ ਸੰਕੇਤ ਆਇਆ ਹੈ । ਉਂਜ ਤਾਂ ਸਾਸੂਰ ਦੇ ਸਿਧਾਂਤ ਦੇ ਆਧਾਰ ਤੇ ਭਾਸ਼ਾ ਦੀ ਸੰਰਚਨਾ ਅਤੇ ਅਰਥ ਨਿਰਮਾਣ ਦੀਆਂ ਪ੍ਰਕ੍ਰਿਆਵਾਂ ਨੂੰ ਵਖਰਾ ਕਰਕੇ ਤੁਰਿਆ ਜਾਂਦਾ ਹੈ । ਭਾਵ ਭਾਸ਼ਾ ਦੀ ਸੰਰਕਨਾ ਤੇ ਯਥਾਰਥ ਵਿਚ ਕੋਈ ਸਮਾਨਤਾ ਨਹੀਂ ਹੈ । ਫਿਰ ਵੀ ਉੱਤਰ ਆਧੁਨਿਕਤਾਵਾਦ ਦੀ ਧਾਰਾ (ਵਿਸ਼ੇਸ਼ ਤੌਰ ਤੇ ਫੂਕੋ ਨਾਲ ਜੁੜੀ ਹੋਈ ਧਾਰਾ) ਗਿਆਨ ਤੇ ਸ਼ਕਤੀ ਸੰਬੰਧਾਂ ਨੂੰ ਜੋੜਕੇ ਚਲਦੀ ਹੈ । ਇਸ ਅਨੁਸਾਰ ਗਿਆਨ ਹਾਸਲ ਕਰਨ ਦੇ ਪੂਰੇ ਸੱਚੇ ਜਾਂ ਸਿਸਟਮ ਪਿੱਛੇ ਸ਼ਕਤੀ-ਸੰਬੰਧ ਪ੍ਰਭਾਵੀ ਤੌਰ ਤੇ ਮੌਜੂਦ ਹਨ । ਉੱਤਰ ਆਧੁਨਿਕਤਾਵਾਦੀਆਂ ਦੀ ਇਹ ਗੱਲ ਮੁਕਤੀ ਦੇ ਸੁਪਨਿਆਂ ਨੂੰ ਉਲਟ ਦਿੰਦੀ ਹੈ । ਮੁਕਤੀ ਦੇ ਸੁਪਨਿਆਂ ਨੂੰ ਗੁਲਾਮੀ ਵਲ ਲਿਜਾਣ ਵਾਲੇ ਮੰਨਿਆ ਗਿਆ ਹੈ । ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਅਸੀਂ ਆਪਣੀ ਸਥਿਤੀ ਵਿਚ ਉੱਤਰ ਆਧੁਨਿਕਤਾਵਾਦ ਦੇ ਅਰਥਾਂ ਨੂੰ ਸਹੀ ਰੂਪ ਵਿਚ ਸਮਝ ਸਕਾਂਗੇ ।

ਹੁਣ ਆਉਂਦੇ ਹਾਂ ਹਿੰਦੁਸਤਾਨ ਵਿਚ ਬਹੁ-ਕੇਂਦਰਵਾਦ ਦੇ ਅਰਥਾਂ ਉਪਰ । ਸਿੱਧੇ ਤੌਰ ਤੇ ਦਿਸਦਾ ਅਰਥ ਇਹ ਹੋਵੇਗਾ ਕਿ ਸਾਡੀ ਰਾਸ਼ਟਰੀ ਪੱਧਰ ਤੇ ਬਣੀ ਸਾਮੂਹਿਕਤਾ ਉਪਰੋਂ ਥੋਪੀ ਹੋਈ ਹੈ । ਇਸ ਨਾਲ ਵਿਵਿਧਤਾ ਖਤਮ ਹੋ ਜਾਂਦੀ ਹੈ । ਇਸ ਵਿਚ ਵੱਖਰੀਆਂ ਖੇਤਰੀ ਹੋਂਦਾਂ ਦਾ ਦਮਨ ਹੁੰਦਾ ਹੈ । ਕੇਂਦਰ ਦੇ ਗਾਲਿਬ ਹੋਣ ਨਾਲ ਆਦਿਵਾਸੀ ਇਲਾਕਿਆਂ ਤੇ ਸੀਮਾਂਤ ਪ੍ਰਦੇਸ਼ਾਂ ਦੀ ਸਭਿਆਚਾਰਕ ਹੋਂਦ ਖਤਮ ਹੋ ਜਾਵੇਗੀ । ਪੰਜਾਬ ਦੇ ਸਭਿਆਚਾਰ ਬਾਰੇ ਵੱਖਵਾਦੀ ਅੰਸ਼ਰ ਇਹੋ ਕੁਝ ਕਹਿੰਦੇ ਹਨ । ਇਕ ਤਰ੍ਹਾਂ ਨਾਲ ਬਹੁਕੇਂਦਰਵਾਦ ਰਾਸ਼ਟਰੀ ਏਕਤਾ ਨੂੰ ਚੁਨੌਤੀ ਦੇਣ ਵਾਲਾ ਬਿਖਰਾਉ ਪੈਦਾ ਕਰਨ ਵਾਲਾ ਅਤੇ ਸਾਮੂਹਿਕ ਤਾਕਤ ਨੂੰ ਕਮਜ਼ੋਰ ਕਰਕੇ ਪੱਛਮੀ ਦੇਸ਼ਾਂ ਦੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਅਧੀਨ ਛੋਟੇ ਛੋਟੇ ਯੂਨਿਟ ਪੈਦਾ ਕਰਨ ਵਾਲਾ ਸਿਧਾਂਤ ਹੈ । ਬਹੁਲਤਾ ਦਾ ਅਰਥ ਹੈ ਕਿ ਵੱਖ ਵੱਖ ਸਭਿਆਚਾਰਾਂ ਨੂੰ ਇਕੱਠਿਆਂ ਨਾ ਹੋਣ ਦਿੱਤਾ ਜਾਵੇ । ਉਨ੍ਹਾਂ ਦੀ ਸਾਮੂਹਿਕ ਸ਼ਕਤੀ ਨੂੰ ਉਭਰਨ ਨਾ ਦਿੱਤਾ ਜਾਵੇ । ਉਨ੍ਹਾਂ ਦੇ ਇਕੱਠੇ ਹੋਣ ਦਾ ਅਰਥ ਹੈ ਦੂਜਿਆਂ ਦੇ ਅਧੀਨ ਹੋਣਾ ਤੇ ਆਪਣੀ ਸੁਤੰਤਰਤਾ ਨੂੰ ਖਤਮ ਕਰਨਾ । ਇਹੀ ਹੈ ਉਤਰਅਧੁਨਿਕਤਾਵਾਦਾ ਦਾ ਬਹੁ-ਕੇਂਦਰਵਾਦ ।

ਉਤਰਆਧੁਨਿਕਤਾਵਾਦ ਪ੍ਰਮੁੱਖ ਤੌਰ ਤੇ ਉਪਭੋਗਤਾਵਾਦੀ ਸਭਿਆਚਾਰ ਨੂੰ ਜਨਮ ਦਿੰਦਾ ਹੈ । ਇਸ ਸਭਿਆਚਾਰ ਵਿਚ ਸਤਹੀ ਵਿਵਿਧਤਾ ਬਹੁਤ ਜ਼ਿਆਦਾ ਹੈ । (ਅਨੇਕਾਂ ਟੁੱਥ ਪੇਸਟ, ਅਨੇਕਾਂ ਕਰੀਮਾਂ, ਬਹੁਪ੍ਰਕਾਰੀ ਉਪਭੋਗਤਾ ਸਮੱਗਰੀ ਤੇ ਚਮਕ ਦਮਕ ਆਦਿ । ਪਰੰਤੂ ਮੂਲ ਰੂਪ ਵਿਚ ਅੰਦਰੋਂ ਸਭ 'ਵਸਤੂ' (ਕਮਾਡਿਟੀ) ਹਨ । ਇਸ ਤਰ੍ਹਾਂ ਵਿਅਕਤੀ ਦਾਂ ਰਿਸ਼ਤਾ ਕੇਵਲ ਉਪਭੋਗਤਾ ਵਾਲਾ ਬਣਦਾ ਹੈ ਅਤੇ ਵਿਵਿਧਤਾ ਦਾ ਅਹਿਸਾਸ ਭ੍ਰਾਮਕ ਹੀ ਹੁੰਦਾ ਹੈ । ਵਿਕਾਸਸ਼ੀਲ ਦੇਸ਼ਾਂ ਦੇ ਸੰਦਰਭ ਵਿਚ ਬਹੁ-ਕੇਂਦਰੀਅਤਾ ਦਾ ਸਿਧਾਂਤ ਸਿਰਫ ਉਪਰਲੇ ਜਾਂ ਬਾਹਰੀ ਵਿਕਲਪਾਂ ਦੀ ਬਹੁਲਤਾ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ । ਮੰਡੀ ਵਿਚ ਮਾਲ ਦੀ ਵਿਵਿਧਤਾ ਹੋਵੇਗੀ ਪਰ ਗਲਬਾ ਪੱਛਮੀ ਦੇਸ਼ਾਂ ਦਾ ਰਹੇਗਾ । ਬਹੁਕੇਂਦਰੀਅਤਾ ਅਸਲ ਵਿਚ ਵਿਕਾਸਸ਼ੀਲ ਦੇਸ਼ਾਂ ਲਈ ਅਜੋਕੀਆਂ ਪ੍ਰਸਥਿਤੀਆਂ



ਵਿਚ ਸਿਰਫ ਸੀਮਤ ਉਪਭੋਗਤਾਵਾਦੀ ਖੁਲ੍ਹ ਹੈ । ਇਸ ਤੋਂ ਇਲਾਵਾ ਉਨ੍ਹਾਂ ਦੇ ਦੂਸਰੇ ਵਿਕਲਪ ਤੇ ਸੁਤੰਤਰ ਹੋਂਦ ਬਰਕਰਾਰ ਨਹੀਂ ਰਹਿ ਸਕਦੀ । ਤੀਜੀ ਦੁਨੀਆਂ ਵਿਚ ਸਵੈ-ਸੁਤੰਤਰਤਾ ਨੂੰ ਖਤਮ ਕਰਨ ਲਈ ਹੀ ਤਾਂ ਬਿਖਰਾਅ ਦੀ ਕਲਪਨਾ ਕੀਤੀ ਜਾਂਦੀ ਹੈ । ਇਸ ਤਰ੍ਹਾਂ ਕਈ ਅਰਥਾਂ ਵਿਚ ਇਹ ਸਿਧਾਂਤ ਸਾਡੇ ਸਾਮੂਹਿਕ ਹਿੱਤਾਂ ਦੇ ਵਿਰੁੱਧ ਜਾਣ ਵਾਲਾ ਬਹੁਤ ਹੀ ਖਤਰਨਾਕ ਸਿਧਾਂਤ ਹੈ । ਇਸਦੇ ਉਪਰਲੇ ਪਹਿਲੂਆਂ ਨੂੰ ਪਛਾਣ ਕੇ ਹੀ ਅਗਾਂਹ ਵਧਣਾ ਪਵੇਗਾ ।

ਬਹੁ-ਕੇਂਦਰਵਾਦੀ ਸਿਧਾਂਤ ਵਿਚ ਵੀ ਮੈਂ ਪਹਿਲਾਂ ਕਹੇ ਅਨੁਸਾਰ ਕੁਝ ਹਾਂ-ਵਾਚੀ ਚੀਜ਼ਾਂ ਵੇਖਦਾ ਹਾਂ । ਜਿਵੇਂ ਆਧੁਨਿਕਤਾ ਦੇ ਕੁਝ ਪਹਿਲੂਆਂ ਨੂੰ ਅਸੀਂ ਆਪਣੇ ਢੰਗ ਨਾਲ ਵੇਖਿਆ ਹੈ ਇਵੇਂ ਹੀ ਬਹੁ-ਕੇਂਦਰਵਾਦ ਨੂੰ ਨਵੇਂ ਅਰਥਾਂ ਵਿਚ ਵੇਖਿਆ ਜਾ ਸਕਦਾ ਹੈ । ਅੰਗਰੇਜ਼ ਸਾਡੇ ਦੇਸ਼ ਵਿਚ ਆਧੁਨਿਕ, ਵਿਵੇਕਵਾਦੀ ਮਾਨਵਵਾਦੀ ਵਿਚਾਰ ਲੈ ਕੇ ਆਏ । ਉਸਦਾ ਇਕ ਰੂਪ ਪੱਛਮੀ-ਕਰਣ ਦੇ ਤੌਰ ਤੇ ਉਭਰਕੇ ਆਇਆ । ਲੇਕਿਨ ਇਸਤੋਂ ਇਲਾਵਾ ਅਸੀਂ ਆਧੁਨਿਕਤਾ ਨੂੰ ਜੋ ਨਵਾਂ ਰੂਪ ਦਿੱਤਾ । ਉਹ ਪੱਛਮੀਕਰਣ ਤੋਂ ਵੱਖਰਾ ਸੀ ਅਤੇ 1857 ਦੇ ਸੁਤੰਤਰਤਾ ਸੰਗਰਾਮ ਨੇ ਇਸਨੂੰ ਵਿਸ਼ੇਸ਼ ਤੌਰ ਤੇ ਨਿਖਾਰ ਪ੍ਰਦਾਨ ਕੀਤਾ । ਸੁਤੰਤਰਤਾ ਸੰਗਰਾਮ ਪਿੱਛੇ ਜਿਹੜੀ ਰਾਸ਼ਟਰ ਦੀ ਕਲਪਨਾ ਸੀ. ਉਹ ਸਾਮਰਾਜ ਦੇ ਵਿਰੋਧ ਵਿਚ ਗਈ । ਇਸਨੂੰ ਅਸੀਂ ਸਿਰਫ ਪੱਛਮ ਤੋਂ ਬਰਾਮਦ ਕੀਤੀ ਗਈ ਆਧੁਨਿਕਤਾ ਨਹੀਂ ਕਹਿ ਸਕਦੇ । ਵਿਅਕਤੀ ਦੀ ਸੁਤੰਤਰਤਾ ਪ੍ਰਗਤੀ, ਬਰਾਬਰੀ ਤੇ ਭਾਈ-ਚਾਰੇ ਦੇ ਵਿਚਾਰਾਂ ਨੂੰ ਅਸੀਂ ਆਪਣੀਆਂ ਲੋੜਾਂ ਮੁਤਾਬਿਕ ਢਾਲਿਆ । ਇਹ ਵਿਚਾਰ ਪੱਛਮੀ ਆਧੁ-ਨਿਕਤਾ ਨਾਲ ਮਿਲਦੇ ਜੁਲਦੇ ਹੋਣ ਦੇ ਬਾਵਜੂਦ ਇਸਦੇ ਅਨੁਕੂਲ ਨਹੀਂ ਸਨ ।

ਸੁਤੰਤਰਤਾ ਅੰਦੋਲਨ ਦੌਰਾਨ ਅਸੀਂ ਆਪਣੇ ਰਾਸ਼ਟਰ ਅਤੇ ਸਮਾਜਿਕ ਰੂਪਾਂਤਣ ਦੀ ਜੋ ਕਲਪਨਾ ਕੀਤੀ, ਉਤਰ ਆਧੁਨਿਕਤਾਵਾਦੀ ਉਸਦੀ ਤਿੱਖੀ ਆਲੋਚਨਾ ਕਰਦੇ ਹਨ ਤੇ ਉਸਨੂੰ ਲਗ-ਭਗ ਨਕਾਰਦੇ ਲੱਗਦੇ ਹਨ । ਉਤਰਆਧੁਨਿਕਤਾਵ ਦੀ ਪਰਿਪੇਖ ਨਾਲ ਅਸਹਿਮਤ ਹੁੰਦੇ ਹੋਏ ਵੀ ਇਸ ਆਲੋਚਨਾ ਦੀ ਮਦਦ ਨਾਲ ਅਸੀਂ ਇਸ ਸਮੇਂ ਦੌਰਾਨ ਆਧੁਨਿਕਤਾ ਦੇ ਰੂਪ ਵਿਚ ਉਭਰ ਕੇ ਆਏ ਮੁੱਲਾਂ ਦੀਆਂ ਛੁਪੀਆਂ ਹੋਈਆਂ ਕਮਜ਼ੋਰੀਆਂ ਨੂੰ ਪਹਿਚਾਣ ਸਕਦੇ ਹਾਂ । ਪਿਛਲੇ ਪੰਜਾਹ ਸਾਲਾਂ ਵਿਚ ਦੇਸ਼ ਦੇ ਸਾਰੇ ਹਿੱਸਿਆਂ ਦੀ ਦੇਸ਼ ਦੇ ਵਿਕਾਸ ਵਿਚ ਬਣਦੀ ਬਰਾਬਰ ਦੀ ਹਿੱਸੇਦਾਰੀ ਨਹੀਂ ਰਹੀ । ਭਾਵ ਕਿ ਕੇਂਦਰੀਕਰਣ ਵਧੇਰੇ ਰਿਹਾ ਹੈ । ਇਸੇ ਲਈ ਦੇਸ਼ ਵਿਚ ਕੇਂਦਰ-ਰਾਜ ਸੰਬੰਧਾਂ ਦੀ ਗੱਲ ਉਭਰਦੀ ਹੈ । ਬਹੁ-ਕੇਂਦਰਵਾਦ ਦਾ ਫੈਡਰਲ ਗੁਣ ਇਹ ਹੈ ਕਿ ਸਾਰੇ ਰਾਜਾਂ ਦੀ ਬਣਦੀ ਹਿੱਸੇਦਾਰੀ ਹੋਵੇ । ਸੀਮਾ ਤੋਂ ਵਧੇਰੇ ਕੇਂਦਰੀਕਰਣ ਦੀ ਥਾਂ ਹਰ ਇਲਾਕੇ ਦੀ ਸਭਿਆਚਾਰਕ ਵਿਸ਼ੇਸ਼ਤਾ ਨੂੰ ਉਸਦਾ ਬਣਦਾ ਮਹੱਤਵ ਮਿਲਣਾ ਚਾਹੀਦਾ ਹੈ । ਇਸ ਤਰ੍ਹਾਂ ਬਹੁ-ਕੇਂਦਰੀਅਤਾ ਦੇ ਸਿਧਾਂਤ ਨੂੰ ਅਸੀਂ ਅਤਿ-ਕੇਂਦਰੀਅਤਾ ਤੋਂ ਬਚਣ ਲਈ ਹਥਿਆਰ ਦੇ ਤੌਰ ਤੇ ਵਰਤ ਸਕਦੇ ਹਾਂ ।

? ਡਾ. ਸਾਹਿਬ ਬਹੁਤ ਸਾਰੀ ਗੱਲਬਾਤ ਤਾਂ ਹੋ ਗਈ ਹੈ......

ਡਾ. ਗਰੇਵਾਲ : ਅਸੀਂ 19ਵੀਂ ਸਦੀ ਤੋਂ ਜਨਤਾਂਤ੍ਰਿਕ-ਮੁੱਲਾਂ, ਨਿਆਂ, ਸਮਾਜਿਕ ਬਰਾਬਰੀ ਦਾ ਨਵਾਂ ਅਧਿਆਇ ਸ਼ੁਰੂ ਕੀਤਾ । ਅੰਗਰੇਜ਼ਾਂ ਦੇ ਆਉਣ ਤੋਂ ਬਾਦ ਮੰਡੀ ਦਾ ਮਹੱਤਵ ਵਧਿਆ । ਹੌਲੀ ਹੌਲੀ ਪੂੰਜੀਵਾਦੀ ਉਤਪਾਦਨ-ਸੰਬੰਧਾ ਦਾ ਫੈਲਾਅ ਹੋਇਆ । ਅਜਿਹੀ ਸਥਿਤੀ ਵਿਚ ਸਾਨੂੰ ਵੀ ਅਜਿਹੇ ਮੁੱਲ-ਵਿਵਸਥਾ ਦੀ ਲੋੜ ਸੀ, ਜਿਸ ਵਿਚ ਵਿਅਕਤੀ ਦੀ ਸੁਤੰਤਰਤਾ, ਬਰਾਬਰੀ ਭਾਈ-

ਚਾਰੇ ਦੀ ਭਾਵਨਾ ਅਤੇ ਵਿਗਿਆਨਕ ਸੋਚ ਉਸ ਵਿਚ ਸ਼ਾਮਿਲ ਹੋਵੇ । ਨਵਾਂ ਸਮਾਜ ਬਣਾਉਣ ਦਾ ਸਾਮੂਹਿਕ ਯਤਨ ਹੋਵੇ ਤੇ ਰਾਸ਼ਟਰ ਨਿਰਮਾਣ ਦਾ ਸੁਪਨਾ ਹੋਵੇ । ਜਿਵੇਂ ਉੱਤਰ ਆਧੁਨਿਕਤਾਵਾਦ ਨੇ ਆਧੁਨਿਕਤਾ ਵਿਚ ਮੀਨ-ਮੇਖ ਕੱਢੀ ਉਸੇ ਤਰ੍ਹਾਂ ਆਪਣੀ ਰਾਸ਼ਟਰੀ ਚੇਤਨਾ ਵਿਚ (ਖ਼ੰਡਨ ਕਰਨ ਲਈ ਨਹੀਂ ਸਗੋਂ) ਜੋ ਅਧੂਰਾਪਣ ਰਹਿ ਗਿਆ ਸੀ (ਜਿਵੇਂ, ਇਸਤਰੀਆਂ ਦੇ ਹੱਕਾਂ ਦਾ ਨਾ ਮਿਲਣਾ, ਅਤਿਕੇਂਦਰੀਕਰਣ ਆਦਿ) ਉਸਦੀ ਅਤੇ ਆਪਣੇ ਨਵਜਾਗਰਣ, ਜਨਤਾਂਤ੍ਰਿਕ ਮੁੱਲਾਂ ਦੀ ਪੁਣ-ਛਾਣ ਕਰਨਾ ਅਤੇ ਉਨ੍ਹਾਂ ਦੇ ਸਿਧਾਂਤਾਂ ਦੇ ਪਿੱਛੇ ਛੁਪੇ ਸ਼ਕਤੀ ਦੇ ਸਮੀਕਰਣਾਂ ਨੂੰ ਪਹਿਚਾਣ ਕੇ ਉਨ੍ਹਾਂ ਮੁੱਲਾਂ ਵਿਚ ਨਵਾਂ ਸਾਰ ਲਿਆਉਣ ਲਈ ਆਲੋਚਨਾ ਕਰਨਾ ਸਾਡੇ ਕੰਮ ਦੀ ਚੀਜ਼ ਹੋ ਸਕਦੀ ਹੈ । ਪਰ ਇਸ ਗੱਲ ਨੂੰ ਹਮੇਸ਼ਾ ਯਾਦ ਰਖਣਾ ਹੋਵੇਗਾ ਕਿ ਜਿਹੜੇ ਔਜ਼ਾਰ ਅਸੀਂ ਵਰਤ ਰਹੇ ਹਾਂ ਉਹ ਸਮੁੱਚੇ ਤੌਰ ਤੇ ਪੂੰਜੀਵਾਦੀ ਵਿਵਸਥਾ ਦੇ ਨਵੀਨਤਮ ਰੂਪ ਦੇ ਅਨੁਕੂਲ ਹਨ ।

? ਡਾ. ਸਾਹਿਬ ਕਾਫ਼ੀ ਗੱਲਾਂ ਤਾਂ ਹੋ ਗਈਆਂ ਹਨ ਪਰੰਤੂ ਇਕ ਦੋ ਗੱਲਾਂ ਅਜੇ ਵੀ ਬਚ ਗਈਆਂ ਹਨ । ਪਹਿਲੀ ਇਹ ਕਿ ਕੀ ਹਿੰਦੁਸਤਾਨ ਵਿਚ ਉਤਰ ਆਧੁਨਿਕਤਾਵਾਦ ਦੇ ਅਨੁਕੂਲ ਕੋਈ ਸਥਿਤੀ ਹੈ ਵੀ ਕਿ ਨਹੀਂ ? ਜਾਂ ਫਿਰ ਅਸੀਂ ਓਵਰ ਕਾਂਸ਼ੀਅਸ ਹੋ ਰਹੇ ਹਾਂ ?

ਡਾ. ਗ਼ਰੇਵਾਲ : ਜ਼ਾਹਿਰ ਹੈ ਕਿ ਜਿਸ ਤਰ੍ਹਾਂ ਦੇ ਉਤਰ-ਉਦਯੋਗਿਕ ਸਮਾਜ ਦਾ ਵਿਕਾਸ ਪੱਛਮ ਵਿਚ ਹੋਇਆ ਉਹ ਸਾਡੇ ਇਥੇ ਨਹੀਂ ਹੈ । ਸਾਡੇ ਤਾਂ ਉਦਯੋਗਿਕ ਵਿਕਾਸ ਵੀ ਬਹੁਤਾ ਨਹੀਂ ਹੈ । ਤਕਨੀਕੀ ਵਿਕਾਸ ਜਾਂ ਪੂੰਜੀਵਾਦੀ ਵਿਕਾਸ ਵੀ ਯੂਰਪ ਵਾਲਾ ਨਹੀਂ ਹੈ । ਭਾਵ ਇਹ ਕਿ ਜਿਸ ਬਿੰਦੂ ਤੇ ਯੂਰਪ ਵਿਚ ਉਤਰ-ਆਧੁਨਿਕਤਾਵਾਦ ਦਾ ਉਭਾਰ ਆਇਆ ਉਹ ਪ੍ਰਸਥਿਤੀਆਂ ਸਾਡੇ ਇਥੇ ਨਹੀਂ ਹਨ । ਪੱਛਮ ਵਿਚ 1930-31 ਦੇ ਡਿਪਰੈਸ਼ਨ ਦੇ ਬਾਦ ਤੇ ਖਾਸ ਤੌਰ ਤੇ 1945 (ਦੂਜੀ ਜੰਗ ਤੋਂ ਬਾਦ) ਤੋਂ ਬਾਦ ਜਦੋਂ ਆਰਥਿਕ ਖ਼ੁਸ਼ਹਾਲੀ ਆਈ ਤਾਂ ਯੂਰਪ ਤੇ ਅਮਰੀਕਾ ਦੇ ਸਮਾਜਾਂ ਵਿਚ ਦੱਬੇ-ਕੁਚਲੇ ਲੋਕਾਂ ਦੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਵੀ ਉਭਰ ਕੇ ਸਾਹਮਣੇ ਆਈ । ਕਾਲੇ ਲੋਕਾਂ ਨੇ, ਮਹਿਲਾਵਾਂ ਨੇ ਆਪਣੇ ਹੱਕ ਮੰਗਣੇ ਸ਼ੁਰੂ ਕੀਤੇ । ਆਪਣੇ ਸੰਘਰਸ਼ਾਂ ਨਾਲ ਇਨ੍ਹਾਂ ਨੇ ਆਪਣੀ ਕੁਝ ਜਗਾਹ ਬਣਾਈ । ਇਨ੍ਹਾਂ ਨੇ ਪੱਛਮੀ ਦੇਸ਼ਾਂ ਦੇ ਪੂੰਜੀਪਤੀ ਵਰਗਾਂ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਸਾਧਨਹੀਣ ਲੋਕਾਂ ਦੀ ਹੋਂਦ ਨੂੰ ਪਹਿਚਾਣੇ । ਇਸ ਸਮੇਂ ਫਰਾਂਸ ਵਿਚ ਵਿਦਿਆਰਥੀਆਂ ਦਾ ਵਿਦਰੋਹ ਹੋਇਆ । ਵਾਮਪੰਥੀ ਰਾਜਨੀਤਕ ਦਲਾਂ ਦਾ ਵੀ ਕਾਫ਼ੀ ਪ੍ਰਭਾਵ ਸੀ । 60 ਵਿਆਂ ਵਿਚ ਇਨ੍ਹਾਂ ਨੇ ਜ਼ੋਰ ਮਾਰਿਆ : ਪੂੰਜੀਵਾਦ ਦੀ ਆਲੋਚਨਾ ਇਉਂ ਖ਼ੱਬੇ ਪੱਖੀ ਆਲੋਚਨਾ ਸੀ । ਇਹ ਉਭਾਰ ਸਮਾਜਵਾਦੀ ਨਾ ਵੀ ਹੋਵੇ ਪਰ ਵਿਦਰੋਹ ਦਬਾਅ ਵਜੋਂ ਉਭਰ ਕੇ ਸਾਹਮਣੇ ਆਇਆ । 1968 ਵਿਚ ਪੈਰਿਸ ਦੇ ਵਿਦਿਆਰਥੀਆਂ ਦੀ ਹਾਰ ਹੋਈ । ਕੁਝ ਹੋ ਸਕਦਾ ਹੈ ਖੁਸ਼ਹਾਲੀ ਦੇ ਦੌਰ ਵਿਚ ਧੀਮਾ-ਪਣ ਹੋਣ ਕਾਰਣ ਅਤੇ ਮਜ਼ਦੂਰ ਵਰਗ ਦੇ ਸੰਘਰਸ਼ਾਂ ਦੀ ਕਮੀ ਕਾਰਣ ਬੁਰਜੂਆ ਵਿਵਸਥਾ ਉਪਰ ਜੋ ਪ੍ਰਭਾਵ ਪੈ ਰਹੇ ਸਨ ਉਨ੍ਹਾਂ ਦੀ ਤਾਕਤ ਕਮਜ਼ੋਰ ਪੈ ਗਈ। ਹੁਣ ਸੰਘਰਸ਼ ਵਿਚ ਜੁੜੇ ਲੋਕਾਂ ਨੇ ਸਭਿਆਚਾਰ ਦੀ ਪੱਧਰ ਤੇ ਆਪਣੀ ਸੰਤੁਸ਼ਟੀ ਸਥਾਪਿਤ ਮੁੱਲ ਵਿਵਸਥਾ ਦੀ ਆਲੋਚਨਾ ਵਿਚ ਲੱਭੀ ਜਿਵੇਂ ਅਸੀਂ ਉੱਤਰ-ਆਧੁਨਿਕਤਾ ਦੇ ਕੁਝ ਪਹਿਲੂਆਂ ਨੂੰ ਵਰਤਣ ਦੀ ਸੋਚ ਰਹੇ ਹਾਂ ਉਵੇਂ ਹੀ ਨਿਆਂ ਦੀ ਮੰਗ ਕਰਨ ਵਾਲਿਆਂ ਨੇ ਪੱਛਮ ਵਿਚ (ਸੰਘਰਸ਼ ਵਿਚ ਧੀਮਾਪਣ ਆਉਣ ਤੋਂ ਬਾਦ) ਮੁੱਲ-ਵਿਵਸਥਾ ਦੇ ਪੱਧਰ ਤੇ ਉਤਰ-ਆਧੁਨਿਕਤਾਵਾਦ ਦੇ ਔਜ਼ਾਰਾਂ ਨਾਲ ਸਥਾਪਿਤ ਮੁੱਲ-ਵਿਵਸਥਾ ਦੇ ਵਿਰੋਧ ਦੀ ਜ਼ਰੂਰਤ ਮਹਿਸੂਸ ਕੀਤੀ । ਦਾਰੀਦਾ ਤੇ ਕਈ ਹੋਰ ਲੋਕ ਵੀ ਹਨ ਜਿਨ੍ਹਾਂ ਦਾ ਜ਼ੋਰ



ਇਸ ਗੱਲ ਉਪਰ ਰਿਹਾ ਹੈ ਕਿ ਆਪਣੇ ਆਪ ਨੂੰ ਬਣੇ ਬਣਾਏ ਸੱਚਿਆ ਵਿਚ ਫਿੱਟ ਨਾ ਕੀਤਾ ਜਾਵੇ ਪਰ ਸੱਤਾ ਤੇ ਮੁੱਲ-ਵਿਵਸਥਾ ਪ੍ਰਤਿ ਵਿਰੋਧ ਦੀ ਭਾਵਨਾ ਬਣੀ ਰਹੇ ਭਾਵੇਂ ਇਸਦੀ ਹੋਂਦ ਸੰਕੇਤਕ ਜਾਂ ਚੇਤਨਾ ਦੀ ਪੱਧਰ ਤੇ ਹੀ ਕਿਉਂ ਨਾ ਹੋਵੇ । ਇਸ ਤਰ੍ਹਾਂ ਸਮਾਜਿਕ ਢਾਂਚੇ ਨੂੰ ਬਦਲਣ ਲਈ ਸਿੱਧਾ ਦਖਲ ਤਾਂ ਨਹੀਂ ਦਿੱਤਾ ਜਾ ਰਿਹਾ ਸੀ ਪਰੰਤੂ ਆਪਣੀ ਵੱਖਰੀ ਪਹਿਚਾਣ ਬਣਾਉਣ ਦੀ ਲੋੜ ਨੂੰ ਪ੍ਰਵਾਨ ਕੀਤਾ ਗਿਆ । ਇਸੇ ਕਰਕੇ ਉਤਰ-ਆਧੁਨਿਕਤਾ ਵਿਚ ਵੀ ਸਥਾਪਿਤ ਮੁੱਲਾਂ ਤੋਂ ਹੱਟ ਕੇ ਇਕ ਅਜਿਹੀ ਮੁੱਲ-ਚੇਤਨਾ ਦਾ ਪ੍ਰਤਿਪਾਦਨ ਕਰਨ ਦੀ ਇੱਛਾ ਹੈ ਜਿਸਦੀ ਮਦਦ ਨਾਲ ਆਪਣੀ ਵੱਖਰੀ ਹਸਤੀ ਨੂੰ ਬਚਾ ਕੇ ਰੱਖਿਆ ਜਾ ਸਕੇ ।

ਦੂਸਰੇ ਵਿਕਸਿਤ ਦੇਸ਼ਾਂ ਦੀ ਗੱਲ ਮੈਂ ਵਿਸਤਾਰ ਨਾਲ ਨਹੀਂ ਕਰ ਸਕਦਾ ਕਿਉਂਕਿ ਮੇਰੀ ਜਾਣਕਾਰੀ ਸੀਮਤ ਹੈ ਪਰੰਤੂ ਸਾਡੇ ਦੇਸ਼ ਵਿਚ ਆਜ਼ਾਦੀ ਤੋਂ ਬਾਦ ਜੋ ਨੀਤੀਆਂ ਤੇ ਪ੍ਰੋਗਰਾਮ ਬਣਾਏ ਗਏ ਉਨ੍ਹਾਂ ਨਾਲ ਪਹਿਲਾਂ ਤਾਂ ਸਮਾਜ ਦੇ ਸਾਰੇ ਵਰਗਾਂ (ਵਾਮ ਪੰਥੀ ਦ੍ਰਿਸ਼ਟੀਕੋਣ ਨੂੰ ਛੱਡਕੇ) ਨੇ ਸਹਿਮਤੀ ਪ੍ਰਗਟਾਈ । ਇਸਨੂੰ ਨਹਿਰੂ ਮਾਡਲ ਕਿਹਾ ਜਾਂਦਾ ਹੈ । ਇਸ ਮਾਡਲ ਵਿਚ ਸਮਾਜਵਾਦੀ ਸਮਾਜ ਦਾ ਨਿਰਮਾਣ, ਪ੍ਰਗਤੀ ਰਾਹੀਂ ਨਿਆਂ, ਉਤਪਾਦਨ ਵਧਾ ਕੇ ਨਿਆਂਸੰਗਤ ਸਮਾਜ ਸਥਾਪਿਤ ਕਰਨ ਦੇ ਜੋ ਨਾਅਰੇ ਦਿੱਤੇ ਗਏ ਉਨ੍ਹਾਂ ਦਾ ਸਮਾਜ ਦੇ ਵਿਆਪਕ ਹਿੱਸਿਆਂ ਨੇ ਹੁੰਗਾਰਾ ਭਰਿਆ । ਹੌਲੀ ਹੌਲੀ, ਜਿਸ ਤਰ੍ਹਾਂ ਦਾ ਵਿਕਾਸ ਹੋਇਆ, ਜਿਸ ਤਰ੍ਹਾਂ ਦੀਆ ਰਾਜਨੀਤਕ ਪੱਧਰ ਉਪਰ ਨੀਤੀਆਂ ਅਪਣਾਈਆਂ ਗਈਆਂ ਤੇ ਪਾਰਲੀਮੈਂਟਰੀ ਡੈਮੋਕਰੇਸੀ ਦਾ ਜੋ ਰਸਤਾ ਅਸੀਂ ਚੁਣਿਆ, ਦੋ ਦਹਾਕਿਆਂ ਬਾਦ ਉਸ ਵਿਚ ਸਰਬਸੰਮਤੀ ਦਾ ਵਿਗਠਨ ਹੋਇਆ । ਸਾਡੀਆਂ ਆਰਥਿਕ ਨੀਤੀਆਂ ਬਦਲ ਗਈਆਂ । ਵੈਲਵੇਅਰ ਸਟੇਟ ਦਾ ਢਾਂਚਾ ਵੀ ਬਦਲ ਦਿੱਤਾ ਗਿਆ । ਜਨਤਾਂਤਿਕ ਅਧਿਕਾਰਾਂ ਦੀ ਬਜਾਇ ਦਮਨ ਅਤੇ ਕੇਂਦਰੀਕਰਣ ਉਪਰ ਬਲ ਹੋ ਗਿਆ ਅਤੇ ਨੌਕਰਸ਼ਾਹੀ ਦੇ ਵਧਦੇ ਪ੍ਰਭਾਵ ਕਾਰਣ ਪ੍ਰਸ਼ਾਸਨ ਵਿਚ ਲੋਕਾਂ ਦੀਆਂ ਭਾਵਨਾਵਾਂ ਪ੍ਰਤਿ ਉਦਾਸੀਨਤਾ ਵਧ ਗਈ । ਇਉਂ ਨਹਿਰੂ ਮਾਡਲ ਨੂੰ ਤਿਲਾਂਜਲੀ ਦੇ ਦਿੱਤੀ ਗਈ । ਮਹਿਲਾਵਾਂ, ਦਲਿਤਾਂ ਅਤੇ ਕਮਜ਼ੋਰ ਤਬਕਿਆਂ ਨੇ—ਇਹ ਮੰਨਕੇ ਕਿ ਰਾਸ਼ਟਰੀ ਮਸਲਿਆਂ ਵਿਚ ਉਨ੍ਹਾਂ ਦੀ ਹਿੱਸੇਦਾਰੀ ਓਨੀ ਨਹੀਂ ਜਿੰਨੀ ਕਿ ਦਿਖਾਈ ਦਿੰਦੀ ਹੈ—ਵੱਖ ਤੌਰ ਤੇ ਆਪਣੀ ਵਖਰੀ ਹਸਤੀ ਨੂੰ ਜਤਾਉਣਾ ਸ਼ੁਰੂ ਕੀਤਾ । ਉਨ੍ਹਾਂ ਨੇ ਆਪਣੀ ਵੱਖਰੀ ਹਸਤੀ ਦਾ ਅਹਿਸਾਸ ਕੀਤਾ ਅਤੇ ਸੰਗਠਿਤ ਵੀ ਹੋਣ ਲੱਗ ਪਏ । ਇਸ ਮੋਹ ਭੰਗ ਤੋਂ ਇਕ ਅਹਿਸਾਸ ਇਹ ਪੈਦਾ ਹੋਇਆ ਕਿ ਸੁਤੰਤਰਤਾ ਅੰਦੋਲਨ ਦੌਰਾਨ ਅਰਜਿਤ ਮੁੱਲਾਂ ਕੁਝ ਕਮਜੋਰੀਆਂ ਹਨ ਜਿਨ੍ਹਾਂ ਦਾ ਸਾਨੂੰ ਪੁਨਰ-ਨਿਰੀਖਣ ਕਰਨਾ ਚਾਹੀਦਾ ਹੈ । ਨਵਜਾਗਰਣ ਦੀਆਂ ਕਦਰਾਂ ਕੀਮਤਾਂ ਦਾ ਦੁਬਾਰਾ ਜਾਇਜ਼ਾ ਲੈਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਵਿਚ ਓਨਾ ਸਾਰ ਨਹੀਂ ਜਿਨਾਂ ਕਿ ਦਿਖਾਈ ਦਿੰਦਾ ਹੈ ।

ਜਿਸ ਤਰ੍ਹਾਂ ਯੂਰਪ ਵਿਚ ਉੱਤਰ-ਆਧੁਨਿਕਤਾਵਾਦ ਨੇ ਆਧੁਨਿਕਤਾ ਤੇ ਆਧੁਨਿਕਤਾਵਾਦ ਦੀ ਛਾਣਬੀਣ ਸ਼ੁਰੂ ਕੀਤੀ ਉਸੇ ਤਰ੍ਹਾਂ ਦੀ ਨਵਜਾਗਰਣ ਦੇ ਮੁੱਲਾਂ ਦੀ ਛਾਣ ਬੀਣ ਦੀ ਜ਼ਰੂਰਤ ਸਾਡੇ ਇਥੇ ਮਹਿਸੂਸ ਹੋਈ । ਭਾਵੇਂ ਸਾਡੇ ਇੱਥੇ ਯੂਰਪ ਵਾਲੀਆਂ ਸਮਾਜਿਕ ਆਰਥਿਕ ਪ੍ਰਸਥਿਤੀਆਂ ਮੌਜੂਦ ਨਹੀਂ ਹਨ ਜਿਨ੍ਹਾਂ ਕਾਰਣ ਉਥੇ ਉਤਰਆਧੁਨਿਕਤਾਵਾਦ ਦਾ ਵਿਕਾਸ ਹੋਇਆ ਪਰੰਤੂ ਵਿਵਸਥਾ, ਸਥਾਪਿਤ ਕਦਰਾਂ ਕੀਮਤਾਂ, ਸਥਾਪਿਤ ਤਾਣੇ ਬਾਣੇ ਦੀਆਂ ਕਮਜ਼ੋਰੀਆਂ ਨੂੰ ਸਮਝ ਕੇ ਨਿਆਂ ਦੇ ਪੱਖ ਤੇ ਖੜੇ ਹੋਣ ਦੀਆਂ ਸਥਿਤੀਆਂ ਮੌਜੂਦ ਹਨ ।

ਇਸਦੇ ਨਾਲ ਹੀ ਸੱਤਰ ਦੇ ਦਹਾਕੇ ਵਿਚ ਮੱਧ ਵਰਗ ਤੇ ਨਿਮਨ ਮਧਵਰਗ ਦੇ ਕੁਝ ਹਿੱਸਿਆਂ ਵਿਚ ਅਜਿਹਾ ਵਾਮਪੰਥੀ ਰੁਝਾਨ ਪੈਦਾ ਹੋ ਗਿਆ ਜਿਸਦੇ ਕਾਰਣ ਇਕ ਅਜਿਹਾ ਭਰਮ ਪਾਲ ਲਿਆ ਗਿਆ ਕਿ ਜੇ ਉਹ ਮਜ਼ਦੂਰਾਂ ਨਾਲ ਰਲ ਗਏ ਤਾਂ ਇਨਕਲਾਬ ਆ ਜਾਏਗਾ, ਸਮਾਜ ਵਿਚ ਇਕ ਵੱਢਿਓਂ ਤੇ ਤੁਰਤ ਫੁਰਤ ਪਰਿਵਰਤਨ ਹੋ ਜਾਵੇਗਾ। ਇਹ ਵਿਸ਼ਵਾਸ ਵੀ ਜਲਦੀ ਹੀ ਟੁੱਟ ਗਿਆ। ਐਮਰਜੇਂਸੀ ਦਾ ਝਟਕਾ ਲੱਗਾ। ਹੁਣ ਇਹ ਮਹਿਸੂਸ ਕੀਤਾ ਗਿਆ ਕਿ ਜਿਸ ਕੰਮ ਨੂੰ ਉਹ ਆਸਾਨ ਮੰਨ ਕੇ ਤੁਰੇ ਸਨ ਅਸਲ ਵਿਚ ਉਹ ਇਨਾ ਆਸਾਨ ਨਹੀਂ ਸੀ। ਇਥੇ ਸ਼ੰਕਾ ਪੈਦਾ ਹੋਇਆ ਕਿ ਕੀ ਸਾਡੀ ਪ੍ਰਤਿਬੱਧਤਾ ਤੇ ਸਮਾਜ ਨੂੰ ਬਦਲਣ ਦੀ ਤਸਵੀਰ ਸਹੀ ਸੀ ਜਾਂ ਉਸਦੇ ਸਹੀ ਚਰਿਤਰ ਨੂੰ ਪਹਿਚਾਨਣ ਲਈ ਡੂੰਘੀ ਛਾਣ-ਬੀਣ ਦੀ ਲੋੜ ਸੀ ? ਇਨ੍ਹਾਂ ਦੋ ਕਾਰਣਾਂ ਕਰਕੇ ਸਮਾਜਿਕ ਪਰਿਵਰਤਨ ਦੀ ਪ੍ਰਕ੍ਰਿਆ ਵਲ ਸਾਡੀ ਸ਼ਮੂਲੀਅਤ ਵਾਲਾ ਰਵੱਈਆ ਇਕ ਦਮ ਬਦਲ ਗਿਆ। ਜਿਥੇ ਅਸੀਂ ਖੜੇ ਹਾਂ ਇਥੇ ਸਾਡੀਆਂ ਕਦਰਾਂ-ਕੀਮਤਾਂ ਵਿਚ ਕੀ ਕਮੀਆਂ ਹਨ ਇਨ੍ਹਾਂ ਦਾ ਪੁਨਰ-ਨਿਰੀਖਣ ਕਰਨ ਆਲੋਚਨਾਤਮਕ ਦ੍ਰਿਸ਼ਟੀਕੋਣ ਅਪਨਾਉਣ ਅਤੇ ਸਿਧਾਂਤਾਂ ਪਿੱਛੇ ਹਾਜ਼ਰ ਸ਼ਕਤੀਆਂ ਦੇ ਸਮੀਕਰਣਾਂ ਨੂੰ ਸਿਧਾਂਤਾ ਨਾਲ ਜੋੜਕੇ ਦੇਖਣ ਦੀ ਪ੍ਰਸਥਿਤੀ ਸਾਡੇ ਇਥੇ ਪੈਦਾ ਹੋਈ। ਅਜੋਕੇ ਮੋੜ ਤੇ ਉਤਰ-ਆਧੁਨਿਕਤਾਵਾਦ ਨੇ ਜੋ ਆਲੋਚਨਾ ਆਧੁਨਿਕਤਾ ਦੀ ਕੀਤੀ-ਉਸਦੇ ਸਮਾਨੰਤਰ ਤਾਂ ਨਹੀਂ ਪਰੰਤੂ ਓਨੀ ਹੀ ਡੂੰਘੀ ਤੇ ਸੂਖਮ ਛਾਣ-ਬੀਣ ਆਪਣੀ ਆਜ਼ਾਦੀ ਦੀ ਲੜਾਈ ਦੌਰਾਨ ਉਭਰੀ ਨਵ-ਜਾਗਰਣ ਦੀ ਮੁੱਲ-ਚੇਤਨਾ ਦੀ ਵੀ ਜ਼ਰੂਰੀ ਹੈ। ਖਾਸ ਤੌਰ ਤੇ ਉਤਰ-ਆਧੁਨਿਕਤਾਵਾਦ ਦੇ ਔਜ਼ਾਰਾਂ ਨਾਲ, ਅਰਥ ਦੇਣ ਦੀਆਂ ਪ੍ਰਕ੍ਰਿਆਵਾਂ, ਭਾਸ਼ਾ ਤੇ ਸਮਾਜਿਕ ਢਾਂਚੇ ਵਿਚ ਸਮਾਜਿਕ ਸਮੀਕਰਣਾਂ ਨੂੰ ਸਮਝਣ ਲਈ ਅਤੇ ਪਾਰਲੀਮੈਂਟਰੀ ਡੈਮੋਕਰੇਸੀ ਦੇ ਸਵੀਕਾਰ ਕੀਤੇ ਗਏ ਮੁੱਲਾਂ ਦੀ ਖੋਜ-ਬੀਣ ਕਰਨ ਦੀ ਜ਼ਰੂਰਤ ਹੈ।

ਜਿਸ ਤਰ੍ਹਾਂ ਉਤਰ-ਆਧੁਨਿਕਤਾਵਾਦ ਨੇ ਆਧੁਨਿਕਤਾ ਨੂੰ ਨਕਾਰਿਆ ਹੈ ਉਸੇ ਤਰ੍ਹਾਂ ਸਾਡੇ ਸਮਾਜ ਵਿਚ ਵੀ ਨਕਾਰਨ ਦੀ ਕੁਝ ਹਲਕਿਆਂ ਵਿਚ ਪ੍ਰਵਿਰਤੀ ਪੈਦਾ ਹੋਈ ਹੈ। ਇਸੇ ਲਈ ਆਪਣੀ ਰਾਸ਼ਟਰੀ ਚੇਤਨਾ ਨੂੰ ਨਵਜਾਗਰਣ ਦੇ ਮੁੱਲਾਂ ਨੂੰ, ਆਧੁਨਿਕ ਚੇਤਨਾ ਨੂੰ ਅਤੇ ਸੁਤੰਤਰਤਾ ਅੰਦੋਲਨ ਦੀ ਵਿਰਾਸਤ ਨੂੰ ਆਪਣੇ ਰਸਤੇ ਵਿਚ ਰੁਕਾਵਟ ਸਮਝ ਕੇ ਨਕਾਰਿਆ ਗਿਆ ਹੈ। ਅਜਿਹੇ ਉਤਰ-ਆਧੁਨਿਕਤਾਵਾਦ ਨੂੰ ਅਪਨਾਉਣਾ ਤਾਂ ਪੱਛਮ ਦੀ ਨਕਲ ਹੋਵੇਗਾ ਜੋ ਬਹੁਤ ਸਾਰੇ ਸਬਾਲਟਰਕ ਇਤਿਹਾਸਕਾਰਾਂ ਵਿਚ ਮਿਲਦਾ ਹੈ ਤੇ ਜੋ ਆਧੁਨਿਕਤਾਵਾਦ ਨੂੰ ਨਕਾਰਦਾ ਹੈ। ਇਸਦੇ ਨਾਲ ਹੀ ਉਤਰ-ਆਧੁਨਿਕਤਾਵਾਦ ਨੇ ਸ਼ੁੱਧ ਭਾਰਤੀਅਤਾ ਦਾ ਰੂਪ ਵੀ ਧਾਰਣ ਕੀਤਾ ਜਿਸਦੇ ਤਹਿਤ ਸੁਤੰਤਰਤਾ ਅੰਦੋਲਨ ਤੇ ਨਵ-ਜਾਗਰਣ ਦੀ ਸਮੁੱਚੀ ਵਿਰਾਸਤ ਨੂੰ ਪੱਛਮੀਕਰਣ ਕਹਿ ਕੇ ਨਕਾਰਿਆ ਗਿਆ। ਸਾਡੇ ਸਮਾਜਿਕ ਸੰਦਰਭ ਵਿਚ ਉਤਰ-ਆਧੁਨਿਕਤਾਵਾਦ ਦੇ ਜਿਸ ਸਾਰਥਕ ਉਪਯੋਗ ਦੀ ਗੱਲ ਅਸੀਂ ਕਰ ਰਹੇ ਸਾਂ ਇਨ੍ਹਾ ਦੋਨਾਂ ਤਰ੍ਹਾਂ ਦੇ ਉਤਰ-ਆਧੁਨਿਕਤਾਵਾਦ ਤੋਂ ਵੱਖਰਾ ਹੈ।

ਜਿਨਾਂ ਵੀ ਰਚਨਾਤਮਕ ਅਤੇ ਸਾਰਥਕ ਲੇਖਕ ਸੱਤਰ ਦੇ ਦਹਾਕੇ ਦਾ ਆਇਆ ਹੈ (ਹਿੰਦੀ ਬਾਰੇ ਜੋ ਮੈਂ ਸਮਝਦਾ ਹਾਂ, ਪੰਜਾਬੀ ਵਿਚ ਵੀ ਅਜਿਹਾ ਜ਼ਰੂਰ ਹੋਵੇਗਾ) ਉਹ ਆਪਣੀ ਚੇਤਨਾ ਵਿਚ ਵਿਦਮਾਨ ਮੁੱਲ-ਵਿਵਸਥਾ ਦੇ ਅੰਦਰ ਸੂਖਮ ਰੂਪ ਵਿਚ ਵਿਵਸਥਾ ਦੁਆਰਾ ਪ੍ਰਾਯੋਜਿਤ ਤੱਤਾਂ ਦੀ ਪਹਿਚਾਣ ਕਰਦਾ ਹੈ। ਅਜਿਹਾ ਲੇਖਕ ਵਿਕਸਿਤ ਆਲੋਚਨਾਤਮਕ ਦ੍ਰਿਸ਼ਟੀਕੋਣ ਆਸਾਨੀ ਨਾਲ ਪ੍ਰਗਤੀ ਨੂੰ ਮੰਨਣ ਦੀ ਬਜਾਇ ਇਸਦੀ ਜਟਿਲਤਾ ਨੂੰ ਪਹਿਚਾਣਦਾ ਹੈ ਅਤੇ ਬਹੁਗਿਣਤੀ ਜਨਤਾ



ਦੀ (ਕਿਸਾਨੀ ਤੇ ਮੱਧ ਵਰਗ ਦੀ) ਮਾਨਸਿਕਤਾ ਵਿਚ ਵਾਸਤਵਿਕ ਆਧੁਨਿਕ ਮੁੱਲਾਂ ਦੀ ਵਾਸਤਵਿਕ ਸਥਿਤੀ ਦੀ ਪਹਿਚਾਣ ਕਰਦਾ ਹੈ। ਇਸ ਰਚਨਾਤਮ ਸਾਹਿਤ ਵਿਚ ਉਤਰ-ਆਧੁਨਿਕਤਾਵਾਦ ਵਲੋਂ ਮਿਲੇ ਔਜ਼ਾਰਾਂ ਦਾ ਆਪਣੇ ਢੰਗ ਨਾਲ ਇਸਤੇਮਾਲ ਕੀਤਾ ਜਾ ਰਿਹਾ ਹੈ। ਇਉਂ ਕੁਝ ਰਚਨਾਕਾਰਾਂ ਨੇ ਉਤਰ-ਆਧੁਨਿਕਤਾਵਾਦ ਦਾ ਸਾਰਥਕ ਪ੍ਰਯੋਗ ਕੀਤਾ ਹੈ। ਜੇ ਅਸੀਂ ਉਤਰ-ਆਧੁਨਿਕਤਾਵਾਦ ਦਾ ਵਿਰੋਧ ਵੀ ਕਰਨਾ ਹੈ ਕਿ ਇਸ ਵਿਚ ਉਪਭੋਗਤਾਵਾਦ ਦਾ ਗ਼ਲਬਾ ਹੈ। ਇਹ ਪੱਛਮੀ ਹਮਲਾ ਹੈ ਤੇ ਸਾਨੂੰ ਕਮਜ਼ੋਰ ਬਣਾਉਣ ਦਾ ਇਕ ਤਰੀਕਾ ਹੈ ਤੇ ਇਹ ਸਭਿਆਚਾਰ ਪੱਧਰ ਉਪਰ ਹੱਲਾ ਹੈ। ਇਸ ਸਭ ਕੁਝ ਨੂੰ ਪਹਿਚਾਣਦੇ ਹੋਏ ਵੀ ਸਾਨੂੰ ਉਤਰ-ਆਧੁਨਿਕਤਾਵਾਦ ਦੇ ਇਸ ਵੱਖਰੇ ਉਪਯੋਗ ਨੂੰ ਵੀ ਸਮਝਣਾ ਹੋਵੇਗਾ।

ਇਕ ਗੱਲ ਹੋਰ। ਪੱਛਮੀ ਉਤਰ-ਆਧੁਨਿਕਤਾਵਾਦ ਦਾ ਦਬਾਅ ਤਾਂ ਸਾਡੇ ਉਪਰ ਹੈ ਪਰੰਤੂ ਜਦ ਤਕ ਅਸੀਂ ਉਸਨੂੰ ਸਮਝਾਂਗੇ ਨਹੀਂ ਉਸਦਾ ਵਿਰੋਧ ਕਿਵੇਂ ਕਰ ਸਕਾਂਗੇ ? ਵਿਸ਼ਵੀਕਰਣ ਦੇ ਨਾਲ ਆਏ ਮੁੱਲ ਪ੍ਰਬੰਧ ਦਾ ਪ੍ਰਭਾਵੀ ਢੰਗ ਨਾਲ ਵਿਰੋਧ ਕਰਨ ਲਈ. ਆਪਣੀਆਂ ਪ੍ਰਵਾਣਿਤ ਕਦਰਾਂ ਕੀਮਤਾਂ ਦਾ ਲੇਖਾ-ਜੋਖਾ ਕਰਨ ਲਈ (ਉਨ੍ਹਾਂ ਨੂੰ ਰੱਦ ਕਰਨ ਲਈ ਨਹੀਂ ਸਗੋਂ ਉਨ੍ਹਾਂ ਦੀਆਂ ਸੀਮਾਵਾਂ ਪਹਿਚਾਨਣ ਲਈ) ਉਤਰ-ਆਧੁਨਿਕਤਾਵਾਦੀ ਚਿੰਤਨ ਨਾਲ ਉਭਰੇ ਤੌਰ ਤਰੀਕਿਆਂ ਦਾ ਹਿੰਦੁਸਤਾਨ ਦੀਆਂ ਪ੍ਰਸਥਿਤੀਆਂ ਵਿਚ ਆਪਣੇ ਢੰਗ ਨਾਲ ਸਹੀ ਇਸਤੇਮਾਲ ਕੀਤਾ ਜਾ ਸਕਦਾ ਹੈ। ਖ਼ਤਰਾ ਸਿਰਫ ਇਹ ਹੈ ਕਿ ਉਤਰ-ਆਧੁਨਿਕਤਾਵਾਦ ਚੇਤਨਾ ਦੇ ਧਰਾਤਲ ਤੇ, ਸੰਸਕ੍ਰਿਤੀ ਦੇ ਧਰਾਤਲ ਤੇ ਹੀ ਮੀਨ ਮੇਖ ਕੱਢਦਾ ਹੈ ਅਤੇ ਬਦਲਾਅ ਦੀਆਂ ਵਾਸਤਵਿਕ ਸ਼ਕਤੀਆਂ ਉਪਰ ਬਲ ਦੇਣ ਦੀ ਬਜਾਇ ਠੱਗੇ ਜਾਣ ਉਪਰ ਵਧੇਰੇ ਜ਼ੋਰ ਦਿੰਦਾ ਹੈ। ਇਸੇ ਲਈ ਸਾਮੂਹਿਕ ਅੰਦੋਲਨਾਂ ਵਿਚ ਸ਼ਾਮਿਲ ਹੋਣ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਇਉਂ ਲੱਗਦਾ ਹੈ ਕਿ ਜਿਉਂ ਹੀ ਅਸੀਂ ਸਾਮੂਹਿਕ ਯਤਨ ਵਿਚ ਸ਼ਾਮਿਲ ਹੋਏ ਸਾਡੀ ਹਸਤੀ ਖਤਰੇ ਵਿਚ ਪੈ ਜਾਵੇਗੀ। ਸਾਨੂੰ ਅਧੀਨ ਕਰ ਲਿਆ ਜਾਵੇਗਾ। ਇਉਂ ਉਤਰ-ਆਧੁਨਿਕਤਾਵਾਦ ਦਾ ਨਿਖੇਧ ਸੰਕੇਤ Gesture ਮਾਤਰ ਬਣਕੇ ਰਹਿ ਜਾਂਦਾ ਹੈ।

ਸਾਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਸ਼ੰਕਾਵਾਦ. ਸਾਮੂਹਿਕਤਾਵਾਦ ਦਾ ਸਹਿਯੋਗੀ ਬਣੇ। ਇਹ ਸਮਝ ਕੇ ਉਤਰ-ਆਧੁਨਿਕਤਾਵਾਦੀ ਸ਼ੰਕਾਵਾਦ ਦਾ ਇਸਤੇਮਾਲ ਕਰਾਂਗੇ ਤਾਂ ਤੇ ਠੀਕ ਹੈ ਨਹੀਂ ਤਾਂ ਤਿਲਕਣ ਦਾ ਖ਼ਤਰਾ ਬਣਿਆ ਰਹੇਗਾ। ਕਿਉਂਕਿ ਉਤਰ-ਆਧੁਨਿਕਤਾਂਵਾਦੀਆ ਅਨੁਸਾਰ ਕੋਈ ਵੀ ਪਰਿਵਰਤਨ ਸੰਭਵ ਹੀ ਨਹੀਂ। ਅਜਿਹੀ ਸੋਚ ਅਨੁਸਾਰ ਸਾਡੇ ਮਨ ਵਿਚ ਇਹ ਭਾਵਨਾ ਬਣੀ ਰਹੇਗੀ ਕਿ ਸਾਮੂਹਿਕ ਅੰਦੋਲਨ ਕਿਉਂ ਸ਼ੁਰੂ ਹੋ ਕੇ ਕਿਤੇ ਹੋਰ ਪਹੁੰਚ ਜਾਵੇਗਾ। ਉੱਤਰ ਆਧੁਵਾਦ ਦੇ ਚੌਖਟੇ ਵਿਚ ਤਾਂ ਲੋਕ ਆਪਣੀ ਆਪਣੀ ਦੁਨੀਆਂ ਵਿਚ ਗੁਆਚੇ ਰਹਿੰਦੇ ਹਨ। ਇਥੋਂ ਤਕ ਕਿ ਸਭ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਤੇ ਵੀ ਇਕ ਜੁੱਟ ਹੋਣ ਦੀ ਸੰਭਾਵਨਾਂ ਨਹੀਂ ਰਹਿੰਦੀ। ਉਤਰ-ਆਧੁਨਿਕਤਾਵਾਦੀ ਪ੍ਰਸਥਿਤੀ ਵਿਚ ਅਣਜਾਣੇ ਹੀ ਨਾਂਹ ਮੁਖੀ ਤੇ ਵਿਅਕਤੀਗਤ ਪ੍ਰਵਿਰਤੀਆਂ ਨੂੰ ਆਪਣੇ ਵਿਚ ਸਮੇਟ ਲੈਂਦੇ ਹਾਂ ਇਸ ਲਈ ਬਹੁਤ ਹੀ ਸਤਰਕ ਰਹਿਣ ਦੀ ਲੋੜ ਹੈ। ਜੋ ਵੀ ਵਿਅਕਤੀ ਉਤਰ-ਆਧੁਨਿਕਤਾਵਾਦ ਦੇ ਪ੍ਰਭਾਵ ਹੇਠ ਆਇਆ ਉਹ ਨਿਸ਼ਕ੍ਰਿਅ ਹੋ ਜਾਵੇਗਾ ਮਨੁੱਖਤਾ ਵਿਚ ਵਿਸ਼ਵਾਸ ਖੋ ਬੈਠੇਗਾ, ਕੁਰਬਾਨੀ ਕਰਨ ਦਾ ਜਜ਼ਬਾ ਉਸ ਵਿਚ ਖਤਮ ਹੋ ਜਾਵੇਗਾ ਅਤੇ ਉਹ ਸੁਵਿਧਾਵਾਂ ਦਾ ਆਦੀ ਹੋ ਜਾਵੇਗਾ। ਇਹ ਖਤਰਾ ਤਾਂ ਬਣਿਆ ਹੀ ਰਹਿੰਦਾ ਹੈ, ਇਸੇ ਲਈ ਸਤਰਕਤਾ ਦੀ ਵਧੇਰੇ ਲੋੜ ਹੈ।

? ਡਾ. ਸਾਹਿਬ ਹਿੰਦੁਸਤਾਨ ਦੇ ਸੰਦਰਭ ਵਿਚ......?

ਡਾ. ਗਰੇਵਾਲ : ਜਿਸ ਤਰ੍ਹਾਂ ਅਸੀਂ ਪਹਿਲਾਂ ਕਿਹਾ ਹੈ ਕਿ ਉਤਰ-ਆਧੁਨਿਕਤਾਵਾਦ ਵਿਕਾਸ ਨੂੰ ਨਕਾਰ ਕੇ ਚਲਦਾ ਹੈ । ਇਸ ਵਿਚ, ਇਕ ਛਿਣ ਨੂੰ ਦੂਜੇ ਛਿਣ ਨਾਲ ਜੋੜਨ ਦਾ ਕ੍ਰਮ ਭਾਵੇਂ ਕਿਨਾ ਵੀ ਜਟਿਲ ਕਿਉਂ ਨਾ ਹੋਵੇ, ਫ਼ਜ਼ੂਲ ਦਿਖਾਈ ਦਿੰਦਾ ਹੈ । ਇਕ ਹੱਦ ਤਕ ਇਹ ਸਹੀ ਹੈ ਕਿ ਉਤਰ-ਆਧੁਨਿਕਤਾਵਾਦ ਤੇ ਬ੍ਰਿਤਾਂਤ ਇਕ ਦੂਜੇ ਦੇ ਵਿਰੋਧੀ ਹਨ। ਜੇ ਤੁਸੀਂ ਉਤਰ-ਆਧੁਨਿਕਤਾ-ਵਾਦੀ ਹੋ ਤਾਂ ਤੁਹਾਡੇ ਲਈ ਬ੍ਰਿਤਾਂਤ ਦਾ ਨਿਰਮਾਣ ਮੁਸ਼ਕਿਲ ਹੈ । ਕਿਉਂਕਿ ਜਦੋਂ ਤੁਸੀਂ ਫੁਟਕਲ ਅਨੁਭੂਤੀਆਂ, ਅਨੁਭਵਾਂ ਵਿਚ ਹੀ ਗੁਆਚੇ ਰਹਿੰਦੇ ਹੋ ਤਾਂ ਵਿਵਿਧਤਾ ਤੇ ਬਹੁਲਤਾ ਦਾ ਹਊਆ ਏਨਾ ਹਾਵੀ ਹੋ ਜਾਂਦਾ ਹੈ ਕਿ ਇਨ੍ਹਾਂ ਨੂੰ ਜੋੜਨਾਂ ਸੰਭਵ ਦਿਖਾਈ ਨਹੀਂ ਦਿੰਦਾ । ਜੇ ਉਨ੍ਹਾਂ ਨੂੰ ਆਪਸ ਵਿਚ ਜੋੜੋਗੇ ਤਾ ਸਿਰਫ ਇਕ ਖੇਲ ਦੀ ਤਰ੍ਹਾਂ । ਇਹੋ ਜਿਹਾ ਖੇਲ ਖੇਲਣ ਸਮੇਂ ਤੁਸੀ ਦਾਅ ਉਪਰ ਕੁਝ ਨਹੀਂ ਲਾਇਆ ਤੇ ਇਸ ਲਈ ਗੰਭੀਰਤਾ ਦੀ ਵੀ ਜ਼ਰੂਰਤ ਨਹੀਂ । ਬ੍ਰਿਤਾਂਤ ਲਈ ਉਤਰ-ਆਧੁਨਿਕਤਾਵਾਦ ਦਾ ਇਹ ਖਤਰਾ ਜ਼ਰੂਰ ਹੈ ਕਿ.ਜਾ ਤਾਂ ਬ੍ਰਿਤਾਂਤ ਖਤਮ ਹੋ ਜਾਵੇਗਾ ਤੇ ਜਾਂ ਫਿਰ ਇਹ ਕੇਵਲ ਖੇਲ੍ਹ ਬਣ ਕੇ ਰਹਿ ਜਾਵੇਗਾ । ਫਿਰ ਵੀ ਉਤਰ-ਆਧੁਨਿਕਤਾਵਾਦੀ ਭਾਸ਼ਾ ਦਾ ਇਸਤੇਮਾਲ ਕਰਦੇ ਹੋਏ ਦੂਸਰਿਆਂ ਤਕ ਆਪਣੀ ਗੱਲ ਪਹੁੰਚਾਉਂਦੇ ਹਨ । ਕਿਨਾਂ ਵੀ ਗਤੀਹੀਣ ਕਿਉਂ ਨਾ ਹੋਵੇ ਇਕ ਤਰ੍ਹਾਂ ਵਿਰੋਧ ਸ਼ਿਰਕਤ ਦਾ ਸੱਦਾ ਵੀ ਦਿੰਦੇ ਹਨ । ਭਾਸ਼ਾ ਦੇ ਪ੍ਰਯੋਗ ਵਿਚ ਇਕ ਦੂਜੇ ਨੂੰ ਆਪਣੀ ਗੱਲ ਕਹਿਣ ਤੇ ਇਕ ਦੂਜੇ ਨੂੰ ਆਪਣੀ ਗੱਲ ਮੰਨਵਾਉਣ ਦੇ ਯਤਨ ਵਿਚ ਘੱਟੋ ਘੱਟ ਬ੍ਰਿਤਾਂਤ ਤਾਂ ਜ਼ਰੂਰੀ ਹੈ ਹੀ ।

ਮਹਾਨ ਬ੍ਰਿਤਾਂਤ ਜਿਸ ਵਿਚ ਸੰਘਰਸ਼ਾਂ ਰਾਹੀਂ ਸਮਾਜ ਨੂੰ ਬਦਲਣ ਦਾ ਸਾਮੂਹਿਕ ਸੱਦਾ ਦਿੱਤਾ ਜਾਂਦਾ ਹੈ ਉਹ ਉਤਰ-ਆਧੁਨਿਕਤਾਵਾਦੀਆਂ ਨੂੰ ਰਾਸ ਨਹੀਂ ਆਉਂਦਾ । ਛੋਟੀਆਂ ਛੋਟੀਆਂ ਕਹਾਣੀਆਂ ਬ੍ਰਿਤਾਂਤ ਜ਼ਰੂਰ ਘੜੇ ਜਾਂਦੇ ਹਨ । ਪਰ ਜਿਵੇਂ ਮੈਂ ਕਿਹਾ ਹੈ ਇਸ ਸਭ ਕੁਝ ਨੂੰ ਖੇਲ੍ਹ ਦੀ ਤਰ੍ਹਾਂ ਲਿਆ ਜਾਂਦਾ ਹੈ । ਸਾਡੀਆਂ ਪ੍ਰਸਥਿਤੀਆਂ ਨੂੰ ਬਦਲਣ ਦੀ ਲੋੜ ਹੈ । ਇਥੇ ਅਨਿਆਂ ਹੈ, ਗਰੀਬੀ ਹੈ, ਭੁੱਖਮਰੀ ਹੈ, ਵਿਸ਼ਮਤਾਵਾਂ ਹਨ । ਲੋੜ ਹੈ ਸਮਾਜ ਨੂੰ ਨਿਆਂ ਸੰਗਤ ਬਣਾਉਣ ਦੀ । ਅਜਿਹੇ ਸਮਾਜ ਦੀ ਸਿਰਜਣਾ ਦੀ ਜਿਥੇ ਹਰ ਵਿਅਕਤੀ ਆਪਣੀਆਂ ਇੱਛਾਵਾਂ ਦੀ ਪੂਰਤੀ ਕਰ ਸਕੇ । ਇਹ ਸਭ ਕੁਝ ਆਪਣੇ ਆਪ ਤਾਂ ਹੋਣੋਂ ਰਿਹਾ । ਇਸ ਲਈ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਅਸੀਂ ਮਿਲ ਜੁਲ ਕੇ ਨਵੇਂ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ । ਅਜੋਕੀਆਂ ਪ੍ਰਸਥਿਤੀਆਂ ਵਿਚ ਬ੍ਰਿਤਾਂਤ ਦਾ ਅੰਤ ਘਾਤਕ ਹੋਵੇਗਾ । ਸਗੋਂ ਸਾਨੂੰ ਤਾਂ ਹੋਰ ਬ੍ਰਿਤਾਂਤਾਂ ਦੀ ਕਲਪਣਾ ਕਰਨੀ ਪਵੇਗੀ । ਹਾਂ ਇਹ ਜ਼ਰੂਰ ਮੰਨਣਾ ਪਵੇਗਾ ਕਿ ਮਿਲ ਜੁਲ ਕੇ ਤੈਅ ਕੀਤੇ ਪ੍ਰੋਗਰਾਮ ਸਭ ਨੂੰ ਮਨਜ਼ੂਰ ਨਹੀਂ ਹੋ ਸਕਦੇ ਤੇ ਇਹ ਹੋਣਗੇ ਵੀ ਆਰਜ਼ੀ ਹੀ । ਕਲ੍ਹ ਨੂੰ ਇਨ੍ਹਾਂ ਦੀ ਸਾਰਥਿਕਤਾ ਘੱਟ ਵੀ ਹੋ ਸਕਦੀ ਹੈ। ਉਤਰ-ਆਧੁਨਿਕਤਾਵਾਦ ਦੀ ਮਦਦ ਨਾਲ ਅਸੀਂ ਕੱਟੜਵਾਦ ਤੋਂ ਬਚ ਸਕਦੇ ਹਾਂ । ਪਰ ਇਸਤੋਂ ਅਗਾਂਹ ਜੇ ਇਹ ਮਿਲ ਜੁਲ ਕੇ ਸਮਾਜ ਨੂੰ ਬਦਲਣ ਦੇ ਰਾਹ ਵਿਚ ਰੁਕਾਵਟ ਬਣਦਾ ਹੈ ਤਾਂ ਇਸਦਾ ਤਿਆਗ ਕਰਨਾ ਪਵੇਗਾ ।

? ਡਾ. ਸਾਹਿਬ ਤੁਸੀਂ ਮੇਰੇ ਸਵਾਲਾਂ ਤੋਂ ਅਗਾਂਹ ਹੀ ਚਲਦੇ ਰਹੇ ਹੋ ਤੇ ਤਕਰੀਬਨ ਜੋ ਸਵਾਲ ਮੇਰੇ ਮਨ ਵਿਚ ਸਨ ਉਨ੍ਹਾਂ ਦਾ ਜਵਾਬ ਤੁਸੀਂ ਦੇ ਦਿੱਤਾ ਹੈ । ਸਿਰਫ਼ ਆਖਰੀ ਇਕ ਸਵਾਲ ਕਿ



ਪੰਜਾਬੀ ਹਿੰਦੀ ਵਿਚ ਜੋ ਉਤਰ-ਆਧੁਨਿਕਤਾਵਾਦ ਦੀਆਂ ਧਾਰਾਵਾਂ ਚਲ ਰਹੀਆਂ ਹਨ, ਉਨ੍ਹਾਂ ਦੀ ਕੀ ਸਾਰਥਕਤਾ ਹੈ ?

ਡਾ. ਗਰੇਵਾਲ : ਹਿੰਦੀ ਵਿਚ ਤੇ ਸ਼ਾਇਦ ਪੰਜਾਬੀ ਵਿਚ ਵੀ ਉਤਰ-ਆਧੁਨਿਕਤਾਵਾਦ ਦੇ ਪ੍ਰਭਾਵ ਹੇਠ ਦੋ ਪ੍ਰਵਿਰਤੀਆਂ ਚਲ ਰਹੀਆਂ ਹਨ । ਇਕ ਤਾਂ ਜਨਵਾਦੀ ਪ੍ਰਗਤੀਸ਼ੀਲ ਧਾਰਾ ਰਹੀ ਹੈ । ਸੱਤਰ ਦੇ ਦਹਾਕੇ ਵਿਚ ਇਕ ਵਾਧੂ ਵਿਸ਼ਵਾਸ ਸੀ ਕਿ ਜੇ ਕੁਝ ਵਿਅਕਤੀਆਂ ਦਾ ਰੁਪਾਂਤ੍ਰਣ ਹੋ ਜਾਏ ਤਾਂ ਦੂਸਰਿਆਂ ਨੂੰ ਆਸਾਨੀ ਨਾਲ ਮਨਾਇਆ ਜਾ ਸਕਦਾ ਹੈ । ਇਨ੍ਹਾਂ ਦੀ ਚੇਤਨਾ ਦਾ ਪੱਧਰ ਉਪਰ ਉੱਠ ਜਾਵੇਗਾ ਤੇ ਉਹ ਸੰਘਰਸ਼ ਲਈ ਤਿਆਰ ਹੋ ਜਾਣਗੇ । ਉਹ ਇਸ ਤਰ੍ਹਾਂ ਹਥਿਆਰ ਚੁੱਕ ਕੇ ਰਾਜਨੀਤਕ ਟੱਕਰ ਵਿਚ ਕੁੱਦ ਪੈਣਗੇ । ਇਸ ਸੋਚ ਦੀਆਂ ਸੀਮਾਵਾਂ ਨੂੰ ਪਛਾਣਿਆ ਜਾ ਰਿਹਾ ਹੈ ਅਤੇ ਸਮਕਾਲੀ ਵਰਗ ਸੰਘਰਸ਼ ਤੇ ਵਰਗ-ਹਿਤਾਂ ਦੀ ਵਾਸਤਵਿਕ ਸਥਿਤੀ ਨੂੰ ਮੁੜ ਵਿਚਾਰਿਆ ਜਾਣ ਲੱਗੀ ਹੈ । ਪ੍ਰਾਥਮਿਕਤਾਵਾਂ ਵਿਚ ਇਸ ਬਦਲਾਅ ਨੂੰ ਕੁੱਝ ਹੱਦ ਤਕ ਉਤਰ-ਆਧੁਨਿਕਤਾਵਾਦ ਦੀ ਦੇਣ ਵੀ ਕਿਹਾ ਜਾ ਸਕਦਾ ਹੈ । ਹੁਣ ਦੀ ਬਦਲੀ ਸੋਚ ਅਨੁਸਾਰ ਰਾਜਨੀਤਕ ਪੱਧਰ ਤੇ ਨਿਰਣਾ-ਇਕ ਟੱਕਰ ਤਕ ਪਹੁੰਚਣ ਤੋਂ ਪਹਿਲਾਂ ਸਾਨੂੰ ਇਸ ਗੱਲ ਦਾ ਜਾਇਜ਼ਾ ਲੈਣਾ ਚਾਹੀਦਾ ਹੈ ਕਿ ਸਾਡੀ ਚੇਤਨਾ ਦਾ ਨਿਰਮਾਣ ਕਿਵੇਂ ਹੋਇਆ । ਇਸ ਚੇਤਨਾ ਵਿਚ ਉਪਭੋਗਤਾਵਾਦੀ ਸੰਸਕ੍ਰਿਤੀ ਤੇ ਬਸਤੀ-ਵਾਦੀ ਮੁੱਲ-ਵਿਵਸਥਾ ਆਪਣੇ ਸੂਖਮ ਧਰਾਤਲਾਂ ਵਿਚ ਕਿਵੇਂ ਰਚੀ ਬਸੀ ਹੈ ਇਸਦਾ ਪਤਾ ਲਾਇਆ ਜਾਵੇ । ਜਦ ਤਕ ਇਨ੍ਹਾਂ ਦੀ ਪਹਿਚਾਣ ਨਹੀਂ ਹੋਵੇਗੀ ਉਦੋਂ ਤਕ ਇਨ੍ਹਾਂ ਦੇ ਵਿਰੋਧ ਵਿਚ ਖੜੇ ਹੋਣ ਦਾ ਰਸਤਾ ਨਹੀਂ ਕੱਢਿਆ ਜਾ ਸਕਦਾ । ਅਜੋਕੀਆਂ ਉਤਰ-ਆਧੁਨਿਕਤਾਵਾਦ ਤੋਂ ਪ੍ਰਭਾਵਿਤ ਉਨ੍ਹਾਂ ਰਚਨਾਵਾਂ ਵਿਚ ਇਸਦਾ ਉਚਿਤ ਪ੍ਰਯੋਗ ਮਿਲਦਾ ਹੈ ਜਿਹੜੀਆਂ ਚੇਤਨਾ ਦੀ ਪੱਧਰ ਤੇ ਸੰਘਰਸ਼ ਅਤੇ ਮੁੱਲ ਵਿਵਸਥਾ ਵਿਚ ਖਰੇ ਖੋਟੇ ਦਾ ਨਿਰਣਾ ਕਰਦੀਆਂ ਹਨ ਅਤੇ ਆਮ ਗਿਆਨ ਦੀ ਪੱਧਰ ਤੇ ਅਤਾਰਕਿਕਤਾਵਾਂ ਨੂੰ ਪਹਿਚਾਨਣ ਉਪਰ ਜ਼ੋਰ ਦਿੰਦੀਆਂ ਹਨ । ਇਨ੍ਹਾਂ ਰਚਨਾਵਾਂ ਵਿਚ ਕ੍ਰਾਂਤੀਕਾਰੀ ਟੱਕਰ ਦੀ ਬਜਾਇ ਮੁੱਲ-ਵਿਵਸਥਾ ਦਾ, ਖਾਸ ਤੌਰ ਤੇ ਬਹੁਗਿਣਤੀ ਜੰਤਾ ਦੀ ਚੇਤਨਾ ਦਾ ਨਿਰੀਖਣ ਕਰਨ ਦੀ ਆਲੋਚਨਾਤਮਕ ਪ੍ਰਵਿਰਤੀ ਹੈ । ਕਹਾਣੀ ਤੇ ਕਵਿਤਾ ਵਿਚ ਅਜਿਹਾ ਆਲੋਚਨਾਤਮਕ ਵਿਸ਼ਲੇਸ਼ਣ ਇਸ ਨੀਅਤ ਨਾਲ ਹੋ ਰਿਹਾ ਹੈ ਕਿ ਅਜੋਕੀ ਸਥਿਤੀ ਬਦਲਣੀ ਚਾਹੀਦੀ ਹੈ, ਪਰੰਤੂ ਬਦਲਣ ਤੋਂ ਪਹਿਲਾਂ ਚੇਤਨਾ ਦੀ ਬਨਾਵਟ ਨੂੰ ਸਮਝਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਖਾਲੀ ਜਗਾਹਾਂ ਨੂੰ ਪਹਿਚਾਣਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਨੂੰ ਭਰਨ ਦੀ ਲੋੜ ਹੈ ।

ਇਹਦੇ ਨਾਲ ਹੀ ਇਧਰ ਇਹ ਵੀ ਅਹਿਸਾਸ ਹੋਇਆ ਹੈ ਕਿ ਵਿਕਾਸ ਦਾ ਜੋ ਮਾਡਲ ਅਸੀਂ ਸਵੀਕਾਰ ਕੀਤਾ ਹੈ, ਉਸ ਵਿਚ ਵੀ ਕੁਝ ਸਰਲੀਕਰਣ ਹੈ । ਕੇਂਦਰੀਕਰਣ ਵੀ ਕੁਝ ਜ਼ਿਆਦਾ ਹੈ । ਮਾਨਵ ਤੇ ਮਾਨਵਤਾ ਦੀ ਬਣੀ ਬਣਾਈ ਤਸਵੀਰ ਅਪਣਾਉਣ ਦੀ ਬਜਾਇ ਨਵੇਂ ਸਿਰੇ ਤੋਂ ਆਪਣੇ ਅਨੁਭਵ ਅਨੁਸਾਰ ਯਥਾਰਥ ਨੂੰ ਸਮਝਿਆ ਜਾਵੇ ਅਤੇ ਨਿਰਣਿਆਂ ਤਕ ਪਹੁੰਚਾਉਣ ਦੀ ਕਾਹਲ ਨਾ ਹੋਵੇ ਜਾਂ ਇਸ ਵਿਚ ਬੜਬੋਲਾਪਨ ਨਾ ਹੋਵੇ । ਸੀਮਤ ਜਿਹੀ ਜ਼ਿੰਮੇਵਾਰੀ ਜਿਸਦਾ ਇਮਾਨਦਾਰੀ ਨਾਲ ਨਿਰਵਾਹ ਕੀਤਾ ਜਾ ਸਕਦਾ ਹੈ ਉਹੋ ਜਿਹੀ ਜ਼ਿੰਮੇਵਾਰੀ ਰਚਨਾਵਾਂ ਵਿਚ ਪ੍ਰਾਪਤ ਹੁੰਦੀ ਹੈ । ਸਾਹਿਤਕਾਰ ਦੀ ਇਹ ਵਿਨੈਸ਼ੀਲਤਾ ਬਦਲਾਉ ਲਈ ਪ੍ਰਤਿਬੱਧ ਵੀ ਹੈ ਤੇ ਬਰਾਬਰੀ, ਭਾਈਚਾਰੇ ਅਤੇ ਆਤਮ ਸਨਮਾਨ ਨੂੰ ਬਣਾਈ ਰੱਖਣ ਲਈ ਉਤਸਕ ਹੈ । ਸਾਹਿਤਕਾਰ ਅਜਿਹਾ ਮੁਗਾਲਤਾ ਵੀ ਨਹੀਂ ਪਾਲਦਾ ਕਿ ਉਹ ਰਚਨਾ ਰਾਹੀਂ ਪੂਰੇ ਸਮਾਜ ਨੂੰ ਬਦਲਣ ਦੀ ਤਸਵੀਰ

ਪੇਸ਼ ਕਰ ਦੇਵੇਗਾ । ਪਹਿਲਾਂ ਉਹ ਮੁੱਢਲੇ ਕਿਸਮ ਦਾ ਕੰਮ ਕਰਕੇ ਉਸ ਤੋਂ ਅਗਾਂਹ ਵਧਣਾ ਚਾਹੁੰਦਾ ਹੈ। ਹੁਣ ਉਸ ਦੀ ਰਚਨਾ ਵਿਚ ਸਭ ਕੁਝ ਸਮੇਟ ਕੇ ਚਲਣ ਦੀ ਲਾਲਸਾ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਹ ਵੀ ਉਤਰਆਧੁਨਿਕਤਾਵਾਦ ਦੀ ਆਲੋਚਨਾਤਮਕ ਪ੍ਰਵਿਰਤੀ ਦਾ ਸਾਰਥਕ ਪ੍ਰਯੋਗ ਹੈ।

? ਡਾ; ਸਾਹਿਬ ਇਹ ਤਾਂ ਤੁਸੀਂ ਹਾਂ-ਪੱਖੀ ਪ੍ਰਭਾਵਾਂ ਦੀ ਗੱਲ ਕੀਤੀ ਹੈ ........

ਡਾ: ਗਰੇਵਾਲ : ਹਾਂ ਇਸ ਦੇ ਨਾਲ ਹੀ ਵੱਡੇ ਪੈਮਾਨੇ ਤੇ ਉਤਰਆਧੁਨਿਕਤਾ ਦਾ ਪੱਛਮੀ ਰੂਪ ਵੀ ਵੇਖਣ ਨੂੰ ਮਿਲਦਾ ਹੈ। ਉਪਭੋਗਤਾਵਾਦ, ਛਿਣ ਵਿਚ ਆਨੰਦ ਲੈਣ, ਫੁਟਕਲ ਅਨੁਭਵਾਂ ਨੂੰ ਆਪਣੇ ਆਪਣੇ ਢੰਗ ਨਾਲ ਪੇਸ਼ ਕਰਨ, ਅਲਗਾਉ, ਭਿੰਨਤਾਵਾਂ ਉਪਰ ਜ਼ੋਰ ਦੇਣ, ਵਿਗਿਆਨਕ ਤਰਕ ਵਿਤਰਕ ਨੂੰ ਨਕਾਰਨ, ਅਲੌਕਿਕਤਾਵਾਂ, ਦੇਵਵਾਦ ਉਪਰ ਬਲ ਦੇਣ, ਫੈਂਟਸੀ ਅਤੇ ਖੇਲ੍ਹ ਖੇਲ੍ਹ ਵਿਚ ਜੋੜ-ਤੋੜ ਕਰਨ ਦੀਆਂ ਪ੍ਰਵਿਰਤੀਆਂ ਸਿਰਫ ਬਾਜ਼ਾਰੂ ਲੇਖਨ ਉਪਰ ਹੀ ਨਹੀਂ ਸਗੋਂ ਗੰਭੀਰ ਲੇਖਨ ਉਪਰ ਵੀ ਪ੍ਰਭਾਵ ਪਾ ਰਹੀਆਂ ਹਨ । ਮਹਾਨ ਬ੍ਰਿਤਾਂਤ ਦੇ ਅੰਤ ਦੇ ਨਾਂ ਉੱਤੇ ਕਿਸੇ ਵੀ ਪਰਿਵਰਤਨਗਾਮੀ ਸਾਹਿਤ ਨੂੰ ਜੋ ਸਮਾਜ ਨੂੰ ਬਦਲਣ ਲਈ ਪ੍ਰਤਿਬੱਧਤ ਹੈ, ਨੂੰ ਰਾਜਨੀਤੀ ਕਹਿਕੇ ਛੁਟਿਆਇਆ ਜਾਂਦਾ ਹੈ ।

ਸਾਰਥਕ ਲੇਖਨ ਬਾਰੇ ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦਾ ਸਾਂ। ਰਾਜਨੀਤੀ ਸੰਸਕ੍ਰਿਤੀ ਦੇ ਧਰਾਤਲ ਤੇ ਵੀ ਮੌਜੂਦ ਹੁੰਦੀ ਹੈ । ਰਾਜਨੀਤਕ ਲੜਾਈ ਦੀ ਬਜਾਇ ਹੁਣ ਸੰਸਕ੍ਰਿਤਕ ਪੱਧਰ ਉਪਰ ਮੁੱਲ-ਚੇਤਨਾ ਵਿਚ ਟੱਕਰ ਉਪਰ ਬਲ ਵਧੇਰੇ ਹੋ ਗਿਆ ਹੈ। ਕਹਿਣਾ ਮੈਂ ਇਹ ਚਾਹੁੰਦਾ ਹਾਂ ਕਿ ਉਤਰਆਧੁਨਿਕਤਾ ਦੇ ਉਭਾਰ ਤੋਂ ਬਾਦ ਸਾਡੇ ਦੇਸ਼ ਵਿਚ ਸਾਰਥਕ ਲੇਖਨ ਦਾ ਮਿਜਾਜ਼ ਵੀ ਬਦਲਿਆ ਹੈ । ਇਸ ਤੋਂ ਇਲਾਂਵਾ ਫੈਂਟਸੀ ਦੇ ਨਾਮ ਉੱਤੇ ਯਥਾਰਥਵਾਦ ਨੂੰ ਅਤੇ ਸਮਾਜਿਕ ਪ੍ਰਤਿਬੱਧਤਾ ਨੂੰ ਨਕਾਰਨ ਵਾਲਾ ਲੇਖਨ ਵੀ ਬਹੁਤ ਹੋ ਰਿਹਾ ਹੈ । ਦੋਨੋਂ ਤਰ੍ਹਾਂ ਦੇ ਲੇਖਨ ਦਾ ਸ਼ਿਲਪ ਦੇ ਧਰਾਤਲ ਤੇ ਬਹੁਤਾ ਅੰਤਰ ਦਿਖਾਈ ਨਹੀਂ ਦਿੰਦਾ ਇਸ ਲਈ ਓਪਰੇ ਤੌਰ ਤੇ ਦੋਨੋਂ ਇਕੋ ਜਿਹੇ ਦਿਖਾਈ ਦੇ ਸਕਦੇ ਹਨ। ਦੋਨੋਂ ਹੀ ਬਿੰਬਾਂ ਤੇ ਫੈਂਟਸੀ ਦਾ ਇਸਤੇਮਾਲ ਕਰਦੇ ਹਨ। ਦੋਨੋਂ ਹੀ ਦਿਖ ਈ ਦਿੰਦੀਆਂ ਚੀਜ਼ਾਂ ਦੀ ਉਧੇੜ ਬੁਣ ਕਰਦੇ ਹਨ। ਪਰੰਤੂ ਦੋਨਾਂ ਵਿਚ ਗੁਣਾਤਮਕ ਅੰਤਰ ਹੈ। ਗੁਣਾਤਮਕ ਅੰਤਰ ਇਸ ਆਧਾਰ ਉਪਰ ਨਿਸ਼ਚਿਤ ਹੁੰਦਾ ਹੈ ਕਿ ਮੌਜੂਦਾ ਪ੍ਰਸਥਿਤੀਆਂ ਪ੍ਰਤਿ ਲੇਖਕ ਦਾ ਆਪਣਾ ਰੁਖ ਕੀ ਹੈ ਅਤੇ ਪਾਠਕ ਦੇ ਮਨ ਵਿਚ ਉਹ ਕਿਸ ਤਰ੍ਹਾਂ ਦੀ ਮਾਨ- ਸਿਕਤਾ ਪੈਦਾ ਕਰਨਾ ਕਾਹੁੰਦਾ ਹੈ ? ਉਹ ਪਾਠਕ ਵਿਚ ਢਾਂਚੇ ਵਿਚ ਫਿਟ ਹੋਣ ਦੀ ਮਾਨਸਿਕਤਾ ਪੈਦਾ ਕਰ ਰਿਹਾ ਹੈ ਜਾਂ ਉਸ ਦੇ ਵਿਰੋਧ ਵਿਚ ਆਪਣੀ ਇਨਸਾਨੀਅਤ ਨੂੰ ਬਚਾਈ ਰੱਖਣਾ ਜ਼ਰੂਰੀ ਸਮਝਣ ਦੀ ਮਾਨਸਿਕਤਾ ਦਾ ਵਿਕਾਸ ਕਰ ਰਿਹਾ ਹੈ ? ਜਿਸ ਤਰ੍ਹਾਂ ਪ੍ਰੇਮ ਚੰਦ ਨੇ ਕਿਹਾ ਹੈ ਕਿ ਸਾਹਿਤ ਸਾਨੂੰ ਸੁਆਏ ਨਾ ਸਗੋਂ ਸਾਨੂੰ ਬੇਚੈਨ ਕਰੇ ।

ਅੱਜ ਦਾ ਜਨਵਾਦੀ-ਪ੍ਰਗਤੀਸ਼ੀਲ ਲੇਖਨ ਵੀ, ਭਾਵੇਂ ਉਹ ਰਾਜਨੀਤਕ ਧਰਾਤਲ ਤੇ ਸਿੱਧੇ- ਸਿੱਧੇ ਵਰਗਾਂ ਦੀ ਟੱਕਰ ਪੇਸ਼ ਨਾ ਕਰਦਾ ਹੋਵੇ ਪਰੰਤੂ ਉਹ ਇਕ ਬੇਚੈਨੀ ਪੈਦਾ ਕਰਦਾ ਹੈ। ਦੂਜੀ ਤਰ੍ਹਾਂ ਦਾ ਉਤਰਆਧੁਨਿਕਤਾਵਾਦੀ ਸਾਹਿਤ ਜੋ ਯਥਾਸਥਿਤੀਵਾਦੀ ਹੈ, ਉਹ ਸਾਨੂੰ ਸੁਆਉਂਦਾ ਹੈ, ਪ੍ਰਾਪਤ ਵਿਚ ਮਜ਼ੇ ਲੈਣ ਦੀ ਪ੍ਰੇਰਣਾ ਦਿੰਦਾ ਹੈ ਤੇ ਸਭ ਠੀਕ ਠਾਕ ਹੋਣ ਦਾ ਭਰਮ ਪੈਦਾ ਕਰਦਾ ਹੈ ।

ਅੰਤ ਵਿਚ ਮੈਂ ਇਹ ਕਹਿਣਾ ਚਾਹਾਂਗਾਂ ਕਿ ਜੇ ਅਸੀਂ ਆਧੁਨਿਕਤਾ- ਆਧੁਨਿਕਤਾਵਾਦ



ਤੇ ਉਤਰਆਧੁਨਿਕਤਾਵਾਦ ਵਿਚ ਏਨੇ ਉਲਝੇ ਰਹੇ ਤਾਂ ਦੂਸਰੀਆਂ ਗੱਲਾਂ ਵਲ ਸਾਡਾ ਧਿਆਨ
ਨਹੀਂ ਜਾਵੇਗਾ । ਇਹ ਚਿੰਤਨ ਬੁਰਜੁਆ ਚਿੰਤਨ ਹੈ। ਇਸ ਲਈ ਇਸ ਵਿਚ ਵਰਗ ਸੰਘਰਸ਼ ਜਾਂ
ਵਰਗ ਵਿਭਾਜਨ ਦੀ ਕੇਂਦਰੀ ਸਚਾਈ ਨੂੰ ਸਾਫ਼-ਸਾਫ਼ ਪਹਿਚਾਣਿਆ ਨਹੀਂ ਜਾਂਦਾ ਬਲਕਿ ਇਸ
ਨੂੰ ਛਪਾਉਣ ਦੀ ਜਾਂ ਨਜ਼ਰ-ਅੰਦਾਜ਼ ਕਰਨ ਦੀ ਪ੍ਰਵਿਰਤੀ ਰਹਿੰਦੀ ਹੈ । ਇਸ ਲਈ ਆਧੁਨਿਕਤਾ
ਹੋਵੇ ਆਧੁਨਿਕਤਾਵਾਦ ਜਾਂ ਉਤਰਆਧੁਨਿਕਤਾਵਾਦ ਇਨ੍ਹਾਂ ਬਾਰੇ ਵਿਚਾਰ-ਵਿਮਰਸ਼ ਸਮੇਂ ਇਨ੍ਹਾਂ
ਦੀ ਪ੍ਰਸੰਗਿਤਾ ਨੂੰ ਪਛਾਣਦੇ ਸਮੇਂ ਵਰਗ ਸੰਘਰਸ਼ ਤੇ ਵਰਗ ਵਿਭਾਜਨ ਦੀ ਸਚਾਈ ਨੂੰ ਵੀ ਧਿਆਨ
ਵਿਚ ਰੱਖਣਾਂ ਚਾਹੀਦਾ ਹੈ । ਇਸ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਉਤਰਆਧੁਨਿਕਤਾਵਾਦ ਤੋਂ
ਮਿਲੀਆਂ ਅੰਤਰ-ਦ੍ਰਿਸ਼ਟੀਆਂ ਦੀ ਉਪਯੋਗਤਾ ਨੂੰ ਪਹਿਚਾਣਕੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ
ਦੀ ਜ਼ਰੂਰਤ ਹਮੇਸ਼ਾਂ ਬਣੀ ਰਹਿੰਦੀ ਹੈ। ਉਤਰਆਧੁਨਿਕਤਾਵਾਦ ਵਿਚ ਵਰਗ ਸੰਘਰਸ਼ ਨੂੰ ਹੀ
ਨਜ਼ਰ-ਅੰਦਾਜ਼ ਨਹੀਂ ਕੀਤਾ ਜਾਦਾ ਬਲਕਿ ਸਾਮੂਹਿਕਤਾ ਨੂੰ ਵੀ ਜਾਂ ਤਾਂ ਪੂਰੀ ਤਰ੍ਹਾਂ ਨਜ਼ਰਅੰਦਾਜ਼
ਕੀਤਾ ਜਾਂਦਾ ਹੈ ਜਾਂ ਫ਼ਿਰ ਥੋੜ੍ਹ ਚਿਰੀ ਸਾਮੂਹਿਕਤਾ ਦੇ ਰੂਪ ਵਿਚ ਇਸ ਦੀ ਪਹਿਚਾਣ ਕੀਤੀ
ਜਾਂਦੀ ਹੈ। ਜੇ ਅਸੀਂ ਇਸ ਤੱਥ ਨੂੰ ਧਿਆਨ ਵਿਚ ਨਹੀਂ ਰੱਖਦੇ ਤਾਂ ਅਸੀਂ ਉਤਰਆਧੁਨਿਕਤਾਵਾਦ
ਦੇ ਭੁਲਾਵੇ ਵਿਚ ਆ ਸਕਦੇ ਹਾਂ । (ਡ: ਓ. ਪੀ. ਗਰੇਵਾਲ 30 ਜੂਨ 97 ਨੂੰ ਅੰਗਰੇਜ਼ੀ ਵਿਭਾਗ
ਕੁਰੁਕਸ਼ੇਤਰ ਤੋਂ ਸੇਵਾ ਮੁਕਤ ਹੋਏ। ਉਹ ਅੰਗਰੇਜ਼ੀ ਦੇ ਅਧਿਆਪਕ ਰਹੇ ਪਰੰਤੂ ਉਨ੍ਹਾਂ ਦੀ ਹਿੰਦੀ
ਆਲੋਚਨਾ ਵਿਚ ਆਪਣੀ ਪਹਿਚਾਣ ਹੈ। ਉਹਨਾਂ ਨਾਲ ਇਹ ਲੰਬੀ ਇੰਟਰਵਿਊ ਹਿੰਦੀ ਵਿਚ
ਟੇਪ ਕੀਤੀ ਗਈ ਸੀ । ਅਨੁਵਾਦ ਸਮੇਂ ਮੂਲ ਸਥਾਪਨਾਵਾਂ ਨੂੰ ਬਿਨਾਂ ਛੇੜੇ ਪੰਜਾਬੀ ਮੁਹਾਵਰਾ
ਲਿਆਉਣ ਦਾ ਯਤਨ ਕੀਤਾ ਗਿਆ ਹੈ । ਡਾ: ਸਾਹਿਬ ਪੰਜਾਬੀ ਬਹੁਤ ਚੰਗੇ ਤਰ੍ਹਾਂ ਸਮਝਦੇ ਹਨ।
ਅੰਤਿਮ ਰੂਪ ਵਿਚ ਉਨ੍ਹਾਂ ਨੂੰ ਦਿਖਾਉਣ ਤੋਂ ਬਾਅਦ, ਪੰਜਾਬੀ ਪਾਠਕਾਂ ਸਾਹਵੇਂ ਪੇਸ਼ ਇਹ
ਇੰਟਰਵਿਊ ਪੰਜਾਬੀ ਵਿਚ ਹੀ ਨਹੀਂ, ਹਿੰਦੀ ਵਿਚ ਵੀ ਬਹੁਤ ਮੁੱਲਵਾਨ ਹੈ। ਇਸ ਲਈ ਹਿੰਦੀ
ਵਿਦਵਾਨਾਂ ਵਲੋਂ ਇਸ ਦੀ ਮੰਗ ਕੀਤੀ ਗਈ ਹੈ । ਉਤਰਆਧੁਨਿਕਤਾਵਾਦ ਦੇ ਤਕਰੀਬਨ ਸਾਰੇ
ਪੱਖਾਂ ਨੂੰ ਇਥੇ ਬੜੀ ਸਪੱਸ਼ਟਤਾ ਨਾਲ ਪੇਸ਼ ਕੀਤਾ ਗਿਆ ਹੈ—ਸੰਪਾਦਕ)

---

## ਪੁਸਤਕ ਪ੍ਰਾਪਤੀ

1. ਕੱਚੀਆਂ ਤੰਦਾਂ (ਕਹਾਣੀਆਂ) ਮੱਖਣ ਕੁਹਾੜ, ਜਨਵਾਦੀ ਪ੍ਰਕਾਸ਼ਨ ਮੰਚ ।
2. ਸਦੀ ਦੀਆਂ ਤਰਕਾਲਾਂ (ਕਵਿਤਾ ਸੰਗ੍ਰਹਿ) ਸੰਪਾਦਕ ਸੁਰਜੀਤ ਪਾਤਰ, ਪੰਜਾਬ ਸਾਹਿਤ ਅਕਾਡਮੀ, ਚੰਡੀਗੜ੍ਹ ।
3. ਪੀਲੂ ਪੱਕੀਆਂ ਨੀ (ਕਵਿਤਾ) ਅਹਿਸਾਨ ਬਾਜਵਾ, ਪੰਜਾਬੀ ਅਕਾਡਮੀ ਗੱਖੜਵਾਦੀ ਪਾਕਿਸਤਾਨ ।
4. ਉਸਤਾਦ ਦਾਮਨ (ਸ਼ਾਇਰੀ ਤੇ ਸ਼ਖ਼ਸੀਅਤ) ਕੰਵਲ ਮੁਸ਼ਤਾਕ, ਸਾਰੰਗ ਪਬਲਿਸਰਜ਼ ਲਾਹੌਰ ।
5. ਤੁਰਨਾ ਮੁਹਾਲ ਹੈ (ਗ਼ਜ਼ਲਾਂ) ਰਾਬਿੰਦਰ ਮਸਰੂਰ, ਈਸਥੈਟਿਕ ਪ੍ਰਕਾਸਨ ਲੁਧਿਆਣਾ ।
6. ਮਿੰਨੀ ਕਹਾਣੀਆਂ (ਸੰਪਾਦਕ ਅਸ਼ਰਫ਼ ਸੁਹੇਲ) ਪੰਖੇਰੂ ਪਬਲਿਸਰਜ਼ ਲਾਹੌਰ (ਪਾਕਿਸਤਾਨ)।

## ਉਦਾਰਵਾਦ ਦੀ ਪਰਿਭਾਸ਼ਾ— ਭਟਕੇ ਹੋਏ ਫੂਕੋਯਾਮਾਂ/ਰਾਮ ਸਨੇਹੀ

(ਫੂਕੋਯਾਮਾ ਦੀ ਚਰਚਿਤ ਪੁਸਤਕ 'ਇਤਿਹਾਸ ਦਾ ਅੰਤ ਅਤੇ ਅੰਤਮ ਮਨੁੱਖ' ਉਦਾਰਵਾਦ ਦੀ ਪਰਿਭਾਸ਼ਾ ਕਰਦੀ ਹੈ ਅਤੇ ਮਾਰਕਸਵਾਦ ਦਾ ਖੰਡਣ । ਇਥੇ ਅਸੀਂ ਇਸ ਕਿਤਾਬ ਦੀ ਆਲੋਚਨਾ ਛਾਪ ਰਹੇ ਹਾਂ ।)

ਅਜੇ ਤੱਕ ਉਦਾਰਵਾਦ ਸਾਬਣ ਦੀ ਇਕ ਗਿੱਲੀ ਟਿੱਕੀ ਦੀ ਤਰ੍ਹਾਂ ਰਿਹਾ ਹੈ । ਜੇ ਇਸ ਨਾਲ ਅਧਿਆਤਮ ਦੀ ਗੱਲ ਕਰੋ ਤਾਂ ਉੱਤਰ ਦਿੰਦਾ ਹੈ ਮੈਂ ਨਾਸਤਿਕ ਹਾਂ । ਜੇ ਪਰਮਾਰਥ ਦੀ ਗੱਲ ਕਰੋ ਤਾਂ ਇਹ ਕਹਿੰਦਾ ਸੀ ਕਿ ਮੈਂ ਵਿਅਕਤੀਵਾਦੀ ਹਾਂ । ਜੇ ਇਸ ਤੋਂ ਗਿਆਨ ਦਾ ਪਤਾ ਪੁੱਛੀਏ ਤਾਂ ਕਹਿੰਦਾ ਹੈ ਕਿ ਮੈਂ ਪਦਾਰਥਵਾਦੀ ਹਾਂ । ਅਤੇ ਅਨੁਭਵ ਤੋਂ ਪਰੇ ਕੁਝ ਵੀ ਪਰਵਾਨ ਨਹੀਂ ਕਰਦਾ ਸੀ । ਉਦਾਰਵਾਦ ਕਿਸੇ ਵੀ ਪ੍ਰਕਾਰ ਦੀ ਵਿਆਪਕ ਵਿਵਸਥਾ ਦਾ ਵਿਰੋਧੀ, ਇਕ ਨਿਹਾਲਾ, ਛੜਾ, ਇਕ ਹੱਦ ਤੇ ਜਾਕੇ ਅੱਖੜ ਅਤੇ ਵਿਨਾਸ਼ਕ ਵਿਅਕਤਿਤਵ ਰਿਹਾ ਹੈ ।

ਪਰ ਅੱਜ ਜਦੋਂ ਵਿਸ਼ਵ-ਉਦਾਰਵਾਦ ਇਹ ਮਹਿਸੂਸ ਕਰਦਾ ਹੈ ਕਿ ਕਮਿਊਨਿਜ਼ਮ ਨੂੰ ਜਨੂਨ ਪੂਰਵਕ ਦਫ਼ਨਾਉਣਾ ਹੈ ਤਾਂ ਇਸ ਨੂੰ ਆਪਣਾ ਇਹ ਨਾਂਹ-ਵਾਚਕ ਰੂਪ ਤਿਆਗਕੇ, ਬੁਧੀ-ਵਾਦੀ ਲਬਾਦਾ ਪਹਿਣਨਾ ਪੈਂਦਾ ਹੈ । ਫੂਕੂਯਾਮਾ ਦੀ ਪੁਸਤਕ **'ਇਤਿਹਾਸ ਦਾ ਅੰਤ ਅਤੇ ਅੰਤਮ ਮਨੁੱਖ'** ਅਮਰੀਕੀ ਫਰੀ ਪ੍ਰੈਸ ਦੁਆਰਾ 1992 ਵਿਚ ਪ੍ਰਕਾਸ਼ਤ ਹੋਈ ਹੈ । 418 ਪੰਨਿਆਂ ਦੀ ਇਸ ਪੁਸਤਕ ਦਾ ਮੁੱਲ 850/- ਰੁਪੈ ਤੋਂ ਜ਼ਿਆਦਾ ਹੈ । ਇਸ ਰਾਹੀਂ ਉਦਾਰਵਾਦ ਪਹਿਲੀ ਵਾਰ ਆਪਣੀ ਪਹਿਚਾਨ ਸਥਾਪਤ ਕਰਨ ਦੇ ਲਈ, ਭਟਕੀਲਾ ਬੁੱਧੀਵਾਦੀ ਲਬਾਦਾ ਪਹਿਣਕੇ ਸਾਮ੍ਹਣੇ ਆਇਆ ਹੈ ।

ਅੰਗਰੇਜ਼ੀ ਆਲੋਚਕਾਂ ਨੇ ਇਸ ਪੁਸਤਕ ਦੇ ਬਾਰੇ ਇਹ ਗਲਤ ਕਿਹਾ ਹੈ ਕਿ ਇਹ ਪੁਸਤਕ ਸੰਭੋਗਤਾਵਾਦ ਦੀ ਸਿਖਰ ਦੀ ਦਲੀਲ ਹੈ । ਸੱਚ ਤਾਂ ਇਹ ਹੈ ਕਿ ਇਹ ਪੇਤਲੇ ਸੰਭੋਗਤਾਵਾਦ ਨਾਲੋਂ ਕਿਤੇ ਬਹੁਤੀ ਡੂੰਘੀ ਹੈ । ਲੇਖਕ ਦੀ ਵਿਚਾਰ ਚਰਚਾ ਓਛੀ ਨਹੀਂ ਹੈ, ਇਸ ਵਿਚ ਵਿਚਾਰਨ ਯੋਗ ਸਾਪੇਖਤਾਵਾਂ ਦਾ ਸੂਖਮ ਵਿਵੇਚਨ ਕੀਤਾ ਗਿਆ ਹੈ । ਪਰੰਤੂ ਇਸ ਪੜਤਾਲ ਦਾ ਭਟਕਾਓ ਇਸ ਗੱਲ ਵਿਚ ਹੈ ਕਿ ਮੰਨੀਆਂ ਪ੍ਰਮੰਨੀਆਂ ਧਾਰਾਵਾਂ ਨੂੰ ਨਵੇਂ ਰੂਪ ਅਥਵਾ ਭਰਿਸ਼ਟ ਢੰਗ ਨਾਲ ਪੇਸ਼ ਕੀਤਾ ਗਿਆ ਹੈ । ਲੇਖਕ ਦੀਆਂ ਦੋ ਮੁਖ ਧਾਰਾਵਾਂ ਹੀ ਇਹਨਾਂ ਤਰੱਟੀਆਂ ਵਿਚ ਫਸੀਆਂ ਹੋਈਆਂ ਹਨ ।

ਉਦਾਰਵਾਦੀ ਜਨਤੰਤਰ ਦੀ ਪੈਰਵੀ ਦੇ ਮਾਮਲੇ ਵਿਚ ਲੇਖਕ ਦੀ ਮੁਖ ਧਾਰਨਾ 'ਵਿਅਕਤੀ ਦੇ ਸਵੈ ਦੀ ਮਾਂਨਤਾ ਹੈ। ਇਸ ਦੇ ਲਈ ਲੇਖਕ ਚੈੱਕ ਰਾਸ਼ਟਰਪਤੀ ਵਾਕਲਾਵ ਹਾਵੇਲ ਦੇ ਹਵਾਲੇ ਨਾਲ ਕਹਿੰਦਾ ਹੈ ਕਿ ਕਮਿਊਨਿਜ਼ਮ ਵਿਚ ਵਿਅਕਤੀ ਦੇ ਸਵੈ ਉਤੇ, ਤਾਨਾਸ਼ਾਹੀ ਦੀ ਜਕੜ ਸੀ । ਲੇਖਕ ਨੇ ਇਹ ਤਰਕ ਦਿੱਤਾ ਹੈ ਕਿ ਅਜਿਹੀਆਂ ਹਾਲਤਾਂ ਵਿਚੋਂ ਨਿਕਲਣ ਦੇ ਲਈ 'ਨੈਤਿਕਤਾ ਦਾ ਬਦਲ' ਚਾਹੀਦਾ ਹੈ ।

ਇਸ ਗੱਲ ਦੀ ਬਹੁਤੀ ਮਹੱਤਤਾ ਨਹੀਂ ਹੈ ਕਿ ਇਹ 'ਬਦਲ' ਵਿਸ਼ਾਲ ਸਹਿਮਤੀ ਤੋਂ ਨਿਆਰਾ ਚਲਣ ਅਰਥਾਤ ਵੱਖਰੀ ਸਮਝ ਦੇ ਪੈਰੋਕਾਰ ਹੋਣ ਦਾ ਹੈ । ਬਹੁਤ ਮਹੱਤਵਪੂਰਨ ਇਹ ਹੈ ਕਿ ਅਜਿਹੇ ਬਦਲ ਦੀ ਅਨੈਤਿਕਤਾ ਨੂੰ ਢਕਣ ਦੇ ਲਈ 'ਨੈਤਿਕਤਾ' ਦਾ ਚੋਲਾ ਪਹਿਨਾਇਆ



ਗਿਆ ਹੈ । ਭਟਕਾ ਇਹ ਹੈ ਕਿ ਜੇਕਰ ਲੋਕ-ਸਹਿਮਤੀ ਦੇ ਬਦਲ ਹੀ ਨੈਤਿਕ ਹੋਣ ਤਾਂ ਫਿਰ ਅਨੈਤਿਕਤਾ ਕਿਹੜੀ ਹੋਈ ?

ਇਹ ਉਸ ਲਈ ਜ਼ਰੂਰੀ ਸੀ ਕਿ ਫੂਕੂਯਾਮਾ ਹਿਟਲਰ-ਸਟਾਲਿਨ ਪਾਲ ਪਾਟ ਨੂੰ ਨਾਲੋ ਨਾਲ ਖੜਾ ਕਰਕੇ, ਅਨੈਤਿਕਤਾ ਦਾ ਇਕ ਰਾਵਣ ਬਣਾਵੇ ਅਤੇ ਫਿਰ ਉਸ ਦੇ ਪੁਤਲੇ ਨੂੰ ਅੱਗ ਲਾ ਕੇ, ਨਵੀਂ ਨੈਤਿਕਤਾ ਦਾ ਸਵਾਂਗ ਰਚੇ ।

ਪਰੰਤੂ ਅੱਜ ਜਦੋਂ ਕਮਿਊਨਿਜ਼ਮ ਦੀ ਕੇ. ਜੇ. ਬੀ. ਯੇਲਤਸਿਨ ਦੇ ਕਬਜ਼ੇ ਵਿਚ ਹੈ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਕੀ ਸਟਾਲਿਨ ਨੇ ਕਦੀ ਕਿਸੇ ਦਾ ਕਤਲ ਕੀਤਾ ਜਾਂ 'ਗੁਲਾਗ' ਵਿਚ ਕਿਹੋ ਜਿਹੇ ਤਸੀਹੇ ਅਥਵਾ ਕਿੰਨੀਆਂ ਮੌਤਾਂ ਹੋਈਆਂ ? ਘਟੋ ਘਟ ਸੋਲ਼ਜ਼ੇਨਿਤਸਨ ਦੀ

(ਇਥੇ ਲੋਕ ਸਹਿਮਤੀ ਦਾ ਅਰਥ ਗੁੰਮਰਾਹ ਕੀਤੇ ਹੋਏ ਲੋਕਾਂ ਦੀ ਸਹਿਮਤੀ ਤੋਂ ਹੈ ਜਿਵੇਂ ਖਾਲਸਤਾਨੀ ਲਹਿਰ ਸਮੇਂ ਤੇ ਬਾਬਰੀ ਮਸਜਦ ਢਾਉਣ ਸਮੇਂ—ਅਨੁਵਾਦਕ)

ਪੁਸਤਕ ਵਿਚ ਤਾਂ ਇਕ ਵੀ ਤਸੀਹੇ ਦੇਣ ਜਾ ਮੌਤ ਦਾ ਜ਼ਿਕਰ ਨਹੀਂ ਹੈ । ਗੂਲਾਗ ਦੀ ਜੋ ਤਸਵੀਰ ਸੋਲਜ਼ਨਿਤਸਨ ਨੇ ਪੇਸ਼ ਕੀਤੀ ਸੀ ਉਸ ਵਿਚ ਆਮ ਕਰਕੇ ਸਰਕਸ ਅਪਰਾਧੀ ਹੀ ਸਨ ।

ਰਹੀ ਪਾਲ ਪਾਟ ਦੀ ਕਤਲੋਗਾਰਤਾ । ਅਮਰੀਕਨ ਸੰਸਦ ਦੀ ਸੂਚਨਾ ਸੇਵਾ ਨੇ 1986 ਵਿਚ ਇਹ ਪ੍ਰਕਾਸ਼ਤ ਕੀਤਾ ਕਿ ਅਮਰੀਕਾ ਨੇ ਸਿੱਧੇ ਪਾਲ ਪਾਟ ਨੂੰ ਢਾਈ ਅਰਬ ਰੁਪਏ ਦੀ ਸਹਾਇਤਾ ਦਿਤੀ । ਫੂਕੂਯਾਮਾ ਦੁਆਰਾ 'ਸਤਿਕਾਰਤ' ਵਿਦਵਾਨ ਬ੍ਰਜ਼ੇਸਕੀ ਨੇ ਇਹ ਮੰਨਿਆ ਹੈ ਕਿ ਅਸੀਂ ਚੀਨ ਰਾਹੀਂ ਪਾਲ ਪਾਟ ਦੀ ਸਹਾਇਤਾ ਕੀਤੀ ਸੀ । ਅਮਰੀਕੀ ਬੰਬਾਰਾਂ ਦੁਆਰਾ ਸੁੱਟੇ ਗਏ 5 ਲੱਖ ਟਨ ਬੰਬਾਂ ਨਾਲ 6 ਲੱਖ ਕੰਬੋਡੀਆਈ ਲੋਕ ਮਾਰੇ ਗਏ । 1975-1979 ਤਕ ਪਾਲ ਪਾਟ ਦੀ ਸਰਕਾਰ ਨੇ ਭਿਆਨਕ ਕਤਲਾਮ ਕੀਤੇ । ਪਰੰਤੂ ਜਦੋਂ 1979 ਵਿਚ ਵੀਅਤਨਾਮ ਨੇ ਪਾਲ ਪਾਟ ਨੂੰ ਗੱਦੀਉਂ ਲਾਹ ਦਿੱਤਾ ਤਾਂ ਅਮਰੀਕਾ ਅਤੇ ਦੁਨੀਆਂ ਭਰ ਦੇ ਸਾਰੇ ਉਦਾਰਵਾਦੀ ਜਨਤੰਤਰਾ ਨੇ ਪਾਲ ਪਾਟ ਦੀ ਸਰਕਾਰ ਨੂੰ ਮਾਨਤਾ ਦੇਣ ਦਾ ਐਲਾਨ ਕਰ ਦਿੱਤਾ ਅਤੇ ਸੰਯੁਕਤ ਰਾਸ਼ਟਰ ਸੰਘ ਵਿਚ ਕੰਬੋਡੀਆ ਦੇ ਪ੍ਰਤੀਨਿਧੀ ਨੂੰ ਬਿਠਾਲ ਦਿੱਤਾ । ਇਕ ਵੀ ਉਦਾਰਵਾਦੀ ਜਨਤੰਤਰ ਨੇ ਪਾਲ ਪਾਟ ਦੇ ਪ੍ਰਤੀਨਿਧ ਨਾਲ ਨਫ਼ਰਤ ਨਹੀਂ ਕੀਤੀ । ਅਜ ਵੀ ਕੰਬੋਡੀਆਈ ਬੱਚੇ ਅਤੇ ਕਿਸਾਨ ਅਮਰੀਕੀ ਸ਼ਹਿ ਤੇ ਵਿਛਾਈਆਂ 'ਬਾਰੂਦੀ ਸੁਰੰਗਾਂ' ਦੇ ਫਟਣ ਨਾਲ ਮਰ ਰਹੇ ਹਨ । ਸਟੇਟ ਡਿਪਾਰਟਮੇਂਟ ਵਿਚ ਡਰਾਇਵਰ ਰਹਿ ਚੁੱਕੇ ਫੂਕੂਯਾਮਾ ਨੂੰ ਇਸ ਸਾਰੇ ਬਿਰਤਾਂਤ ਦਾ ਪਤਾ ਹੈ ।

ਉਸ ਤੋਂ ਜ਼ਿਆਦਾ ਮਹੱਤਵਪੂਰਨ ਫੂਕੂਯਾਮਾ ਵਲੋਂ ਨਿਤਸ਼ੇ ਦੇ ਉਹਨਾਂ ਸਿਧਾਂਤਾਂ ਦੀ ਪੁਸ਼ਟੀ ਕਰਨਾ ਹੈ ਜਿਨ੍ਹਾਂ ਤੋਂ ਪਰੇਰਤ ਹੋਕੇ ਫ਼ਾਸ਼ੀਵਾਦ ਨੇ ਦੂਜੇ ਸੰਸਾਰ ਯੁੱਧ ਵਿਚ ਚਾਰ ਕਰੋੜ ਤੋਂ ਬਹੁਤੇ ਲੋਕਾਂ ਦੀ ਜਾਨ ਲੇ ਲਈ ਸੀ । ਆਤਮ-ਸਰੇਸ਼ਟਤਾ ਦੇ ਅਸਰ ਹੇਠ ਵਿਅਕਤੀ ਦੁਆਰਾ, ਜਨਤਾ ਤੋਂ ਵੱਖ ਰਹਿਕੇ ਜਨਤਾ ਉਪਰ ਹਕੂਮਤ ਕਰਨਾ, ਨਿਤਸ਼ੇ ਦੀ ਵਿਚਾਰਧਾਰਾਂ ਦਾ ਨਿਚੋੜ ਹੈ । ਸਾਡਾ ਇਹ ਵਿਚਾਰ ਨਹੀਂ ਹੈ ਕਿ ਨਿਤਸ਼ੇ ਵਰਗੇ ਦਾਰਸ਼ਨਿਕਾਂ ਦੀਆਂ ਲਿਖਤਾਂ ਨੂੰ ਪੜ੍ਹਨਾ ਜਾਂ ਉਹਨਾਂ ਉਪਰ ਵਿਚਾਰ ਨਹੀਂ ਕਰਨਾ ਚਾਹੀਦਾ । ਪਰੰਤੂ ਅਨੁਭਵ ਦੇ ਆਧਾਰ ਉਤੇ ਇਹ ਜ਼ਰੂਰ ਆਸ਼ਾ ਕੀਤੀ ਜਾਂਦੀ ਹੈ ਕਿ ਘੱਟੋ ਘੱਟ ਨਵੀਆਂ ਪੀੜ੍ਹੀਆਂ ਨੂੰ ਇਸ ਦਰਸ਼ਨ ਤੋਂ ਸਾਵਧਾਨ ਕੀਤਾ

ਜਾਣਾ ਚਾਹੀਦਾ ਹੈ । ਹੇਠਾਂ ਅਸੀਂ ਵਿਚਾਰਾਂਗੇ ਕਿ ਵਿਦਵਾਨ ਫੂਕੂਯਾਮਾ ਇਸ ਜ਼ਿੰਮੇਵਾਰੀ ਨੂੰ ਕਿਥੋਂ ਤਕ ਨਿਭਾਉਂਦਾ ਹੈ।

ਇਸ ਦੇ ਲਈ ਫੂਕੂਯਾਮਾ ਹਿਟਲਰ ਦੇ ਦੂਜੇ ਮਨਚਾਹੇ ਦਾਰਸ਼ਨਿਕ ਹੇਗੇਲ ਨੂੰ ਅੱਗੇ ਲਿਆਉਂਦਾ ਹੈ। [ਕਾਰਲ ਮਾਰਕਸ ਨੇ ਹੇਗੇਲ ਦੇ ਦਵੰਦਆਤਮਿਕ ਤਰਕ ਨੂੰ ਉਲਟਾਕੇ, ਸਿਰ ਭਾਰ ਖੜੇ ਨੂੰ, ਪੈਰਾਂ ਤੇ ਖੜਾ ਕਰ ਦਿੱਤਾ ਸੀ] ਹੇਗੇਲ ਦੀ ਰਾਜਨੀਤੀ ਦਾ ਤੱਤ ਮਨੁੱਖ ਦੀ 'ਹੋਂਦ ਦੀ ਮਾਨਤਾ'ਸੀ। ਹੇਗੇਲ ਦਾ ਮੱਤ ਸੀ ਕਿ ਮਨੁੱਖ ਸਾਰੇ ਸੁੱਖਾਂ ਦੇ ਬਾਵਜੂਦ, ਬਿਨਾ ਆਪਣੇ ਸਵੈਮਾਨ ਦੀ ਮਾਨਤਾਂ ਦੇ ਸੁਖੀ ਨਹੀਂ ਹੁੰਦਾ । ਇਸ ਦੇ ਲਈ ਮਨੁੱਖ ਹੱਤਿਆਂ ਅਤੇ ਵਿਨਾਸ਼ ਤਕ ਚਲਿਆ ਜਾਂਦਾ ਹੈ । ਮੁਕਦੀ ਗੱਲ ਕਿ ਹੇਗੇਲ ਦਾ ਨਿਚੋੜ ਇਹ ਸੀ ਕਿ ਸਭ ਨੂੰ ਅਧਿਕਾਰ ਅਤੇ ਹੋਂਦ ਬਖਸ਼ਣ ਵਾਲੀ ਜਨਤੰਤਰਿਕ ਵਿਵਸਥਾ ਵਧ ਤੋਂ ਵਧ ਸੰਤੋਖ ਦੇ ਸਕਦੀ ਹੈ ।

ਹੇਗੇਲ ਦੀ ਜੰਗਜੂ ਤਾਤਵਿਕਤਾ ਨੂੰ ਹੋਰ ਚਮਕਾਉਣ ਲਈ ਫੂਕੂਯਾਮਾ ਸ੍ਰੀਮਾਨ, ਅਫਲਾਤੂਨ-ਸੁਕਰਾਤ ਤਾਈਂ ਜਾਂਦੇ ਹਨ । ਸੁਕਰਾਤ ਨੇ ਇਕ ਥਾਂ ਕਿਹਾ ਹੈ ਕਿ ਆਤਮਾ ਵਿਚ ਤਿੰਨ ਕੋਹੜ ਹੁੰਦੇ ਹਨ : ਇੱਛਾ, ਤਰਕ ਅਤੇ 'ਥਾਈਮੋਸ'[1] ਦੇ ਕੋਹੜ । ਮਨੁੱਖ ਇੱਛਾ ਦੀ ਜੁਗਤ ਪੂਰਨ ਪੂਰਤੀ ਨਾਲ ਹੀ ਨਹੀਂ ਫਲਦਾ ਹੁੰਦਾ । ਉਹ 'ਥਾਈਮੋਸ' ਦੇ ਰਾਹੀਂ ਹੋਛੇਪਨ ਨੂੰ ਫ਼ਟਕਾਰਦਾ ਵੀ ਹੈ ਅਤੇ ਉਸੇ ਕੰਮ ਵਿਚ ਦੁਸ਼ਮਣੀਆਂ ਨੂੰ ਸਹੇੜਦਾ ਹੈ । ਥਾਈਮੋਸ ਨਿਆਂ ਦਾ ਆਸਣ ਹੈ । ਰਾਜਨੀਤੀ ਥਾਈਮੋਸ ਦੀ ਗਤੀਵਾਨਤਾ ਹੈ ।

ਫੂਕੂਯਾਮਾ ਨੂੰ ਰੂਸੋ ਦੀ ਇਸ ਧਾਰਨਾ ਦਾ ਪਤਾ ਹੈ ਕਿ ਥਾਈਮੋਸ ਈਰਖਾ ਦੀ ਵੀ ਜੜ ਹੁੰਦੀ ਹੈ ਅਤੇ ਹੇਗੇਲ ਦਾ ਇਹ ਕਥਨ ਵੀ, ਕਿ ਕਰਮ ਮਨੁੱਖ ਦੀ ਲੁਕੀ ਥਾਈਮੋਸ ਨੂੰ ਮੁੜ ਜਨਮ ਦਿੰਦਾ ਹੈ। ਦਮਨ ਨਾਲ ਥਾਈਮੋਸ ਲੁਪਤ ਹੋ ਜਾਂਦਾ ਹੈ, ਅਤੇ ਕੰਮ ਵਿਚ ਲੱਗਣ ਨਾਲ ਮੁੜ ਤੋਂ ਪਰਗਟ ਹੋ ਜਾਦਾ ਹੈ । ਪ੍ਰੰਤੂ ਫੂਕੂਯਾਮਾ ਨੂੰ ਤਾਂ ਥਾਈਮੋਸ ਦੇ ਉਸ ਪਾਸੇ ਦੀ ਹੀ ਲੋੜ ਹੈ ਜੋ ਉਸਦਾ ਮਨਚਾਹਿਆ ਮੁੱਲ ਪਾ ਕੇ ਆਪਣੇ ਮਨਸ਼ਿਆਂ ਦੀ ਪਾਲਣਾ ਕਰਵਾਉਣ ਦੇ ਲਈ, ਦਵੰਦ ਜਾਂ ਤਲਵਾਰ ਨੂੰ ਹੀ ਭਾਸ਼ਾ ਸਮਝਦਾ ਹੈ । ਏਸੇ ਲਈ ਉਹ ਬਾਰ ਬਾਰ ਨਿਤਸ਼ੇ ਵੱਲ ਦੌੜਦਾ ਹੈ ।

ਆਪਣੀ ਮੰਤਵ-ਸਿੱਧੀ ਦੇ ਲਈ ਫੂਕੂਯਾਮਾ ਜਾਣੇ ਜਾਂ ਅਣਜਾਣੇ, ਅਨਰਥ ਵੀ ਕਰ ਦਿਦਾ ਹੈ । ਉਸ ਦੀ ਅੱਧਿਉਂ ਵੱਧ ਕਿਤਾਬ ਇਸ ਦਾਵੇ ਨਾਲ ਹੀ ਭਰੀ ਪਈ ਹੈ ਕਿ ਉਦਾਰਵਾਦੀ ਜਨ-ਤੰਤਰ, ਫ਼ਰਾਂਸੀਸੀ ਕਰਾਂਤੀ (1799) ਦੁਆਰਾ ਨਿਰਧਾਰਤ ਕੀਤੀ ਸੁਤੰਤਰਤਾ ਤੇ ਬਰਾਬਰਤਾ ਦੇ ਸਿਧਾਂਤਾਂ ਤੇ ਖੜਾ ਹੈ । ਪਤਾ ਨਹੀਂ ਉਸ ਨੇ ਕਿਉਂ ਫਰਾਂਸੀਸੀ ਕਰਾਂਤੀ ਦਾ ਤੀਜਾ ਸਿਧਾਂਤ 'ਭਰਾ-ਤਰਤਾ' ਵਿਸਾਰ ਹੀ ਦਿੱਤਾ । ਉਸ ਦੀ ਪੂਰੀ ਕਿਤਾਬ ਵਿੱਚ ਇਸ ਸ਼ਬਦ ਦਾ ਜ਼ਿਕਰ ਤੱਕ ਨਹੀਂ ਹੈ।

ਉਸ ਤੋਂ ਅਜਿਹੀ ਭੁੱਲ ਅਚਾਨਕ ਨਹੀਂ ਹੋਈ । ਜਦੋਂ ਉਹ 'ਹਬਾਸ' ਤੇ 'ਲਾਕ' ਜਿਨ੍ਹਾਂ ਨੇ ਵੀ ਸਿਰਫ ਸੁਤੰਤਰਤਾ ਅਤੇ ਬਰਾਬਰਤਾ ਉਪਰ ਜ਼ੋਰ ਦਿੱਤਾ ਸੀ, ਨੂੰ ਗਵਾਹੀ ਲਈ ਲਿਆਉਂਦਾ ਹੈ ਤਾਂ ਇਸ ਮੂਲ ਤੱਥ ਨੂੰ ਵਿਸਰਾ ਦਿੰਦਾ ਹੈ ਕਿ 'ਲਾਕ' ਦੇ ਰਾਜਨੀਤਕ ਸਿਧਾਂਤ ਦਾ ਉਦੇਸ਼ ਹੀ

---

(1) 'ਥਾਈਮੋਸ' ਛਾਤੀ ਦੇ ਉਪਰ ਤੇ ਗਲ ਦੇ ਹੇਠਾਂ ਦਾ ਇਕ ਗਲੈਂਡ ਹੈ ਜੋ ਜੁਆਨੀ ਵਿੱਚ ਅਲੋਪ ਹੋ ਜਾਂਦਾ ਹੈ । ਇਸ ਦੇ ਕਈ ਕਾਰਜ ਹਨ । (ਅਨੁ:)



ਰਾਜਸੱਤਾ ਦੁਆਰਾ ਈਮਾਨਦਾਰੀ ਨਾਲ ਕਮਾਈ ਗਈ ਸੰਪਤੀ ਦੀ ਰੱਖਿਆ ਅਤੇ ਸਭਨਾਂ ਦੇ ਵਿਕਾਸ ਦਾ ਉਦੇਸ਼ ਸੀ । ਲਾਕ ਸੱਦਾ ਦਿੰਦਾ ਹੈ ਕਿ ਜੇ ਰਾਜਸੱਤਾ ਅਜਿਹਾ ਕਰਨੋ ਮੁਨਕਰ ਹੋਵੇ ਤਾਂ ਉਸਨੂੰ ਉਲਟਾ ਦੇਣਾ ਚਾਹੀਦਾ ਹੈ । ਇਹਨਾਂ ਵਿਚਾਰਵਾਨਾਂ ਦੇ ਸ਼ਾਗਿਰਦ, ਐਡਮ ਸਮਿੱਥ ਅਤੇ ਰਿਕਾਰਡੋ ਨੇ ਮਿਹਨਤ ਨੂੰ ਭਰਾਤਰਤਾ ਦਾ ਵਿਸਤਾਰ ਮੰਨਿਆ ਹੈ ।

ਮਾਰਕਸ ਨੇ ਵੀ ਮਿਹਨਤ ਨੂੰ ਹੀ ਮੁੱਲ ਦਾ ਸਿਧਾਂਤ ਮੰਨ ਕੇ ਕਮਿਊਨਿਜਮ ਦਾ ਪੱਖ ਪੂਰਿਆਂ। ਉਹਨਾਂ ਦਾ ਮੱਤ ਸੀ ਕਿ ਸਮਾਜਿਕਤਾ ਦੇ ਅੰਦਰ ਲੁਕੀਆਂ ਮਿਹਨਤ ਪ੍ਰਣਾਲੀਆਂ ਨਵੀਆਂ ਕਾਢਾਂ ਦੇ ਕਾਰਨ ਪ੍ਰਗਟ ਹੋ ਕੇ ਵਾਧੂ ਉਤਪਾਦਨ ਨੂੰ ਜਨਮ ਦਿੰਦੀਆਂ ਹਨ । ਥੋੜਿਆਂ ਜਿਹਿਆਂ ਦੀ ਸ਼ਾਨ ਸ਼ੌਕਤ ਨੂੰ (ਪੂੰਜੀਵਾਦ ਦੇ) ਵਿਸ਼ਾਲ ਜਨਤਾ ਦੀ ਲੁਟ ਤੇ ਦਮਨ ਨੂੰ ਚੰਗੇਰੇ ਭਵਿੱਖ ਦਾ ਆਧਾਰ ਦੱਸਣਾ ਨਿਰਾ ਧੋਖਾ ਹੈ । ਵਾਧੂ ਉਤਪਾਦਨ ਸਭ ਦੇ ਜੀਵਨ-ਪੱਧਰ ਤੇ ਸਮਾਜ ਦੇ ਵਿਕਾਸ ਵਿਚ ਸਹਿਯੋਗੀ ਹੋਵੇ, ਇਸ ਲਈ ਉਤਪਾਦਨ ਦੀ ਉਚੀ ਦਰ ਅਤੇ ਪੂਰੀ ਦੁਨੀਆਂ ਵਿਚ ਕਮਿਊਨਿਸਟ ਰਾਜਨੀਤਕ ਵਿਵਸਥਾ ਇਕ ਦਿਨ ਲਾਜ਼ਮੀ ਹੋਵੇਗੀ । ('ਜਰਮਨ ਆਈ ਡਿਆਲੋਜੀ' ਕਾਰਲ ਮਾਰਕਸ 1846) ।

ਫੂਕੂਯਾਮਾ ਦਾ ਕਥਨ ਹੈ ਕਿ ਅਮਰੀਕਾ ਵਿਚ ਉਤਪਾਦਿਕਤਾ ਸਿਖਰਾਂ ਤੇ ਪੁੱਜ ਗਈ ਹੈ । ਭਰਾਤਰਤਾ ਜਾਂ ਵਰਗਹੀਣ ਸਮਾਜ ਦੇ ਸੰਬੰਧ ਵਿਚ ਉਹ ਸੱਜੇ-ਖੱਬੇ ਝਾਕਦਾ ਹੈ । ਇਹ ਝੂਠਾ ਵਿਵਾਦ ਤਾਂ ਉਹ ਕਰਦਾ ਹੈ ਕਿ 1990 ਵਿਚ ਸੋਵੀਅਤ ਸੰਘ ਵਿਚ 'ਨਿਪਟ' ਗਰੀਬੀ ਸੀ । ਭਲਾ ਉਹ ਸਮਾਜ ਜਿਥੇ ਹਰ ਇਕ ਕੋਲ ਰੁਜ਼ਗਾਰ, ਮੁਫਤ ਵਿਦਿਆ ਤੇ ਇਲਾਜ, ਸਸਤੀ ਆਵਾਜਾਈ, ਮਨੋ-ਰੰਜਨ ਤੇ ਖਾਧ ਖੁਰਾਕ ਤੇ ਕੀਮਤਾਂ ਵਿਚ ਵਾਸਤਵਿਕ ਸਥਿਰਤਾ ਸੀ, ਵਿਚ 'ਨਿਪਟ' ਗਰੀਬੀ ਕਿਹੜੀ ਹੋਈ ? ਉਸ ਗਰੀਬੀ ਦੀ ਹਾਲਤ ਅੱਜ ਦੀ ਪੂੰਜੀਵਾਦੀ ਦੁਨੀਆਂ ਦੇ ਇਕ ਖਰਬ ਬੇਕਾਰਾਂ ਨਾਲੋਂ ਤਾਂ ਚੰਗੀ ਹੀ ਹੋਵੇਗੀ ।

ਫੂਕੂਯਾਮਾ ਦਾ ਨਿਸ਼ਾਨਾ ਦੂਸਰਾ ਹੈ । ਉਹ ਉਦਾਰਵਾਦ ਦੀ ਪਰਿਭਾਸ਼ਾ ਤਾਂ ਕਰਨਾ ਚਾਹੁੰਦਾ ਹੈ ਪਰ ਸੱਚਾਈ ਉਤੇ ਨਹੀਂ ਆਉਣਾ ਚਾਹੁੰਦਾ । ਅਸਲ ਵਿਚ ਉਦਾਰਵਾਦ 'ਆਈਡਿਓਲਜੀ' ਦਾ ਵਿਰੋਧੀ ਹੈ । ਜੇਕਰ 'ਆਈਡਿਓਲਜੀ' ਦੀ ਵੀ ਚੁਸਤ ਪ੍ਰੀਭਾਸ਼ਾ ਨਾ ਕੀਤੀ ਗਈ ਹੋਵੇ । ਇਸਦਾ ਪੰਜਾਬੀ ਅਨੁਵਾਦ 'ਵਿਚਾਰਕਤਾ' ਜਾਂ ਵਿਚਾਰਧਾਰਾ' ਏਸੇ ਕਾਰਨ ਹੀ ਅਸਪਸ਼ਟ ਹੈ । ਪਰ 'ਆਈ-ਡਿਆਲਜੋ' ਦੇ ਇੰਨੇ ਅਰਥ ਤਾਂ ਨਿਸਚਤ ਹਨ ਕਿ ਇਸਨੂੰ ਨਿਰੋਲ ਮਾਨਵਤਾ ਦੇ ਨਿਆਂ ਦੀ ਚਿੰਤਾ ਹੈ ਅਤੇ ਆਪਣੇ ਅਮਲ ਵਿਚ ਉਹਨਾਂ ਰਾਹਾਂ ਨੂੰ ਖਾਰਜ ਕਰਦੀ ਹੈ ਜਿਸ ਵਿਚ ਬਿਨਾਂ ਬਹੁਤਾਤ ਦੀ ਸਿੱਧੀ ਭਾਗੀਦਾਰੀ ਖੁਦ ਆਪਣੀ ਕਿਸਮਤ ਆਪਣੇ ਹੱਥੀਂ ਬਣਾਉਣ ਦੇ ਸੰਕਲਪ ਦੇ ਨਿਆਂ ਦੀ ਉਹ ਦੂਰ ਦੀ ਚਮਤ ਚਮਕ ਹੁੰਦੀ ਹੈ ਜੋ ਲੰਬੇ ਤੇ ਗੁੰਝਲਦਾਰ ਰਾਹਾਂ ਥਾਂਣੀ ਲੰਘ ਲਹੂ-ਲੁਹਾਣ ਹੋਕੇ. ਮਰ ਖਪ ਕੇ ਵੀ ਮਿਲੇਗਾ ਵੀ ਜਾਂ ਨਹੀਂ, ਜਾਣ ਸਕਣਾ ਅਸੰਭਵ ਹੁੰਦਾ ਹੈ । ਪ੍ਰੰਤੂ ਇੰਨਾ ਤਾਂ ਨਿਸ-ਚਤ ਹੈ ਕਿ ਅਧਿਕ ਮਰ ਖਪਣ ਦੇ ਰਾਹ ਲਾਜ਼ਮੀ ਥੋਥੀ 'ਆਈਡਿਓਲਜੀ' ਦੇ ਹੁੰਦੇ ਹਨ ਅਤੇ ਹਮੇਸ਼ਾ ਹੀ ਧਨੀ ਹਾਕਮਾਂ ਦੀ ਸਾਜਿਸ਼ ਹੁੰਦੇ ਹਨ । ਏਸੇ ਕਾਰਨ ਉਦਾਰਵਾਦੀ ਵਿਚਾਰਕ ਪੂੰਜੀਵਾਦ ਦੀ ਸਥਾਪਨਾ ਲਈ ਪੰਜ ਕਰੋੜ ਕੁਰਬਾਨ ਹੋਏ ਮਿਰਤਕਾਂ ਨੂੰ ਡਕਾਰ ਜਾਂਦੇ ਹਨ । (ਗਿਣਤੀ : ਡਵ-ਲਯੂ ਜ਼ੈਡ. ਫਾਸਟਰ) ਅਤੇ ਸਮਾਜਵਾਦ ਦੀ ਸਥਾਪਨਾ ਵਿਚ ਮੋਇਆਂ ਦੀ ਗਿਣਤੀ ਵਧਾ ਚੜ੍ਹਾਕੇ ਦਸਦੇ ਹਨ । ਆਂਈਡਿਆਲੋਜੀ ਵਿਸ਼ਾਲ ਜਨਤਾ ਦੀ ਤਬਦੀਲੀ ਦੀ ਇੱਛਾ ਨੂੰ ਭਾਗੀਦਾਰੀ ਵਿਚ ਬਦਲ ਕੇ, ਪਰਿਵਰਤਨ ਕਰਨਾ ਚਾਹੁੰਦੀ ਹੈ । ਇਸ ਵਿਚ ਇਹੋ ਹੀ ਨਹੀਂ ਕਿ ਮਾਰ ਧਾੜ ਨਹੀਂ

ਹੁੰਦੀ ਸਗੋਂ ਅਜਿਹਾ ਜਾਣ ਬੁੱਝ ਕੇ ਵੀ ਘਟ ਹੀ ਕੀਤਾ ਜਾਂਦਾ ਹੈ। ਇਸ ਲਈ ਆਈਡਿਆਲੋਜੀ ਵਿਸ਼ਾਲ ਜਨਤਾ ਦੀ ਚੇਤਨਾ ਨੂੰ ਸਮਾਨਾਂਤਰ ਬਣਾ ਕੇ ਘੱਟੋ ਘੱਟ ਪਰਿਵਰਤਨ ਤਾਂ ਲਿਆਉਂਦੀ ਹੈ।

ਇਸ ਲਈ ਉਦਾਰਵਾਦ ਦੀ ਆਈਡਿਆਲੋਜੀ ਅਤੇ ਮਨੁੱਖ ਦੀ ਸਮਾਂਨਾਂਤਰਤਾ ਨਾਲ ਵੈਰ ਹੈ। ਏਸੇ ਲਈ ਫੁਕੂਯਾਮਾ ਨੂੰ ਫਰਾਂਸੀਸੀ 1989 ਦੇ ਬੈਨਰ ਵਿਚ (ਜਦੋਂ ਸਮਾਜਵਾਦ ਢਹਿ ਢੇਰੀ ਹੋਇਆ : ਅਨੁ) ਮੋਟੇ ਅੱਖਰਾਂ ਵਿਚ ਲਿਖਦਾ ਹੈ 'ਭਰਾਤਰਤਾ' ਨਜ਼ਰ ਨਹੀਂ ਆਉਂਦੀ। ਇਸ ਲਈ ਇਹੋ ਨਹੀਂ ਕਿ ਲੋਕਾਂ ਦੀ ਸਮਝ ਨਾਲੋਂ ਵੱਖ ਚਲਣ ਵਾਲਾ ਉਹਨਾਂ ਨੂੰ 'ਨੈਤਿਕ ਪਰਕਰਣ ਦਾ ਬਦਲ' ਜਾਪਦਾ ਹੈ ਸਗੋਂ ਕਿਸੇ ਵੀ ਤਰ੍ਹਾਂ ਦੀ ਸਹਿਮਤੀ ਦਾ ਰਾਜ ਉਹਨਾਂ ਨੂੰ ਗੈਰ ਕਾਨੂੰਨੀ ਜਾਪਦਾ ਹੈ। ਪ੍ਰੰਤੂ ਅਜੇ ਅਸੀਂ ਇਸ ਪਾਸੇ ਨਹੀਂ ਜਾਣਾ।

ਅਤਿਅੰਤ ਡੂੰਘੇ ਸਿਧਾਂਤਿਕ ਪੱਧਰ ਉਤੇ, ਫੁਕੂਯਾਮਾ ਵਿਅਕਤੀਗਤ ਸੁਤੰਤਰਤਾ ਨੂੰ ਇੰਨੀ ਮੌਲਕ ਬਣਾ ਦਿੰਦਾ ਹੈ ਕਿ ਪਰਿਵਾਰਕ ਨੇੜਤਾ ਦਾ ਬੰਧੇਜ ਵੀ ਉਸ ਵਿਚ ਵਿਘਨ ਮੰਨਿਆ ਗਿਆ ਹੈ। ਇਸ ਤਰ੍ਹਾਂ ਦੇ ਲੋਕਾਂ ਨੂੰ ਉਹ ਸਮਾਨਤਾ ਦੇਣੀ ਚਾਹੁੰਦਾ ਹੈ। ਭਲਾ ਦਸੋ, ਜੇਕਰ ਪਤੀ-ਪਤਨੀ ਵਿਆਹ-ਬੰਧਨ ਦੇ ਬੰਧਨ ਵਿਚ ਬੱਝੇ ਨਾ ਹੋਣ ਤਾਂ ਮਰਦ ਅਤੇ ਇਸਤਰੀ ਤਾਂ ਪ੍ਰਕਿਰਤੀ ਪੱਖੋਂ ਵੀ ਬਰਾਬਰ ਨਹੀਂ ਹਨ। ਮਨੁੱਖਾਂ ਦੇ ਅੰਦਰ ਸਮਾਨਤਾ ਕੇਵਲ ਸੰਸਥਾਵਾਂ ਦੁਆਰਾ ਹੀ ਸੰਭਵ ਹੈ। ਫੁਕੂਯਾਮਾ ਕੇਵਲ ਅੱਡਰੀ. ਸੰਸਥਾ-ਵਹੀਨ ਸਮਾਨਤਾ ਮੰਨਦਾ ਹੈ ਜੋ ਸਿਰਫ ਇਕ ਪਰਪੰਚ ਹੀ ਹੁੰਦੀ ਹੈ।

ਫੁਕੂਯਾਮਾ ਦੇ ਵਿਦੇਸ਼ ਨੀਤੀ ਅਤੇ ਵਿਸ਼ਵ ਵਪਾਰ ਦੀ ਏਕਤਾ ਸੰਬੰਧੀ ਵਿਚਾਰ ਇਕ ਯੁੱਧ-ਰਹਿਤ ਸੰਸਾਰ ਦੇ ਵਿਕਾਸ ਦੀ ਦਿਸ਼ਾ ਦੇ ਲਖਾਇਕ ਹਨ। ਪਰ ਉਨ੍ਹਾਂ ਦੇ ਅੱਡਰੀ ਸਮਾਨਤਾ ਦੇ ਘਟਗਿਣਤੀ ਰਾਜਾਂ (ਕਿਉਂਕਿ ਉਹ ਦੋ ਤੋਂ ਘਟ ਉਮੀਦਵਾਰਾਂ ਵਾਲੀ ਚੋਣ ਨੂੰ ਦਰੁਸਤ ਨਹੀਂ ਮੰਨਦਾ) ਵਿਚ ਜੋ ਪਾੜਾ ਰਹਿੰਦਾ ਹੈ ਉਸ ਵਿਚ ਸ਼ਕਤੀਸ਼ਾਲੀ ਬਣਿਆ ਕੋਈ ਚਤਰ ਰਾਜਨੀਤੀਵਾਨ ਕਦੇ ਵੀ ਹਿਟਲਰ ਵਾਂਗੂ ਪੈਦਾ ਹੋ ਕੇ, ਜੰਗੀ ਮਸ਼ੀਨਰੀ ਉਤੇ ਕਾਬਜ਼ ਹੋ ਸਕਦਾ ਹੈ।

ਇਸ ਲਈ ਫੁਕੂਯਾਮਾ ਦੁਆਰਾ 'ਥਾਈਮੋਸ' ਜਾਂ ਈਰਖਾ ਦੀ ਪੈਰਵੀ ਭੁਲੇਖਾ ਪਾਊ ਅਤੇ ਖਤਰਨਾਕ ਹੈ। (ਜਿਵੇਂ ਭਾਰਤ ਵਿਚ ਭਾਜਪਾ ਦੀ ਰਾਜਨੀਤੀ, ਅਨੁ:) ਜਿਸ ਦਿਨ ਵਰਤਮਾਨ ਵਿਗਿਆਨਕਾਰਾਂ ਦੀ ਸੰਘਣੀ ਭੀੜ ਸਿਖਰਾਂ ਨੂੰ ਛੂਹੇਗੀ ਉਸ ਦਿਨ ਉਪਭੋਗਤਾ ਜੋਸ਼ ਦੀਆਂ 'ਥਾਈ-ਮੋਸੀ' ਵਿਕਿਰਣਾਂ ਉਦਾਰਵਾਦੀ ਜਨਤੰਤਰ ਦੀ ਉਲੰਘਣਾ ਕਰਨਗੀਆਂ ਤੇ ਵਿਨਾਸ਼ਕਾਰੀ ਯੁੱਧ ਵੀ ਹੋ ਸਕਦਾ ਹੈ।

ਥਾਈਮੋਸ 'ਨਿਆਂ' ਦਾ ਆਸਣ ਹੋਣ ਦੇ ਕਾਰਨ, ਮਨੁੱਖੀ-ਸਮੂਹਿਕਤਾ ਦੀ ਇਕ ਲੋੜ ਹੈ। ਅਜਿਹੀ ਹੀ ਸੰਮੂਹ ਵਰਤੀ ਲੋੜ ਨੈਤਿਕ ਮੁੱਲਾਂ ਦੀ ਹੁੰਦੀ ਹੈ। ਇਹਨਾਂ ਮੁੱਲਾਂ ਤੋਂ ਰਹਿਤ ਥਾਈਮੋਸ ਕੇਵਲ ਈਰਖਾ. ਕੇਵਲ ਅਭਿਮਾਨ ਅਤੇ ਕਲਾਹ ਦੀ ਜੜ੍ਹ ਹੈ। ਸਮਾਨਤਾ ਅਤੇ ਭਰਾਤਰਤਾ ਨੂੰ ਨਕਾਰ ਕੇ ਉਦਾਰਵਾਦੀ ਜਨਤੰਤਰ, ਮੁੱਲਾਂ ਨੂੰ ਨਕਾਰਦਾ ਹੋਇਆ, ਦਾਨਵੀਪਨ ਦਾ ਨਾਗ ਪਾਲ ਰਿਹਾ ਹੁੰਦਾ ਹੈ। ਫੁਕੂਯਾਮਾ ਦੀ ਉਦਾਰਵਾਦੀ ਜਨਤੰਤਰ ਦੀ ਪਰਿਭਾਸ਼ਾ ਤੰਦਰੁਸਤ ਨਹੀਂ, ਬੀਮਾਰ ਹੈ।

ਪ੍ਰੰਤੂ ਫੁਕੂਯਾਮਾ-ਭਗਤੀ ਦਾ ਪੂਰੀ ਤਰ੍ਹਾਂ ਖਾਤਮਾ ਤਾਂ ਹੀ ਹੋਵੇਗਾ, ਜਦੋਂ ਕੋਈ ਵਿਦਵਾਨ ਆਈਡਿਆਲੋਜੀ ਨੂੰ ਵੀ ਸਪੱਸ਼ਟ ਤਰ੍ਹਾਂ ਪਰਿਭਾਸ਼ਤ ਕਰੇਗਾ। ਤਦੋਂ ਤੱਕ ਤਾਂ ਉਦਾਰਵਾਦ ਦਾ ਅਰਥ ਕੇਵਲ 'ਆਈਡਿਆਲੋਜੀ' ਅਤੇ ਲੋਕ ਭਰਾਤਰਤਾ ਦਾ ਅਭਾਵ ਹੀ ਬਣਦਾ ਹੈ।

(ਅਨੁ: ਸੂਫ਼ੀ ਅਮਰਜੀਤ—ਕਲਮ ਚੋਂ ਧੰਨਵਾਦ ਸਹਿਤ)





### ਗ਼ਜ਼ਲ/ਡਾ. ਸਿਕੰਦਰ ਭੱਟੀ

ਕੰਬੇ ਹਵਾ ਇਹ ਥਰ ਥਰ ਤੱਕ ਕੇ ਚਿਰਾਗ ਜਗਦੇ,
ਤੂਫਾਨ ਰੋ ਰਹੇ ਹਨ ਹੱਸਦੇ ਚਿਰਾਗ ਜਗਦੇ।

ਬੇਨੂਰ ਪਿੰਡ ਵਿਚੋਂ ਡਰ ਡਰ ਹਵਾ ਵੀ ਲੰਘੇ,
ਅੱਜ ਸਿਰ ਤਲੀ 'ਤੇ ਧਰਕੇ ਆਪਣੇ ਚਿਰਾਗ ਜਗਦੇ।

ਰੁੱਖਾਂ ਦੀ ਗੋਦ ਵਿਚ ਸੌਂ ਜਾਵੇ ਹਵਾ ਇਹ ਡਰਦੀ.
ਰਾਤਾਂ ਨੂੰ ਵੇਖ ਘਰ ਘਰ ਅੱਥਰੇ ਚਿਰਾਗ ਜਗਦੇ।

ਬੁੱਝ ਨਾ ਇਹ ਜਾਣ ਕਿਧਰੇ ਆਦਮ ਦੇ ਦਿਲ ਦੇ ਦੀਵੇ,
ਹਾਮੀ ਇਹ ਜ਼ਿੰਦਗੀ ਦੀ ਭਰਦੇ ਚਿਰਾਗ ਜਗਦੇ।

ਕੀਤੈ ਜਿਨ੍ਹਾਂ ਨੇ ਰੌਸ਼ਨ ਆਲਮ ਮੇਰਾ ਇਹ ਯਾਰੋ,
ਕਿਉਂ ਆਲਿਆਂ 'ਚ ਹੌਕੇ ਭਰਦੇ ਚਿਰਾਗ ਜਗਦੇ।

(ਸੈਦਪੁਰ ਰੋਡ, ਸ਼ਾਹਕੋਟ (ਜਲੰਧਰ)

### ਗ਼ਜ਼ਲ/ਨਿਰਪਾਲ ਸਿੰਘ

ਜੋ ਨਫ਼ਰਤ ਦੀਆਂ ਧੁੱਪਾਂ 'ਚ ਸੜੇ ਹਰਫ਼,
ਉਹ ਮੁਹੱਬਤ ਦੀਆਂ ਛਾਵਾਂ 'ਚ ਠਰੇ ਹਰਫ਼।

ਰੰਗਾਂ ਗੂੜ੍ਹਿਆ ਦੇ ਵਿੱਚ ਜੋ ਚਿਤਰੇ ਹਰਫ਼,
ਉਹ ਪੁਸਤਕ ਦੇ ਪੰਨਿਆਂ ਤੇ ਬਿਖਰੇ ਹਰਫ਼।

ਕਲਾ ਜਿਨ੍ਹਾਂ ਦੀ ਵਿਕਾਊ ਵਸਤੂ ਬਣੀ,
ਉਨ੍ਹਾਂ ਸ਼ਾਇਰਾਂ ਤੋਂ ਤਾਂ ਹੀ ਡਰੇ ਹਰਫ਼।

ਗ਼ਜ਼ਲਾਂ ਮੇਰੀਆਂ ਦੇ ਹਰ ਇਕ ਸ਼ਿਅਰ 'ਚ,
ਤੇਰੀ ਯਾਦ 'ਚ ਰੋ ਰੋ ਲਿਖ ਧਰੇ ਹਰਫ਼।

ਵਾਂਗ ਪੰਖੇਰੂਆਂ ਜੋ ਉਡਾਨ ਭਰਦੇ,
ਜਾਂਦੇ ਨਹੀਂ ਸਾਥੋਂ ਕਦੇ ਉਹ ਫੜੇ ਹਰਫ਼।

ਕਰਮ ਗੜ੍ਹ ਸਤਨਾਂ, ਸਰਦਾਰ ਗੜ੍ਹ (ਬਠਿੰਡਾ)

### ਗ਼ਜ਼ਲ/ਨਵ ਕਿਰਨ

ਇਹ ਬੇਜ਼ਾਰ ਚਿਹਰੇ, ਇਹ ਸੱਥਰ ਕਦੋਂ ਤੱਕ ?
ਇਹ ਰੁੱਤਾਂ ਦੇ ਨਖਰੇ, ਇਹ ਚੱਕਰ ਕਦੋਂ ਤੱਕ ?

ਕਦੇ ਬੋਲ ਪੈਣੇ, ਨਹੀਂ ਚੁੱਪ ਰਹਿਣੇ
ਕਿਨਾਰੇ ਝਨਾਂ ਦੇ ਨੇ, ਪੱਥਰ ਕਦੋਂ ਤੱਕ ?

ਕਈ ਪੋਹ ਲੰਘੇ ਕਈ ਮਾਘ ਲੰਘੇ,
ਇਹ ਕਾਂਬਾ ਕਦੋਂ ਤੱਕ, ਇਹ ਕੱਕਰ ਕਦੋਂ ਤੱਕ ?

ਕਲੀ ਜਦ ਵੀ ਕਰੀਏ ਤਾਂ ਡੰਗਣ ਭਰਿੰਡਾਂ,
ਅਸਾਡੇ ਘਰੀਂ ਹਨ ਇਹ ਖੱਖਰ ਕਦੋਂ ਤੱਕ ?

ਜਿਨ੍ਹਾਂ ਅਪਣੇ ਬਮਲੇ ਬਣਾਏ ਨੇ ਕੁੰਦਣ,
ਖੜੇ ਰਹਿਣਗੇ ਐਸੇ ਛੱਪਰ ਕਦੋਂ ਤੱਕ ?

ਹਨੇਰੇ, ਉਦਾਸੇ ਤੇ ਰੁੱਖੇ ਦਿਹਾੜੇ,
ਬਹਾਰਾਂ ਦੇ ਬੇ-ਰੰਗ ਪੱਤਰ ਕਦੋਂ ਤੱਕ ?

ਹਨੇਰਾ ਨਹੀ, ਨਵਕਿਰਨ ਹਾਂ, ਲੜਾਂਗਾ,
ਹਨੇਰਾ ਲਏਗਾ ਇਹ ਟੱਕਰ ਕਦੋਂ ਤੱਤ ?

(312 ਕਮਲਾ ਨਹਿਰੂ ਕਾਲੋਨੀ, ਬਠਿੰਡਾ)

## ਗ਼ਜ਼ਲ/ਭੁਪਿੰਦਰ ਸੰਧੂ

ਮੇਰਾ ਚਿਰਾਂ ਤੋਂ ਵੈਰ ਰਿਹੈ ਨ੍ਹੇਰਿਆਂ ਦੇ ਨਾਲ।
ਨਿਭਣੀ ਹੈ ਦੋਸਤੀ ਤਾਂ ਮਿਰੀ ਸੂਰਜਾਂ ਦੇ ਨਾਲ।

ਫਸਲਾਂ ਨੂੰ ਵੱਟ-ਵੇਚ ਕੇ ਕੀਤਾ ਜਦੋਂ ਹਿਸਾਬ,
ਸਭ ਪੂਰੇ ਹੋਏ ਵੇਖ ਵਹੀ-ਖਾਤਿਆਂ ਦੇ ਨਾਲ।

ਰਹਿਣੈਂ ਕਦੋਂ ਹਨੇਰ ਦਾ ਸਾਡੇ ਦਿਲਾਂ 'ਤੇ ਰਾਜ,
ਨ੍ਹੇਰਾ ਕਰਾਂਗੇ ਦੂਰ ਅਸੀਂ ਕੋਸ਼ਿਸ਼ਾਂ ਦੇ ਨਾਲ।

ਤੈਨੂੰ ਇਹ ਵਹਿਮ ਸੀ ਕਿ ਤਿਰਾ ਰਖਦੈ ਉਹ ਖਿਆਲ,
ਭਰਮਾ ਰਹੇ ਨੇ ਸੋਚ ਤਿਰੀ ਤੋਹਫ਼ਿਆਂ ਦੇ ਨਾਲ।

ਤੂੰ ਹੈਂ ਵਿਸ਼ਾਲ ਜਾਂ ਕਿ ਮੇਰਾ ਦਿਲ ਵਿਸ਼ਾਲ ਹੈ,
ਆ ਜਾ ਕਿ ਕਰੀਏ ਟਾਕਰਾ ਅਜ ਅੰਬਰਾਂ ਦੇ ਨਾਲ।

ਹੈ ਨਿਰਧਨਾਂ ਦਾ ਦੱਸ ਮਸੀਹਾ ਕਿਵੇਂ ਉਹ ਠੱਗ,
ਹੈ ਖਾਣ-ਪੀਣ ਜਿਸ ਦਾ ਸਦਾ ਹਾਕਮਾਂ ਦੇ ਨਾਲ।

ਜਪਦੇ ਨੇ ਰਾਮ-ਨਾਮ ਦਿਲੀਂ ਰੱਖਦੇ ਨੇ ਖੋਟ,
ਸੰਧੂ ! ਜ਼ਮਾਨਾ ਰਹਿੰਦਾ ਹੈ ਹਤਿਆਰਿਆਂ ਦੇ ਨਾਲ।

26118, ਗਲੀ ਨੰ: 2½, ਅਮਰਪੁਰਾ ਬਸਤੀ, ਬਠਿੰਡਾ



ਵਾਘਿਓਂ ਪਾਰ

## ਪੀਲੀਆਂ ਇੱਟਾਂ/ਹਨੀਫ਼ ਚੌਧਰੀ

ਪ੍ਰਿੰਸੀਪਲ ਮਿਸਜ਼ ਸ਼ਾਰਦਾ ਦੇ ਤਬਾਦਲੇ ਦੀ ਖ਼ਬਰ ਸਾਰੇ ਕਾਲਜ ਵਿਚ ਖੁਸ਼ਬੂ ਵਾਂਗੂੰ ਖਿਲਰ ਗਈ।

ਕਾਲਜ ਦੀਆਂ ਕੁੜੀਆਂ ਨੇ ਏਸ ਟਰਾਂਸਫਰ ਉੱਪਰ ਰਲੇ-ਮਿਲੇ ਜਜ਼ਬੇ ਦਾ ਪ੍ਰਗਟਾਵਾ ਕੀਤਾ। ਫੋਰਥ ਯੀਅਰ ਦੀ ਰੋਬੀਨਾ ਕਹਿਣ ਲੱਗੀ, "ਚਲੋ ਡਾਇਣ ਤੇ ਗਈ।"

ਨਾਸਰਾ ਬੋਲੀ, "ਸੱਪਣੀ ਦਫ਼ਾ ਹੋਈ।"

ਅੰਬਰੀ ਨੇ ਤਬਸਰਾ ਕੀਤਾ, "ਕੀ ਪਤਾ ਆਉਣ ਵਾਲੀ ਪ੍ਰਿੰਸੀਪਲ ਇਹਦੇ ਨਾਲੋਂ ਵੀ ਚਾਰ ਹੱਥ ਅੱਗੇ ਹੋਵੇ।"

ਨੋਰੀਨ ਨੇ ਆਖਿਆ, "ਸਿਆਣਿਆਂ ਦਾ ਕੌਲ ਏ, ਆਉਣ ਵਾਲਾ ਹਰ ਪਲ ਪਹਿਲੇ ਨਾਲੋਂ ਭੈੜਾ ਹੁੰਦਾ ਏ।"

ਫੋਜ਼ੀਆ ਨੇ ਟੋਕਿਆ, "ਏਸ ਬੋਲੀ ਨੂੰ ਪੁੱਛੋ, ਮਿਸਿਜ਼ ਸ਼ਾਰਦਾ ਨੇ ਕਾਲਜ ਵਿਚ ਜਿੰਨਾ ਖ਼ੌਫ਼ ਹਰਾਸ ਫ਼ੈਲਾਇਆ ਹੋਇਆ ਸੀ, ਹੋਰ ਕਿਸੇ ਕਾਲਜ ਵਿਚ ਨਹੀਂ ਹੋਵੇਗਾ।"

ਕਨੀਜ਼ ਨੇ ਵੱਖਰੀ ਗੱਲ ਕੀਤੀ, "ਜੇ ਮਿਸਿਜ਼ ਸ਼ਾਰਦਾ ਐਨੀ ਕੱਟੜ ਨਾ ਹੋਂਦੀ ਤੇ ਕਾਲਜ ਸਿਨੇਮਾ ਹਾਊਸ ਬਣ ਜਾਂਦਾ। ਹਾਲੀ ਵੀ ਤੁਸੀਂ ਪਾਕਿਟ ਕੈਸੇਟ ਪਲੇਅਰ ਰੱਖੇ ਹੋਏ ਨੇ। ਰਾਤਾਂ ਨੂੰ ਗਾਣੇ ਤੁਸੀਂ ਗਾਉਂਦੀਆਂ ਓ. ਡਾਂਨਸ ਤੁਸੀਂ ਕਰਦੀਆਂ ਓ। ਹਾਲੀ ਵੀ ਤੁਸੀਂ ਉਹਨੂੰ ਬੁਰਾ ਭਲਾ ਕਹਿ ਰਹੀਆਂ ਓ।"

ਪਰ ਫਾਤਿਮਾ ਨੇ ਨਵੀਂ ਗੱਲ ਕਰਕੇ ਸਾਰਿਆਂ ਨੂੰ ਚੁੱਪ ਕਰਾ ਦਿੱਤਾ। "ਮਿਸਿਜ਼ ਸ਼ਾਰਦਾ ਦੀ ਥਾਂ ਆਣ ਵਾਲੀ ਪਤਾ ਏ ਕੌਣ ਏ ?"

"ਕੌਣ ਏ ?" ਸਾਰੀਆਂ ਨੇ ਪੁੱਛਿਆ।

"ਉਹ ਏ ਮਿਸ ਸੁਰੱਈਆ।"

"ਤੂੰ ਜਾਣਦੀ ਏਂ ਉਸ ਨੂੰ ?"

"ਹਾਂ", ਫਾਤਿਮਾ ਨੇ ਦੱਸਿਆ, "ਲਾਹੌਰੋਂ ਆ ਰਹੀ ਏ। ਮਾਈਗਰੇਸ਼ਨ ਤੋਂ ਪਹਿਲਾਂ ਜਦੋਂ ਮੈਂ ਉਸ ਕਾਲਜ ਵਿਚ ਸੀ, ਉਥੇ ਕੁੜੀਆਂ ਨੇ ਇਹਦਾ ਨਾਂ 'ਮਿਸ ਟਰੱਬਲ' ਰੱਖਿਆ ਹੋਇਆ ਸੀ। ਬਹੁਤ ਸਖਤ ਪ੍ਰਿੰਸੀਪਲ ਏ, ਮਜਾਲ ਏ ਜੇ ਕਾਲਜ ਵਿਚ ਚਿੜੀ ਵੀ ਫਟਕ ਜਾਵੇ। ਨਾ ਉਹ ਸਿਫਾਰਿਸ਼ ਮੰਨਦੀ ਏ, ਤੇ ਨਾ ਈ ਰਿਆਇਤ ਕਰਦੀ ਏ। ਪਰ ਹੈ ਬਹੁਤ ਹੁਸੀਨ। ਗੋਰੀ ਨਿਛੋਹ, ਗਦਰਾ-ਗਦਰਾ ਜਿਸਮ, ਤਿੱਖਾ ਨੱਕ, ਗੁਲਾਬੀ ਰੰਗਤ, ਜਿਵੇਂ ਕਿਸੇ ਮੈਦੇ ਵਿਚ ਗੁਲਾਲ ਗੁੰਨ ਦਿੱਤਾ ਹੋਵੇ, ਅੱਖਾਂ, ਪਲਕਾਂ, ਬੁਲ੍ਹ, ਉਂਗਲੀਆਂ, ਹਰ ਸ਼ੈਅ ਖ਼ੂਬਸੂਰਤ ਏ।"

ਫ਼ਾਖਰਾ ਨੇ ਟੋਕ ਦਿੱਤਾ।

"ਮੇਰੇ ਵਾਂਗਰ, ਜਦੋਂ ਉਹ ਤੁਰਦੀ ਏ ਤਾਂ ਇੰਝ ਲਗਦਾਂ ਏ ਜਿਵੇਂ ਰਾਜ ਹੰਸਣੀ ਜਾ ਰਹੀ ਹੋਵੇ। ਜਦੋਂ ਹੱਸਦੀ ਏ ਤਾਂ ਕਾਂਸੀ ਦੀਆਂ ਕਟੋਰੀਆਂ ਵੱਜਣ ਲਗ ਪੈਂਦੀਆਂ ਨੇ।"

ਤੇ ਸਾਰੀਆਂ ਕੁੜੀਆਂ ਨੇ ਖਿੱਲੀ ਪਾ ਦਿੱਤੀ ਤੇ ਫ਼ਾਖਰਾ ਦੇ ਚੂੰਡੀਆਂ ਵੱਢਣ ਲੱਗ ਪਈਆਂ। ਫੋਜ਼ੀਆ ਨੇ ਸ਼ਰਾਰਤ ਕੀਤੀ, "ਤੇ ਫੇਰ ਉਹਦੇ ਹੁਸਨ ਦੀਆਂ ਕਹਾਣੀਆਂ ਵੀ ਬਹੁਤ ਹੋਣਗੀਆਂ, ਮਿਸ ਜੂ ਹੋਈ।"

"ਇਹਦਾ ਤੇ ਮੈਨੂੰ ਪਤਾ ਨਹੀਂ, ਪਰ ਡਸਿਪਲਿੰਡ ਬਹੁਤ ਏ ।"

ਜਦ ਨੂੰ ਕਾਲਜ ਦੀ ਘੰਟੀ ਵੱਜ ਗਈ ਤੇ ਸਾਰੀਆਂ ਕੁੜੀਆਂ ਆਪਣੇ ਆਪਣੇ ਪੀਰੀਅਡ ਅਟੈਂਡ ਕਰਨ ਚਲੀਆਂ ਗਈਆਂ ।

ਇਕ ਹਫਤੇ ਮਗਰੋਂ ਮਿਸ ਸੁਰੱਈਆ ਨੇ ਚਾਰਜ ਲੈ ਲਿਆ ।

ਮਿਸ ਸੁਰੱਈਆ ਨੇ ਚਾਰਜ ਲੈਂਦੇ ਸਾਰ ਈ ਪਹਿਲਾ ਆਰਡਰ ਇਹ ਜਾਰੀ ਕੀਤਾ ਕਿ ਹੋਸਟਲ ਵਿਚ ਰਹਿਣ ਵਾਲੀਆਂ ਕੁੜੀਆਂ ਕੋਈ ਸ਼ੈਅ ਪ੍ਰਾਈਵੇਟ ਨਹੀਂ ਰੱਖ ਸਕਦੀਆਂ । ਹੋਸਟਲ ਸੁਪਰਡੈਂਟ ਨੂੰ ਅਖਤਿਆਰ ਹੋਵੇਗਾ ਕਿ ਉਹ ਜਦੋਂ ਚਾਹਵੇ, ਜਿਸ ਵੇਲੇ ਚਾਹਵੇ, ਕੁੜੀਆਂ ਦੀਆਂ ਸ਼ੈਆਂ ਦੀ ਪੜਤਾਲ ਕਰ ਸਕੇਗੀ ।

ਦੂਜੇ ਦਿਨ ਇਕ ਹੋਰ ਆਰਡਰ ਜਾਰੀ ਹੋਇਆ. ਕਾਲਜ ਲੱਗਣ ਮਗਰੋਂ ਗੇਟ ਨੂੰ ਤਾਲਾ ਲਾ ਦਿੱਤਾ ਜਾਵੇਗਾ ਤੇ ਉਹਦੀ ਚਾਬੀ ਪ੍ਰਿੰਸੀਪਲ ਕੋਲ ਰੱਖੀ ਜਾਵੇਗੀ ।

ਏਸ ਤਰ੍ਹਾਂ ਹਰ ਰੋਜ਼ ਕੋਈ ਨਾ ਕੋਈ ਨਵਾਂ ਆਰਡਰ ਜਾਰੀ ਹੁੰਦਾ ਰਿਹਾ ।

ਮਿਸ ਸੁਰੱਈਆ ਨੇ ਕਾਲਜ ਦੀ ਟੱਕ-ਸ਼ਾਪ 'ਚ ਮਰਦਾਂ ਦਾ ਦਾਖਲਾ ਬੰਦ ਕਰ ਦਿੱਤਾ। ਜਵਾਨ ਮਾਲੀਆਂ ਦੇ ਤਬਾਦਲੇ ਕਰਵਾ ਦਿੱਤੇ । ਕਾਲਜ ਦੇ ਗੇਟ-ਕੀਪਰ ਦਾ ਬੈਂਚ ਗੇਟ ਦੇ ਬਾਹਰ ਰਖਵਾ ਦਿੱਤਾ । ਚੌਕੀਦਾਰ ਨੂੰ ਹੁਕਮ ਦਿੱਤਾ ਕਿ ਉਹ ਰਾਤ ਨੂੰ ਕਾਲਜ ਦੀ ਇਮਾਰਤ ਤੋਂ ਬਾਹਰ ਰਹਿ ਕੇ ਚੌਕੀਦਾਰੀ ਕਰੇ । ਦਫਤਰ ਵਿਚ ਕੰਮ ਕਰਨ ਵਾਲੇ ਮਰਦ ਅਮਲੇ ਦਾ ਆਪਣੇ ਦਫਤਰ ਵਿਚ ਦਾਖਲਾ ਬੰਦ ਕਰ ਦਿੱਤਾ । ਅਮਲੇ ਦੇ ਦਫਤਰ ਆਉਣ ਜਾਣ ਲਈ ਗੇਟ ਬਾਹਰ ਲਗਵਾ ਦਿੱਤਾ । ਆਪਣੇ ਨਾਲ ਰਾਬਤਾ ਕਰਨ ਲਈ ਇਕ ਉਧੇੜ ਉਮਰ ਦੀ ਔਰਤ ਭਰਤੀ ਕਰ ਲਈ, ਜਿਹੜਾ ਦਫਤਰ ਦੇ ਕਾਗਜ਼ਾਤ, ਫਾਈਲਾਂ ਵਗੈਰਾ ਮਿਸ ਸੁਰੱਈਆ ਕੋਲ ਲਿਆਉਂਦੀ ਤੇ ਲਿਜਾਂਦੀ, ਜੇ ਕੋਈ ਜਰੂਰੀ ਮੁਆਮਲਾ ਪੇਸ਼ ਆ ਜਾਂਦਾ ਤੇ ਦਫਤਰ ਦਾ ਹੈੱਡ-ਕਲਰਕ ਇੰਟਰ-ਕਾਮ ਤੇ ਮਿਸ ਸੁਰੱਈਆ ਨਾਲ ਗੱਲ ਕਰ ਸਕਦਾ ਸੀ ।

ਕਾਲਜ ਦੇ ਸਾਰੇ ਪ੍ਰਬੰਧ ਨੂੰ ਮਿਸ ਸੁਰੱਈਆ ਨੇ ਨਵੇਂ ਸਿਰਿਉਂ ਚਲਾਣਾ ਸ਼ੁਰੂ ਕਰ ਦਿੱਤਾ ।

ਸਾਰੇ ਕਾਲਜ ਵਿਚ ਮਿਸ ਸੁਰੱਈਆ ਦੀ ਦਹਿਸ਼ਤ ਸੀ । ਹੁੰਦੀ ਵੀ ਕਿਉਂ ਨਾ । ਲਾਹੌਰ ਉਸ ਨੇ ਇਕ ਨਿੱਕੀ ਜਹੀ ਗੱਲ ਉੱਪਰ ਨੌਂ ਕੁੜੀਆਂ ਰਸਟੀਗੇਟ ਕਰ ਦਿੱਤੀਆਂ ਸੀ । ਬਾਰਾਂ ਕੁੜੀਆਂ ਦੇ ਬੀ. ਏ. ਦੇ ਦਾਖਲੇ ਰੋਕ ਲਏ ਤੇ ਪੰਜਾਂ ਨੂੰ ਜੁਰਮਾਨਾ ਕਰ ਦਿੱਤਾ । ਗੱਲ ਸਿਰਫ ਏਨੀ ਸੀ ਕਿ ਦਸੰਬਰ ਟੈਸਟ ਵਿਚ ਕੁੜੀਆਂ ਨੇ ਪ੍ਰੋਫੈਸਰਾਂ ਨੂੰ ਅਪਰੋਚ ਕੀਤਾ ਸੀ ।

ਏਥੇ ਕਾਲਜ ਵਿਚ ਇਕ ਨਵੀਂ ਗੱਲ ਜ਼ਰੂਰ ਹੋਈ । ਮਿਸ ਸੁਰੱਈਆ ਨੇ ਹਾਕੀ ਦੇ ਇੰਟਰ-ਕਾਲਜ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੀਆਂ ਖਿਡਾਰੀ ਕੜੀਆਂ ਨੂੰ ਕਾਲਜ ਫੰਡ ਵਿਚੋਂ ਵਰਦੀਆਂ ਬਣਾਕੇ ਦਿੱਤੀਆਂ । ਫੀਸਾਂ ਮੁਆਫ਼ ਕਰ ਦਿੱਤੀਆਂ ਤੇ ਪ੍ਰੈਕਟਿਸ ਕਰਨ ਵਾਲੀਆਂ ਕੁੜੀਆਂ ਦੇ ਆਉਣ ਜਾਣ ਲਈ ਇਕ ਵੈਗਨ ਲੈ ਦਿੱਤੀ । ਬਹਿਸਾਂ ਵਿਚ ਹਿੱਸਾ ਲੈਣ ਵਾਲੀਆਂ ਕੁੜੀਆਂ ਨੂੰ ਕਿਤਾਬਾਂ ਕਾਪੀਆਂ ਕਾਲਜ ਦੀ ਤਰਫੋਂ ਲੈਕੇ ਦਿੱਤੀਆਂ । ਕਾਲਜ ਦੀ ਡਿਸਪੈਂਸਰੀ ਲਈ ਇਕ ਫੁੱਲ-ਟਾਈਮ ਡਾਕਟਰ ਰੱਖ ਲਈ। ਹੋਸਟਲ ਵਿਚ ਪੱਕਣ ਵਾਲੇ ਖਾਣੇ ਨੂੰ ਉਹ ਆਪ ਚੈੱਕ ਕਰਦੀ ।



ਇੰਝ ਜਾਪਦਾ ਸੀ, ਜਿਵੇਂ ਕਾਲਜ ਦੇ ਅੰਦਰ ਇਕ ਨਵੀਂ ਹਯਾਤੀ ਆ ਗਈ ਹੋਵੇ । ਇਕ ਨਵਾਂ ਦੌਰ ਸ਼ੁਰੂ ਹੋ ਗਿਆ ਹੋਵੇ । ਜਿਵੇਂ ਮਿਸ ਸੁਰੱਈਆ ਆਪ ਖ਼ੂਬਸੂਰਤ ਸੀ, ਉਵੇਂ ਈ ਸਾਰਾ ਮਾਹੌਲ ਖ਼ੂਬਸੂਰਤ ਦੇਖਣਾ ਚਾਹੁੰਦੀ ਸੀ । ਨਿਖਰਿਆ ਨਿਖਰਿਆ, ਧੁਲਿਆ-ਧੁਲਿਆ ।

'ਇਕਬਾਲ ਦਿਵਸ' ਦੀਆਂ ਤਿਆਰੀਆਂ ਹੁੰਦੇ ਸਾਰ ਈ ਇਕ ਵਾਕਿਆ ਨੇ ਸਾਰੇ ਕਾਲਜ ਵਿਚ ਖ਼ੌਫ਼ ਪੈਦਾ ਕਰ ਦਿੱਤਾ । ਇਕਬਾਲ ਸੋਸਾਇਟੀ ਦੀ ਪ੍ਰਧਾਨ ਫਰਹਾਨਾ ਜਦੋਂ ਸਵਾਗਤੀ ਭਾਸ਼ਣ ਪੜ੍ਹਕੇ ਡਾਇਸ ਤੋਂ ਉਤਰੀ ਤੇ ਡਾਇਸ ਦੇ ਥੱਲੇ ਇਕ ਮੁੰਡੇ ਦੀ ਤਸਵੀਰ ਲੱਭੀ । ਇਹ ਕਿਹੜੀ ਕੁੜੀ ਦੀ ਫਾਈਲ ਵਿਚੋਂ ਡਿੱਗੀ ਸੀ, ਕੁਝ ਪਤਾ ਨਹੀਂ ਲਗ ਰਿਹਾ ਸੀ । ਪਹਿਲਾਂ ਮਿਸ ਸੁਰੱਈਆ ਨੇ ਸਾਰੀਆਂ ਸਰਗਰਮੀਆਂ ਦਾ ਉਦਘਾਟਨ ਕੀਤਾ ਸੀ, ਮਗਰੋਂ ਫਰਹਾਨਾ ਡਾਇਸ ਉੱਤੇ ਆਈ ਸੀ ।

ਤਸਵੀਰ ਲੱਭਣ ਵਾਲੀ ਗੱਲ ਇਸ਼ਾਰਿਆਂ ਵਿਚ ਸਮਾਗਮ ਵਿਚ ਭਾਈਵਾਲ ਸਾਰੀਆਂ ਕੁੜੀਆਂ ਤੀਕਰ ਅੱਪੜ ਗਈ । ਹਰ ਕੁੜੀ ਕਹਿ ਰਹੀ ਸੀ, ਮਿਸ ਸੁਰੱਈਆ ਨੂੰ ਪਤਾ ਲੱਗ ਗਿਆ ਤੇ ਉਹ ਸਖਤ ਐਕਸ਼ਨ ਲਵੇਗੀ ।

ਸਾਰੀਆਂ ਕੁੜੀਆਂ ਫਰਹਾਨਾ ਵੱਲ ਸਵਾਲੀਆ ਨਜ਼ਰਾਂ ਨਾਲ ਵੇਖ ਰਹੀਆਂ ਸਨ ।

ਸਮਾਗਮ ਵਿਚ ਤਕਰੀਰਾਂ ਹੋਈਆਂ । ਖਾਣੇ ਪੇਸ਼ ਕੀਤੇ ਗਏ, ਇਨਾਮ ਵੰਡੇ ਗਏ ।

ਸਮਾਗਮ ਤੇ ਮੁੱਕ ਗਿਆ, ਪਰ ਕੁੜੀਆਂ ਵਿਚ ਪੈਦਾ ਹੋ ਚੁਕਿਆ ਖ਼ੌਫ਼ ਬਾਕੀ ਰਹਿ ਗਿਆ, ਜੇ ਕੁੜੀਆਂ ਦੇ ਘਰਾਂ ਤੀਕਰ ਗੱਲ ਅਪੜ ਗਈ ਤੇ ਫੇਰ ਕੀ ਹੋਵੇਗਾ ?

ਕੁੜੀਆਂ ਨੇ ਫਰਹਾਨਾ ਨੂੰ ਘੇਰ ਲਿਆ, ਉਹਦੇ ਮੂੰਹ ਤੇ ਇਕ ਰੰਗ ਆਉਂਦਾ ਸੀ ਤੇ ਇਕ ਰੰਗ ਜਾਂਦਾ ।

ਇਕ ਬੋਲੀ, "ਬਿੱਲੋ. ਸਿਆਣੇ ਸੱਚ ਆਂਹਦੇ ਨੇ, ਇਸ਼ਕ-ਮੁਸ਼ਕ ਛੁਪਾਇਆ ਨਹੀਂ ਛੁਪਦਾ ।"

ਦੂਜੀ ਕਹਿਣ ਲੱਗੀ, "ਇਸ਼ਕ ਕਰੀਏ ਤੇ ਜੱਗ ਕੋਲੋਂ ਨਾ ਡਰੀਏ ।"

ਤੀਜੀ ਨੇ ਆਖਿਆ, "ਤਸਵੀਰ ਦਿਲ ਵਿਚ ਹੋਣੀ ਚਾਹੀਦੀ ਏ ਨਾ ਕਿ ਫਾਈਲ ਵਿਚ ।"

ਫਰਹਾਨਾ ਕਸਮਾਂ ਖਾ ਰਹੀ ਸੀ ਕਿ ਉਸ ਨੂੰ ਇਸ ਬਾਰੇ ਕੋਈ ਇਲਮ ਨਹੀਂ ।

'ਤੇਰੇ ਮੂੰਹ ਉੱਤੇ ਪੀਲੱਤਣ ਕਿਉਂ ਏ ?' ਨਾਸਰਾ ਬੋਲੀ, "ਤੂੰ ਘਬਰਾਈ ਹੋਈ ਕਿਉਂ ਏਂ ਟੈ ।"

ਜਦ ਨੂੰ ਪ੍ਰੋ: ਮਿਸਿਜ਼ ਯਾਕੂਬ ਆ ਗਈ । ਉਹਨੇ ਆਉਂਦਿਆਂ ਸਾਰ ਈ ਫਰਹਾਨਾ ਨੂੰ ਕੋਲੋਂ ਪੁਛਿਆ, "ਤਸਵੀਰ ਕੀਹਦੇ ਕੋਲ ਏ ?"

ਫਰਹਾਨਾ ਮਿਸਿਜ਼ ਯਾਕੂਬ ਨੂੰ ਵੇਖਕੇ ਘਬਰਾ ਗਈ ਤੇ ਤਸਵੀਰ ਉਹਦੇ ਹੱਥੋਂ ਡਿਗ ਪਈ । ਰਜ਼ੀਆ ਨੇ ਤਸਵੀਰ ਉਤੇ ਪੈਰ ਰੱਖ ਦਿੱਤਾ । ਮਿਸਿਜ਼ ਯਾਕੂਬ ਏਸ ਤਸਵੀਰ ਨੂੰ ਵੇਖ ਨਾ ਸਕੀ । ਰਜ਼ੀਆ ਨੇ ਜਾਣਕੇ ਗੱਲ ਕਿਸੇ ਹੋਰ ਪਾਸੇ ਮੋੜ ਦਿੱਤੀ । "ਏਸ ਵਾਰ ਸਪੋਰਟਸ ਦੀ ਟਰਾਫੀ ਆਪਣਾ ਕਾਲਜ ਲੈਕੇ ਆਵੇਗਾ ।"

ਮਿਸਿਜ਼ ਯਾਕੂਬ ਨੇ ਏਸ ਗੱਲ ਦਾ ਕੋਈ ਧਿਆਨ ਹੀ ਨਾ ਕੀਤਾ ਤੇ ਕਹਿਣ ਲੱਗੀ, "ਪ੍ਰਿੰਸੀਪਲ ਸਾਹਿਬ ਨੇ ਉਹ ਤਸਵੀਰ ਮੰਗਵਾਈ ਏ ਤੇ ਫਰਹਾਨਾਂ ਨੂੰ ਵੀ ਤਲਬ ਕੀਤਾ ਏ, ਕਿਸੇ ਨੇ ਸਾਰੀ ਗੱਲ ਮਿਸ ਸੁਰੱਈਆ ਨੂੰ ਜਾ ਦੱਸੀ ਏ ।"

ਮਿਸਿਜ਼ ਯਾਕੂਬ ਇਹ ਗੱਲ ਕਹਿ ਕੇ ਚਲੀ ਗਈ, ਪਰ ਫਰਹਾਨਾ ਦੀ ਜਾਨ ਈ ਨਿਕਲ ਗਈ, ਉਹ ਡਿਗਦੀ ਡਿਗਦੀ ਮਸੀਂ ਬਚੀ ।

ਰਜ਼ੀਆ ਨੇ ਦਲੇਰੀ ਨਾਲ ਆਖਿਆ, "ਓਦੇ ਯਾਰ, ਕੋਈ ਪਹਾੜ ਤੇ ਨਹੀਂ ਟੁੱਟ ਪਿਆ ।"

"ਜੇ ਏਸ ਫੋਟੋ ਦਾ ਤੇਰੇ ਨਾਲ ਕੋਈ ਤੁਅੱਲਕ ਨਹੀਂ ਤੇ ਮੈਂ ਏਸ ਨੂੰ ਪਾੜਕੇ ਸੁੱਟ ਦੇਨੀਂ ਆਂ । ਕਹਿ ਦੇਵੀਂ ਮੇਰੇ ਕੋਲ ਫੋਟੋ ਹੈ ਈ ਨਹੀਂ, ਭਾਵੇਂ ਕਸਮ ਲੈ ਲਵੇ ।"

ਪਰ ਅੰਬਰੀਨ ਨੇ ਖਬਰਦਾਰ ਕੀਤਾ, "ਮਿਸ ਸੁਰੱਈਆ ਨੂੰ ਤਸਵੀਰ ਪਾੜਨ ਦਾ ਵੀ ਪਤਾ ਚਲ ਗਿਆ ਤੇ ਫੇਰ ਹੋਰ ਮੁਸ਼ਕਿਲ ਆ ਪਵੇਗੀ ! ਨਾਲੇ ਇਹ ਗੱਲ ਪੱਕੀ ਹੋ ਜਾਵੇਗੀ ਕਿ ਫਰਹਾਨਾ ਦਾ ਈ......"

ਸ਼ਾਦਰਾ ਨੇ ਹੋਰ ਡਰਾਇਆ, "ਮਿਸ ਸੁਰੱਈਆ ਨੇ ਲਾਹੌਰ ਵਿਚ ਇਕੇਰਾਂ ਇਕ ਕੁੜੀ ਨੂੰ ਰਸਟੀਗੇਟ ਕਰ ਦਿੱਤਾ ਸੀ ।"

ਫਰਹਾਨਾ ਮਿੱਟੀ ਦੀ ਮੂਰਤ ਬਣੀ ਬੈਠੀ ਰਹੀ ਤੇ ਸੋਚਦੀ ਰਹੀ ਕਿ ਜੇ ਏਸ ਸਾਰੀ ਗੱਲ ਦਾ ਉਹਦੇ ਮਾਂ ਪਿਉ ਨੂੰ ਪਤਾ ਲੱਗ ਗਿਆ ਤੇ ਉਹਨਾ ਦੀ ਇੱਜ਼ਤ ਤੇ ਵਕਾਰ ਮਿੱਟੀ ਵਿਚ ਰੁਲ ਜਾਵੇਗਾ । ਸ਼ਰਾਰਤ ਦੀ ਵਜ੍ਹਾ ਕਰਕੇ ਸਾਰਾ ਮਹੱਲਾ ਉਹਨਾਂ ਦੀ ਇੱਜ਼ਤ ਕਰਦਾ ਏ, ਉਸ ਕਿਹੜੇ ਮੂੰਹ ਨਾਲ ਆਪਣੇ ਘਰ ਜਾਵੇਗੀ ।

"ਚੱਲ, ਮੈਂ ਤੇਰੇ ਨਾਲ ਚਲਦੀ ਆਂ ।" ਸਟੂਡੈਂਟ ਯੂਨੀਅਨ ਦੀ ਪ੍ਰਧਾਨ ਆਰਫ਼ਾ ਨੇ ਹੌਸਲਾ ਦਿੱਤਾ, "ਪ੍ਰਿੰਸੀਪਲ ਕੋਈ ਸ਼ੇਰ ਤੇ ਨਹੀਂ, ਜਿਹੜਾ ਖਾ ਜਾਵੇਗਾ । ਜਦੋਂ ਤੂੰ ਕਹਿ ਰਹੀ ਏ ਕਿ ਮੇਰਾ ਏਸ ਫੋਟੋ ਨਾਲ ਕੋਈ ਤੁਅੱਲਕ ਨਹੀਂ ਤੇ ਫੇਰ ਡਰ ਕਾਹਦਾ । ਚੱਲ ਉੱਠ ।"

ਆਰਫ਼ਾ ਨੇ ਫਰਹਾਨਾ ਨੂੰ ਮੋਢਿਆਂ ਤੋਂ ਫੜਕੇ ਉਠਾਇਆ ਤੇ ਆਖਣ ਲੱਗੀ, "ਵੈਸੇ ਫ਼ਰਹਾਨਾ ਆਪਸ ਦੀ ਗੱਲ ਏ । ਤੇਰੀ ਚਾਇਸ (choice) ਦਾ ਜਵਾਬ ਨਹੀਂ । ਸ਼ਹਿਜ਼ਾਦਾ ਏ ਸ਼ਹਿਜ਼ਾਦਾ ।"

"ਲਾਹਨਤ ਤੇਰੇ ਤੇ ।" ਅੰਬਰੀਨ ਨੇ ਆਖਿਆ ।

"ਚਲੋ ਛੱਡੋ", ਨਸਰੀਨ ਨੇ ਕਿਹਾ । ਫਰਹਾਨਾ ਤੇ ਆਰਫ਼ਾ ਪ੍ਰਿੰਸੀਪਲ ਦੇ ਕਮਰੇ ਦੇ ਸਾਹਮਣੇ ਗਈਆਂ । ਪਤਾ ਨਹੀਂ ਕਿਉਂ ਆਰਫ਼ਾ ਨੇ ਫਰਹਾਨਾ ਨੂੰ ਅੱਗੇ ਕਰ ਦਿੱਤਾ ਤੇ ਆਪ ਖਿੜਕੀ ਦੇ ਉਹਲੇ ਖੜੀ ਹੋਕੇ ਝੀਥ ਥਾਣੀ ਅੰਦਰ ਵੇਖਣ ਲਗ ਪਈ ।

ਫਰਹਾਨਾ ਦੇ ਬੇਜਾਨ ਹੱਥਾਂ ਨੇ ਫੋਟੋ ਪ੍ਰਿੰਸੀਪਲ ਦੇ ਅੱਗੇ ਰੱਖ ਦਿੱਤੀ ।

ਮਿਸ ਸੁਰੱਈਆ ਫੋਟੋ ਵੇਖਕੇ ਉਠ ਖੜੀ ਹੋਈ ਤੇ ਹੱਥ ਦੇ ਇਸ਼ਾਰੇ ਨਾਲ ਫਰਹਾਨਾ ਨੂੰ ਬਾਹਰ ਚਲੇ ਜਾਣ ਦਾ ਇਸ਼ਾਰਾ ਕੀਤਾ । ਆਰਫ਼ਾ ਨੇ ਵੇਖਿਆ, ਮਿਸ ਸੁਰੱਈਆ ਤਸਵੀਰ ਨੂੰ ਬਾਰ ਬਾਰ ਚੁੰਮ ਰਹੀ ਏ । ਉਹਦੀਆਂ ਅੱਖਾਂ ਵਿਚ ਹੰਝੂ ਹਨ ।

ਦੂਜੇ ਦਿਨ ਕਾਲਜ ਖੁੱਲ੍ਹਦਿਆਂ ਸਾਰ ਈ ਪਤਾ ਚੱਲਿਆ ਕਿ ਮਿਸ ਸੁਰੱਈਆ ਨੇ ਰਹੀਮ ਯਾਰ ਖਾਨ ਆਪਣਾ ਤਬਾਦਲਾ ਕਰਵਾ ਲਿਆ ਏ । ਉਹ ਹੱਯਾਤੀ ਵਿਚ ਆਉਣ ਵਾਲੇ ਏਸ ਨਿੱਕੇ ਜਹੇ ਤੂਫਾਨ ਸਾਹਮਣੇ ਪਿੱਲੀ ਇੱਟ ਬਣ ਚੁੱਕੀ ਸੀ, ਜਿਹੜੀ ਪਾਣੀ ਨਾਲ ਵੀ ਖੁਰ ਜਾਂਦੀ ਏ ।

—(ਮਾਂ ਬੋਲੀ, ਸਤੰਬਰ-ਅਕਤੂਬਰ 96 ਲਾਹੌਰ 'ਚੋਂ)



## ਸਮਾਜ, ਸਾਹਿਤ ਤੇ ਰਾਜਨੀਤੀ ਦਾ ਆਪਸੀ ਸੰਬੰਧ/ਡਾ. ਲਾਭ ਸਿੰਘ ਖੀਵਾ

ਇਹ ਸਰਬ ਪ੍ਰਮਾਣਿਤ ਤੱਥ ਹੈ ਕਿ ਜਦੋਂ ਕੋਈ ਖਿਆਲ ਜਾਂ ਸੰਕਲਪ ਹੋਂਦ ਵਿਚ ਆਉਂਦਾ ਹੈ ਤਾਂ ਉਹ ਕਿਸੇ ਵਿਸ਼ੇਸ਼ ਬਾਹਰਮੁਖੀ ਪ੍ਰਸਥਿਤੀਆਂ ਦੀ ਉਪਜ ਹੁੰਦਾ ਹੈ । ਅਰਥਾਤ ਉਹਨਾਂ ਦਾ ਕੋਈ ਪਦਾਰਥਕ ਅਧਾਰ ਹੁੰਦਾ ਹੈ । ਇਸਨੂੰ ਸਮੇਂ ਦੀ ਇਤਿਹਾਸਕ ਤੋਰ ਨਿਰਧਾਰਤ ਕਰਦੀ ਹੈ । ਇਸ ਸਿਧਾਂਤਕ ਪਰਿਪੇਖ ਵਿਚ ਹੀ ਅਸੀਂ ਸਮਾਜ, ਸਾਹਿਤ ਤੇ ਰਾਜਨੀਤੀ ਦਾ ਉਦਭਵ, ਇਹਨਾਂ ਦੀ ਲੋੜ ਅਤੇ ਪੂਰਕ-ਸੰਬੰਧਾਂ ਨੂੰ ਵੇਖ/ਵਾਚ ਸਕਦੇ ਹਾਂ ।

ਜੇਕਰ ਅਸੀਂ ਸਮਾਜ ਦੇ ਉਤਪੰਨ ਹੋਣ ਦੀ ਲੋੜ ਨੂੰ ਇਤਿਹਾਸਕ ਨਜ਼ਰੀਏ ਤੋਂ ਵੇਖੀਏ ਤਾਂ ਮਾਨਵੀ ਵਿਕਾਸ-ਕਾਲ ਵਿਚ ਅਜੇ ਸਮਾਜ ਦੀ ਲੋੜ ਵੀ ਨਹੀਂ ਸੀ ਭਾਸੀ । ਪੂਰਵ ਇਤਿਹਾਸਕ ਕਾਲ (Primitive Communism) ਵਿਚ ਕਿਸੇ ਸਮਾਜਿਕ ਸੰਗਠਨ ਦੀ ਵੀ ਹੋਂਦ ਨਹੀਂ ਸੀ । ਕਿਉਂਕਿ ਉਸ ਸਮੇਂ ਉਤਪਾਦਨ ਦੇ ਮੁੱਢਲੇ ਸੰਦ ਵੀ ਇਜਾਦ ਨਹੀਂ ਸੀ ਹੋਏ । ਮਨੁੱਖ ਆਪਣੇ ਮਹਿਜ਼ ਸਰੀਰਕ ਬਲ ਤੇ ਆਪਣੀ ਰੋਜ਼ੀ ਕਮਾਉਂਦਾ ਸੀ । ਕੁਦਰਤ ਦੀਆਂ ਜਾਬਰ ਤਾਕਤਾਂ ਦੇ ਟਾਕਰੇ ਦੀ ਲੋੜ ਨੇ ਮਨੁੱਖ ਨੂੰ ਹੌਲੀ-ਹੌਲੀ ਟੋਲੀਆਂ ਵਿਚ ਰਹਿਣਾ ਸਿਖਾਇਆ ਤੇ ਉਤਪਾਦਨ ਦੇ ਸਾਧਨਾਂ ਦੀ ਅਣਹੋਂਦ ਕਰਕੇ ਖੁਰਾਕ ਇਤਨੀ ਤਾਂ ਕੀ ਪ੍ਰਾਪਤ ਹੋਣੀ ਸੀ ਕਿ ਵਾਧੂ ਉਤਪਾਦਨ ਹੋ ਜਾਂਦਾ ਸਗੋਂ ਕਈ ਵਾਰ ਟੋਲੀ ਦੇ ਪੂਰੇ ਬੰਦਿਆਂ ਜੋਗੀ ਵੀ ਨਹੀਂ ਸੀ ਹੁੰਦੀ । ਇਸ ਲਈ ਆਪਸੀ ਸਹਿਯੋਗ ਉਨ੍ਹਾਂ ਦੀ ਪ੍ਰਮੁੱਖ ਲੋੜ ਸੀ । ਇਹ ਸਭ ਸਵੈ-ਚੇਤਨਾ ਦੇ ਆਧਾਰ ਤੇ ਚਲ ਰਿਹਾ ਸੀ । ਕੁਦਰਤ ਵਿਰੁੱਧ ਮਨੁੱਖ ਵਲੋਂ ਕੀਤੀ ਜਾ ਰਹੀ ਲੜਾਈ ਨੇ ਹੀ ਆਦਿ ਮਨੁੱਖ ਨੂੰ ਸੰਗਠਿਤ ਕੀਤਾ । ਅਜਿਹੀਆਂ ਪ੍ਰਾਕਿਰਤਕ ਪ੍ਰਸਥਿਤੀਆਂ ਵਿਚ ਆਪਣੀ ਰੱਖਿਆ/ਸੁਰੱਖਿਆ (Survival/Securitv) ਦੀ ਭਾਵਨਾ ਵਿਚੋਂ ਹੀ ਮਨੁੱਖ ਨੂੰ ਕਬੀਲਿਆਂ ਵਿਚ ਰਹਿਣ ਦਾ ਖਿਆਲ ਆਇਆ । ਇਸ ਖਿਆਲ ਵਿਚੋਂ ਹੀ ਮਾਨਵੀ ਸਮਾਜ ਦਾ ਮੂੰਹ-ਮੁਹਾਂਦਰਾ ਉਭਰਨਾ ਸ਼ੁਰੂ ਹੋਇਆ ਮੰਨਿਆ ਜਾ ਸਕਦਾ ਹੈ । ਮਨੁੱਖ ਵਾਂਗ ਹੋਰ ਪ੍ਰਾਕਿਰਤਕ ਜੀਵ-ਜੰਤੂ (Crea ures of nature) ਸਾਹਮਣੇ ਵੀ ਆਪਣੀ ਰੱਖਿਆ/ਸੁਰੱਖਿਆ ਦਾ ਮਸਲਾ ਦਰਪੇਸ਼ ਸੀ, ਜਿਸ ਕਰਕੇ ਉਨ੍ਹਾਂ ਨੇ ਵੀ ਮਨੁੱਖ ਦੇ ਕਬੀਲਿਆਂ ਵਾਂਗ ਟੋਲੀਆਂ/ਝੁੰਡਾਂ ਵਿਚ ਰਹਿਣਾ ਸ਼ੁਰੂ ਕੀਤਾ । ਪਰ ਮਨੁੱਖ ਨੇ ਕਬੀਲਾ-ਜੀਵਨ ਵਿਚੋਂ ਜਿਹੜੇ ਸਮਾਜ ਨਾਮੀ ਸੰਗਠਨ ਦੇ ਸੰਕਲਪ ਨੂੰ ਅਮਲੀ ਰੂਪ ਦਿੱਤਾ, ਉਸਨੇ ਹੀ ਮਨੁੱਖ ਨੂੰ ਬਾਕੀ ਕੁਦਰਤੀ ਜੀਵਾਂ ਤੋਂ ਵੱਖਰਾ ਕੀਤਾ ਹੈ । ਉਸਨੇ ਸਮਾਜ ਨੂੰ ਆਪਣੀ ਸੁਰੱਖਿਆ ਦੀ ਮਹਿਜ਼ ਇਕ ਇਸਪਾਤੀ, ਢਾਲ ਤਕ ਹੀ ਸੀਮਤ ਨਹੀਂ ਰੱਖਿਆ ਸਗੋਂ ਇਸ ਸਮਾਜਿਕ ਸੰਗਠਨ ਨੂੰ ਇਕ ਨਿਯਮ-ਮਰਿਯਾਦਾ ਵਿਚ ਵੀ ਬੰਨ੍ਹਿਆ । ਮਾਨਵੀ ਰਿਸ਼ਤਿਆ ਨੂੰ ਪਰਿਭਾਸ਼ਿਤ ਕੀਤਾ ਅਤੇ ਸਮਾਜਿਕ ਜੀਵਨ ਦੀ ਤੋਰ ਸ਼ੁਰੂ ਹੋਈ । ਇਥੇ ਆ ਕੇ ਹੀ ਨਾਲ ਦੀ ਨਾਲ ਸਭਿਆਚਾਰ (Culture) ਦਾ ਸੰਕਲਪ ਉਤਪੰਨ ਹੁੰਦਾ ਹੈ । ਸਭਿਆਚਾਰਕ ਕਦਰਾਂ-ਕੀਮਤਾਂ ਅਪਨਾਉਣੀਆ ਤੇ ਉਨ੍ਹਾਂ ਦੀ ਰਾਖੀ ਕਰਨਾ ਸਮਾਜ ਦੀ ਮਰਿਯਾਦਾ ਬਣਦੀ ਹੈ । ਇਹ ਵੀ ਕਿਹਾ ਜਾ ਸਕਦਾ ਹੈ ਕਿ ਪ੍ਰਾਕਿਰਤੀ ਦੇ ਮਾਨਵੀ ਸੰਘਰਸ਼ ਵਿਚੋਂ ਸੰਸਕ੍ਰਿਤੀ (Culture) ਨੇ ਰੂਪ ਧਾਰਨ ਕੀਤਾ ਹੈ ।

ਮਨੁੱਖੀ ਜੀਵਨ-ਤੋਰ ਦੌਰਾਨ ਜਿਹੜੇ ਸੰਕਲਪ|ਖਿਆਲ ਉਤਪੰਨ ਹੋ ਕੇ ਅਮਲੀ ਰੂਪ ਅਤੇ ਠੋਸ ਸ਼ਕਲ ਧਾਰਨ ਕਰਦੇ ਹਨ, ਉਨ੍ਹਾਂ ਵਿਚ ਕੇਂਦਰ-ਬਿੰਦੂ, ਬਿਨਾਂ-ਸ਼ੱਕ ਤੇ ਨਿਰ-ਵਿਵਾਦ ਮਨੁੱਖ ਹੀ ਰਿਹਾ ਹੈ । ਰਾਜਨੀਤੀ ਵੀ ਇਹਨਾਂ ਸੰਕਲਪਾਂ ਵਿਚੋਂ ਇਕ ਹੋਰ ਮਨੁੱਖ ਦਾ ਹੀ ਸੰਕਲਪ ਹੈ । ਰਾਜ

ਤੇ ਰਾਜਨੀਤੀ ਇਕੱਠੇ ਹੀ ਮਨੁੱਖੀ ਸਮਾਜ ਦੀ ਲੋੜ ਬਣਦੇ ਹਨ। ਪੈਦਾਵਾਰੀ ਸਾਧਨਾਂ ਦੇ ਵਿਕਾਸ ਕਰਨ ਨਾਲ ਜਦੋਂ ਮਨੁੱਖ ਆਪਣੀ ਲੋੜ ਨਾਲੋਂ ਵੱਧ ਉਪਜ ਕਰਨ ਦੇ ਯੋਗ ਹੋ ਗਿਆ ਤਾਂ ਕਬਜ਼ੇ ਦੀ ਭਾਵਨਾ ਉੱਠ ਖਲੋਈ, ਜਿਸ ਕਰਕੇ ਸਮਾਜਿਕ ਸੰਗਠਨ ਨੂੰ ਚਲਾਉਣ ਲਈ ਨਵੇਂ ਦਾਅ-ਪੇਚਾਂ ਜਾਂ ਸੰਕਲਪਾਂ ਨੂੰ ਸੋਚਣਾ ਪਿਆ। ਇਸ ਤੋਂ ਹੀ ਰਾਜਨੀਤੀ ਪ੍ਰਾਰੰਭ ਹੁੰਦੀ ਹੈ ਤੇ ਜਮਾਤੀ ਸਮਾਜ ਦੀ ਨੀਂਹ ਰੱਖੀ ਜਾਂਦੀ ਹੈ। ਵਾਧੂ ਉਪਜ ਤੇ ਜੱਫਾ ਮਾਰਨ ਲਈ ਦੋ ਜਮਾਤਾਂ ਵਿਚ ਸੰਘਰਸ਼ ਹੋਣਾ ਸ਼ੁਰੂ ਹੋ ਜਾਂਦਾ ਹੈ, ਜਿਸ ਕਰਕੇ ਰਾਜ ਹੋਂਦ ਵਿਚ ਆਉਂਦਾ ਹੈ। ਜਿਹੜੀ ਜਮਾਤ ਉਤਪਾਦਨ ਦੇ ਸਾਧਨਾਂ ਤੇ ਕਾਬਜ਼ ਹੋਵੇਗੀ, ਉਸੇ ਦੀ ਰਾਜਨੀਤੀ ਦਾ ਸਿੱਕਾ ਚੱਲੇਗਾ। ਇਸ ਸਮੇਂ ਸਮਾਜਿਕ ਸੰਸਥਾ ਨੂੰ ਚਲਾਉਣ ਲਈ ਕਿਸੇ ਬਾਹਰੀ ਡੰਡੇ ਦੀ ਲੋੜ ਹੁੰਦੀ ਹੈ। ਦੂਜੇ ਅਰਥਾਂ ਵਿਚ ਇਹ ਬਾਹਰੀ ਡੰਡਾ ਰਾਜਨੀਤੀ ਹੀ ਹੁੰਦੀ ਹੈ। ਰੱਬ ਦਾ ਡਰ, ਦੇਵੀ-ਦੇਵਤਿਆਂ ਤੇ ਨਰਕਾਂ ਦਾ ਭੈਅ, ਦਾਨ ਤੇ ਦਇਆ ਦਾ ਸੰਕਲਪ ਅਤੇ ਰਾਜੇ-ਮਹਾਰਾਜਿਆਂ ਦੀ ਸਥਾਪਨਾ ਰਾਜਨੀਤੀ ਦੇ ਹੀ ਪ੍ਰਤੀਰੂਪ ਸਨ। ਇਨ੍ਹਾਂ ਪ੍ਰਤੀਰੂਪਾਂ ਤੋਂ ਬਾਗੀ ਹੋਏ ਮਨੁੱਖ ਲਈ ਰਾਜਸੀ ਤਾਕਤ (State Power) ਹੀ ਕਾਰਗਰ ਹਥਿਆਰ ਹੈ। ਮਨੁੱਖ ਦੇ ਇਤਿਹਾਸਕ ਵਿਕਾਸ ਦੌਰਾਨ ਸਮਾਜ ਤੋਂ ਬਾਅਦ ਰਾਜ ਦੀ ਸਥਾਪਨਾ ਦਾ ਦੂਸਰਾ ਸਥਾਨ ਹੈ।

ਸਮਾਜ ਤੇ ਰਾਜਨੀਤੀ ਵਾਂਗ ਸਾਹਿਤ ਦਾ ਉਦਭਵ ਹੋਣਾ ਮਨੁੱਖ ਦਾ ਇਕ ਖੂਬਸੂਰਤ ਸੰਕਲਪ ਅਤੇ ਸਿਰਜਣਾਤਮਕ ਕਾਰਜ ਹੈ। ਮਨੁੱਖ ਨੂੰ ਸਮਾਜ ਵਿਚ ਵਿਚਰਦਿਆਂ ਇਕ ਦੂਜੇ ਨਾਲ ਆਪਣੇ ਖਿਆਲ ਤੇ ਜਜ਼ਬੇ ਸਾਂਝੇ ਕਰਨ ਦੀ ਲੋੜ ਜਾਪੀ ਤੇ ਮੌਖਿਕ ਸਾਹਿਤ ਤੋਂ ਬਾਅਦ ਭਾਸ਼ਾ ਇਜਾਦ ਹੋਣ ਨਾਲ ਸਾਹਿਤ ਲਿਖਿਆ ਜਾਣ ਲੱਗਿਆ। ਸਾਹਿਤ ਉਤਪੰਨ ਹੋਣ ਦੇ ਦੂਜੈਲੇ ਕਾਰਣ ਹਨ। ਇਕ ਪੱਧਰ ਤੇ ਸਾਹਿਤ ਮਨੁੱਖ ਦੀ ਮਾਨਸਿਕ ਜ਼ਰੂਰਤ ਰਿਹਾ ਹੈ ਅਤੇ ਦੂਸਰੀ ਪੱਧਰ ਤੇ ਸਾਹਿਤ ਸਮਾਜਿਕ ਭੂਮਿਕਾ ਵੀ ਨਿਭਾਉਂਦਾ ਰਿਹਾ ਹੈ। ਸਾਹਿਤ ਸਮਾਜ ਵਿਚ ਵਿਚਰਦੇ ਮਨੁੱਖ ਦੀ ਇਕ ਜਾਂ ਦੂਜੇ ਪ੍ਰਕਾਰ ਸਮਾਜਿਕ ਕਦਰਾਂ ਕੀਮਤਾਂ ਨਾਲ ਭਾਵੁਕ ਸਾਂਝ ਪੁਆਕੇ ਸਮਾਜਿਕ ਰਿਸ਼ਤਿਆਂ ਨੂੰ ਸਭਿਆਚਾਰਕ ਕਦਰਾਂ ਕੀਮਤਾਂ ਮੁਤਾਬਕ ਜ਼ਿੰਦਗੀ ਦੀ ਤੋਰ ਨੂੰ ਸਹਿਜੇ ਹੀ ਤੋਰਨ ਵਿਚ ਸਹਾਈ ਹੁੰਦਾ ਹੈ। ਸਾਹਿਤ ਜਿਨ੍ਹਾਂ ਕਦਰਾਂ-ਕੀਮਤਾਂ ਨਾਲ ਮਨੁੱਖ ਦੀ ਜਜ਼ਬਾਤੀ ਜੋਟੀ ਪੁਆ ਦਿੰਦਾ ਹੈ, ਉਨ੍ਹਾਂ ਦਾ ਪ੍ਰੇਰਿਆ ਮਨੁੱਖ ਇਹਨਾਂ ਕਦਰਾਂ-ਕੀਮਤਾਂ ਜਾਂ ਸੰਕਲਪਾਂ ਦੀ ਰਾਖੀ ਕਰਦਾ ਹੈ ਤੇ ਸਮਾਜਿਕ ਢਾਂਚਾ ਚਲਦਾ ਰਹਿੰਦਾ ਹੈ। ਜੇਕਰ ਕੋਈ ਨਵਾਂ ਸਮਾਜਿਕ ਢਾਂਚਾ ਸਮੇਂ ਦੀ ਕੁੱਖ ਵਿਚ ਪਨਪਣ ਦੀਆਂ ਸੰਭਾਵਨਾਵਾਂ ਜ਼ਾਹਿਰ ਕਰਦਾ ਹੈ ਤਾਂ ਸਾਹਿਤ ਅਗਵਾਨੂ ਭੂਮਿਕਾ ਵੀ ਅਦਾ ਕਰਦਾ ਹੈ। ਇਸ ਤਰ੍ਹਾਂ ਸਾਹਿਤ ਤੇ ਸਮਾਜ ਦਾ ਦਵੰਦਾਤਮਕ ਰਿਸ਼ਤਾ ਬਣਿਆ ਰਹਿੰਦਾ ਹੈ।

ਮਨੁੱਖੀ ਇਤਿਹਾਸਕ ਵਿਕਾਸ ਦੌਰਾਨ ਰਾਜ ਦੀ ਸਥਾਪਨਾ ਨਾਲ ਸਮਾਜਿਕ ਬਣਤਰ ਜਮਾਤੀ ਬਣਨ ਕਰਕੇ ਰਾਜਨੀਤੀ ਵੀ ਇਸ ਤੋਂ ਪ੍ਰਭਾਵਿਤ ਹੁੰਦੀ ਹੈ, ਜਿਸ ਵਿਚੋਂ ਜਮਾਤੀ ਸੰਘਰਸ਼ ਪੈਦਾ ਹੁੰਦੇ ਰਹਿੰਦੇ ਹਨ। ਇਥੇ ਆ ਕੇ ਹੀ ਸਾਹਿਤ ਵਿਚ ਜਮਾਤੀ (Class Consciousness) ਦੀ ਧਾਰਨਾ ਪੈਦਾ ਹੁੰਦੀ ਹੈ। ਜਿਸ ਜਮਾਤ ਦੇ ਹੱਥ ਰਾਜਨੀਤੀ ਦੀ ਡੋਰ ਹੋਵੇਗੀ. ਉਸ ਜਮਾਤ ਦੀ ਵਿਚਾਰਧਾਰਾ ਵੀ ਹਾਵੀ ਹੋਣ ਦੇ ਯਤਨਾਂ ਵਿਚ ਰਹਿੰਦੀ ਹੈ। ਸੋ ਇਕ ਪੱਧਰ ਤੇ ਸਾਹਿਤ ਵੀ ਜਮਾਤੀ ਹੋ ਨਿਬੜਾ ਹੈ। ਪੰਜਾਬੀ ਸਾਹਿਤ ਵਿਚ ਪ੍ਰਯੋਗਸ਼ੀਲ ਲਹਿਰ ਦਾ ਉਥਾਨ ਵੀ ਇਕ ਵਿਸ਼ੇਸ਼ ਜਮਾਤੀ ਚੇਤਨਾ ਤੋਂ ਪ੍ਰੇਰਿਤ ਸੀ। ਸ਼ਹਿਰੀ ਮੱਧ-ਸ਼ਰੇਣੀ ਦੀ ਸੋਚਣੀ ਤੇ ਵਿਚਾਰਧਾਰਾ ਹੀ



ਇਸ ਲਹਿਰ ਦਾ ਆਧਾਰ ਸੀ। ਇਸ ਸ਼ਰੇਣੀ ਦੀ ਰਾਜਨੀਤੀ ਦਾ ਵਾਹਕ ਪ੍ਰਯੋਗਸ਼ੀਲ ਲਹਿਰ ਤਹਿਤ ਲਿਖਿਆ ਜਾਂਦਾ ਸਾਹਿਤ ਸੀ। ਇਸ ਤਰ੍ਹਾਂ ਸਮਾਜ਼ਵਾਦੀ ਯਥਾਰਥਵਾਦ ਦੇ ਸੰਕਲਪ ਦਾ ਸਾਹਿਤ ਵਿਚ ਪ੍ਰਵੇਸ਼ ਕਰਨਾ ਵੀ ਉਸ ਜਮਾਤ ਦੀ ਰਾਜਨੀਤੀ ਤੇ ਵਿਚਾਰਧਾਰਾ ਸੀ, ਜਿਹੜੀ ਅਜੇ ਪੈਦਾਵਾਰੀ ਸਾਧਨਾਂ ਤੋਂ ਮਹਿਰੂਮ ਸੀ। ਪੰਜਾਬੀ ਦੀ ਜੁਝਾਰਵਾਦੀ ਕਾਵਿਧਾਰਾ ਨੇ ਵੀ 70ਵਿਆਂ ਵਿਚ ਪੇਂਡੂ ਕਿਸਾਨੀ ਤੇ ਦਲਿਤ ਵਰਗ ਦੇ ਸ਼੍ਰੇਣਿਕ ਅਨੁਭਵ ਨੂੰ ਇਕ ਸਿਆਸੀ ਪੈਂਤੜੇ ਤੋਂ ਹੀ ਪੇਸ਼ ਕੀਤਾ ਸੀ। ਇਹ ਵੀ ਜ਼ਰੂਰੀ ਨਹੀਂ ਕਿ ਕਿਸੇ ਰਾਜਨੀਤਕ ਲਹਿਰ ਦੇ ਸਮਾਨਾਂਤਰ ਸਾਹਿਤ ਵੀ ਸਿਰਜਿਆ ਜਾ ਰਿਹਾ ਹੋਵੇ। ਕਿਸੇ ਲਹਿਰ ਦਾ ਜਨ-ਸਮੂਹ ਪ੍ਰਤੀ ਨਜ਼ਰੀਆ ਵੀ ਸਾਹਿਤਕਾਰ ਨੂੰ ਉਤਸ਼ਾਹਿਤ/ਨਿਰਉਤਸ਼ਾਹਿਤ ਕਰਦਾ ਹੈ। 80ਵਿਆਂ ਵਿਚ ਪੰਜਾਬ ਵਿਚ ਉੱਠੀ ਖਾੜਕੂ ਲਹਿਰ ਦਾ ਸੁਭਾਅ ਤੇ ਨਿਸ਼ਾਨਾ ਬੇਸ਼ੱਕ ਰਾਜਨੀਤਕ ਸੀ ਪਰ ਸਰੂਪ/ਨਾਹਰਾ ਧਾਰਮਿਕ ਹੋਣ ਕਰਕੇ ਪੰਜਾਬੀ ਸਾਹਿਤ-ਪਰੰਪਰਾ ਨੇ ਇਸ ਲਹਿਰ ਪੱਖੀ ਕੋਈ ਕਾਵਿ-ਹੁੰਗਾਰਾ ਨਹੀਂ ਭਰਿਆ। ਇਸ ਲਹਿਰ ਦੇ ਰਾਜਨੀਤਕ ਸਾਰ (Essence) ਦੇ ਠੋਸ ਰੂਪ ਵਿਚ ਆਉਣ ਤੋਂ ਬਾਅਦ ਹੀ ਇਸ ਦੇ ਪਿਛੋਕੜ ਵਿਚ ਕਾਰਜਸ਼ੀਲ ਸਮਾਜਿਕ ਦਵੰਦਾਂ ਦਾ ਪ੍ਰਮਾਣਿਕ ਸਾਹਿਤਕ ਵਿਸ਼ਲੇਸ਼ਣ ਹੋਵੇਗਾ। 'ਕਲਾ ਕਲਾ ਲਈ' ਦਾ ਨਾਹਰਾ ਵੀ ਰਾਜਨੀਤਕ ਮੰਤਵ ਦੀ ਪੂਰਤੀ ਹਿੱਤ ਹੀ ਲਾਇਆ ਜਾਂਦਾ ਰਿਹਾ ਹੈ! ਇਸ ਨਾਹਰੇ ਰਾਹੀਂ ਇਕ ਸੱਤਾਧਾਰੀ ਜਮਾਤ ਦੀ ਰਾਜਨੀਤੀ ਦਾ ਸਾਹਿਤ ਵਿੱਚ ਸਿੱਧਾ ਦਖਲ ਸੀ।

ਦਰਅਸਲ, ਸਮਾਜ ਤੇ ਰਾਜਨੀਤੀ ਅਰਥਾਤ ਦੋਹਾਂ ਨੂੰ ਹੀ ਸਾਹਿਤ ਸੰਬੋਧਿਤ ਹੁੰਦਾ ਹੈ। ਰਾਜਨੀਤੀ ਸਮਾਜ ਦੀ ਆਰਥਿਕ ਪ੍ਰਣਾਲੀ ਨੂੰ ਕੰਟਰੋਲ ਕਰਦੀ ਹੈ, ਜਿਸ ਕਰਕੇ ਸਿਆਸੀ ਤਾਕਤ (State Power) ਇਹ ਤਵੱਕੋ ਕਰਦੀ ਹੈ ਕਿ ਸਮਾਜ ਦਾ ਪਰ-ਉਸਾਰ (Superstructure) ਉਸ ਦੀ ਮਰਜ਼ੀ ਨਾਲ ਆਪਣੇ ਆਪ ਚਲਦਾ ਰਹੇ। ਅਜਿਹੇ ਰਾਜਨੀਤਕ ਯਤਨਾਂ, ਖੇਡਾਂ, ਦਾਅ-ਪੇਚਾਂ, ਫੈਸਲਿਆਂ ਆਦਿ ਸਦਕਾ ਕੁਝ ਅਜਿਹੇ ਸਮਾਜਿਕ ਦਵੰਦ (Social Conflicts) ਪੈਦਾ ਹੁੰਦੇ ਹਨ, ਜਿਹੜੇ ਸਮਾਜਿਕ ਤੇ ਰਾਜਨੀਤਕ ਲਹਿਰਾਂ ਦੇ ਰੂਪ ਵਿਚ ਪ੍ਰਗਟ (Manifest) ਹੁੰਦੇ ਰਹਿੰਦੇ ਹਨ ਅਤੇ ਇਹਨਾਂ ਲਹਿਰਾਂ ਨੂੰ ਸੇਧ/ਕੁਸੇਧ ਦੇਣ ਹਿੱਤ ਕੀਤੇ ਜਾ ਰਹੇ ਵਿਚਾਰਧਾਰਕ ਸੰਘਰਸ਼ ਵਿਚ ਸਾਹਿਤ ਇਕ ਵੱਡੀ ਤੇ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਭਾਰਤੀ ਸਾਹਿਤ ਵਿਚ 'ਰਾਮਾਇਣ' ਤੇ 'ਮਹਾਂਭਾਰਤ' ਦੋ ਅਜਿਹੇ ਸ਼ਾਹਕਾਰ ਹਨ ਜੋ ਇਨ੍ਹਾਂ ਸਮਕਾਲੀ ਸਮਾਜਿਕ ਦਵੰਦਾਂ ਨੂੰ ਕਲਾਤਮਿਕ ਪੱਧਰ ਤੇ ਸਾਕਾਰ ਕਰਦੇ ਹਨ ਅਤੇ ਜਿਹੜੇ ਵੇਲੇ ਦੀ ਰਾਜਨੀਤੀ ਵਿਚ ਉਤਪੰਨ ਹੋਏ ਸਨ। ਭਾਰਤੀ ਪ੍ਰਾਚੀਨ ਵਿਭਿੰਨ ਇਤਿਹਾਸਕ ਦੌਰਾਂ ਵਿਚ ਕਦੇ ਨਾਹ-ਵਾਚੀ ਤਾਕਤਾਂ (Negative Forces) ਨੂੰ ਭਾਂਜ ਦੇਣ ਲਈ ਮਨੁੱਖ ਨੂੰ ਮਰਿਆਦਾ-ਪਰਸ਼ੋਤਮ ਹੋਣਾ ਪਿਆ ਤੇ ਕਦੇ ਮਰਿਆਦਾ-ਭੰਜਕ ਬਣਨ ਦੀ ਪਹਿਲਕਦਮੀ ਕਰਨੀ ਪਈ। ਇਹਨਾਂ ਸਮਾਜਿਕ/ਰਾਜਨੀਤਕ ਦਵੰਦਾਂ ਦੀ ਪੇਸ਼ਕਾਰੀ ਹੀ 'ਮਹਾਂਭਾਰਤ' ਤੇ 'ਰਾਮਾਇਣ' ਦੇ ਨਾਇਕਾਂ ਦੀ ਭੂਮਿਕਾ ਵਿਚ ਨਿਹਿਤ ਹੈ।

ਇਸੇ ਤਰ੍ਹਾਂ ਜਦੋਂ ਬੁੱਲ੍ਹੇ ਸ਼ਾਹ ਇਹ ਕਹਿੰਦਾ ਹੈ ਕਿ "ਭੂਰਿਆਂ ਵਾਲੇ ਰਾਜੇ ਕੀਤੇ, ਮੁਗਲਾਂ ਜ਼ਹਿਰ ਪਿਆਲੇ ਪੀਤੇ", ਉਹ ਇਥੇ ਉਭਰ ਰਹੀਆਂ ਰਾਜਨੀਤਕ ਤਾਕਤਾਂ ਅਤੇ ਪਤਨਗ੍ਰਸਤ ਜਮਾਤਾਂ ਦੇ ਰਾਜਨੀਤਕ ਦਵੰਦ ਨੂੰ ਹੀ ਕਰੁਣਾਮਈ ਸੁਰ ਵਿਚ ਬਿਆਨ ਕਰਦਾ ਹੈ। ਕਈ ਵਾਰ ਸਾਹਿਤ ਵਿਚ ਲੇਖਕ ਸਮਾਜਿਕ ਦਵੰਦਾਂ ਦੀਆਂ ਬਰੀਕਬੀਨੀ ਪਰਤਾਂ ਨੂੰ ਨਜ਼ਰਅੰਦਾਜ਼ ਕਰਕੇ ਸਿੱਧਾ ਰਾਜਨੀਤੀ ਨੂੰ ਹੀ ਮੁਖ਼ਾਤਿਬ ਹੁੰਦਾ ਹੈ। ਇਹ ਸਮੇਂ ਦੀ ਲੋੜ ਬਣ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੀ

(ਬਾਕੀ ਸਫਾ 76 ਤੇ)

### ਵਰ੍ਹੇਵਾਰ 'ਸਾਹਿਤ'/(ਸੰਪਾਦਕ ਇਲਿਆਸ ਘੁੰਮਣ)

ਲਹਿੰਦੇ ਪੰਜਾਬ ਵਿਚੋਂ ਇਲਿਆਸ ਘੁੰਮਣ ਦੁਆਰਾ 1997 ਦਾ ਵਰ੍ਹੇ-ਵਾਰ 'ਸਾਹਿਤ' ਪ੍ਰਾਪਤ ਹੋਇਆ ਹੈ। ਵੱਡੇ ਸਾਈਜ਼ ਵਿਚ ਇਸ ਦੇ 722 ਸਫੇ ਤੇ ਮੁੱਲ ਪੰਜ ਸੌ ਰੁਪਏ ਹੈ। ਪੰਜਾਬੀ ਦੀ ਸਾਹਿਤਿਕ ਪੱਤਰਕਾਰੀ ਦੇ ਇਤਿਹਾਸ ਵਿਚ ਇਹ ਇਕ ਨਿਵੇਕਲਾ ਉੱਦਮ ਹੈ। ਇਸ ਦੇ ਛਪਣ ਨਾਲ ਪੰਜਾਬੀ ਵਰ੍ਹੇ-ਵਾਰ 'ਸਾਹਿਤ' ਲਾਹੌਰ ਤੋਂ ਉਰਦੂ ਦੇ ਲਗਾਤਾਰ ਛਪ ਰਹੇ ਵੱਡ-ਅਕਾਰੀ ਰਿਸਾਲੇ 'ਨਕੂਸ਼' ਦੇ ਬਰਾਬਰ ਆ ਖਲੋਤਾ ਹੈ। ਭਾਵੇਂ ਇਸ ਵਿਚ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਵਸਦੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਫਾਰਸੀ ਲਿੱਪੀ ਵਿਚ ਕਰਕੇ ਛਾਪੀਆਂ ਗਈਆਂ ਹਨ ਪਰ ਫਿਰ ਵੀ ਪਾਕਿਸਤਾਨ ਦਾ ਪੰਜਾਬੀ ਸਾਹਿਤ ਇਸ ਵਿਚ ਵਡੇਰੀ ਮਾਤਰਾ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਸਾਡੇ ਏਧਰਲੇ ਪੰਜਾਬ ਦੇ ਲੇਖਕਾਂ ਲਈ ਇਹ ਵੱਡ-ਮੁੱਲੀ ਸਾਹਿਤਿਕ ਸਮੱਗਰੀ ਦਾ ਕੰਮ ਦੇਵੇਗਾ। ਭਾਰਤੀ ਪੰਜਾਬ ਦੇ ਸੰਪਾਦਕਾਂ, ਅਨੁਵਾਦਕਾਂ ਤੇ ਲੇਖਕਾਂ ਲਈ ਇਹ ਇਕ ਹਵਾਲਾ ਗਰੰਥ ਦਾ ਕੰਮ ਦੇਵੇਗਾ। ਇਸ ਦੀ ਪ੍ਰਕਾਸ਼ਨਾਂ ਨਾਲ ਏਧਰਲੇ ਤੇ ਉਧਰਲੇ ਪੰਜਾਬੀ ਲੇਖਕਾਂ ਤੇ ਸਾਹਿਤ-ਪ੍ਰੇਮੀਆਂ ਲਈ ਇਹ ਗਰੰਥ ਨਵੇਂ ਉਸਾਰੇ ਪੁਲ ਦਾ ਕੰਮ ਦੇਵੇਗਾ ਤੇ ਹੁਣ ਕਿਸੇ ਨੂੰ ਭਵਿੱਖ ਵਿਚ ਇਹ ਸ਼ਿਕਾਇਤ ਨਹੀਂ ਰਹੇਗੀ ਕਿ ਸਾਨੂੰ ਪਾਕਿਸਤਾਨ ਦਾ ਪੰਜਾਬੀ ਅਦਬ ਪ੍ਰਾਪਤ ਨਹੀਂ ਹੋ ਰਿਹਾ। ਭਾਰਤੀ ਪੰਜਾਬ ਦੇ ਸੰਪਾਦਕ ਤੇ ਅਨੁਵਾਦਕ ਜੇ ਸਾਲ ਭਰ ਵੀ ਇਸ ਗਰੰਥ ਵਿਚੋਂ ਕਵਿਤਾਵਾਂ, ਕਹਾਣੀਆਂ ਤੇ ਲੇਖ ਆਦਿ ਲਿਪੀਅੰਤਰ ਕਰਕੇ ਛਾਪਦੇ ਰਹਿਣ ਤਾਂ ਵੀ ਇਹ ਸਮੱਗਰੀ ਮੁੱਕਣ ਗੋਚਰੀ ਨਹੀਂ ਹੈ। ਇਲਿਆਸ ਘੁੰਮਣ ਤੇ ਉਸ ਦੇ ਸਹਿਯੋਗੀਆਂ ਵਲੋਂ ਸਿਰੇ ਚਾੜ੍ਹਿਆ ਗਿਆ ਇਹ ਵੱਡ-ਮੁੱਲਾ ਕਾਰਜ ਦੋਹਾਂ ਪੰਜਾਬਾਂ ਦੀਆਂ ਯੂਨੀਵਰਸਿਟੀਆਂ, ਭਾਸ਼ਾ ਵਿਭਾਗਾਂ, ਖੋਜ-ਕੇਂਦਰਾਂ ਤੇ ਅਦਬੀ-ਅਕਾਡਮੀਆਂ ਲਈ ਇਕ ਵੰਗਾਰ ਭਰੀ ਚੁਣੌਤੀ ਹੈ, ਇਸ ਸਾਰੇ ਕਾਰਜ ਦਾ ਮਾਣ ਇਲਿ-ਆਸ ਘੁੰਮਣ ਨੂੰ ਜਾਂਦਾ ਹੈ।

ਇਸ ਰੀਵਿਊ ਵਿਚ ਇਸ ਗਰੰਥ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਤੇ ਲੇਖਕਾਂ ਦਾ ਵੇਰਵਾ ਦੇਣਾ ਸੰਭਵ ਨਹੀਂ, ਫਿਰ ਵੀ ਮੋਟੇ ਰੂਪ ਵਿਚ ਪੰਜਾਬੀ ਪ੍ਰੇਮੀਆਂ ਲਈ ਕੁਝ ਸੰਖੇਪ ਵੇਰਵੇ ਦੇਣ ਦੀ ਕੋਸ਼ਿਸ਼ ਕਰਦੇ ਹਾਂ।

ਇਸ ਵਿਚ ਚਾਰ ਵਿਚਾਰ ਲੇਖ, ਅਤੇ ਪੰਜ ਸ਼ਰਧਾਂਜਲੀ ਲੇਖ ਹਨ। ਅਹਿਮਦ ਸਲੀਮ ਅਤੇ ਅਫ਼ਜ਼ਲ ਤੌਸੀਫ਼ ਦੇ ਯਾਤਰਾ-ਲੇਖ ਹਨ। ਦੇਸ਼ ਦੀ ਵੰਡ ਨਾਲ ਸੰਬੰਧਿਤ ਸੰਪਾਦਕ 'ਚਿਰਾਗ' ਦੀ ਪੁਸਤਕ 'ਪਿਛਲਾ ਪਿੰਡ' ਵਿਚੋਂ 'ਤੇਰਾਂ ਕਾਂਡ' ਪੇਸ਼ ਕੀਤੇ ਗਏ ਹਨ। ਇਸ ਗਰੰਥ ਦਾ ਸਭ ਤੋਂ ਵੱਡ-ਮੁੱਲਾ ਭਾਗ ਇਸ ਵਿਚ ਸ਼ਾਮਲ ਦੋਹਾਂ ਪੰਜਾਬਾਂ ਦੇ ਪੰਜਾਬੀ ਲੇਖਕਾਂ ਦੀਆਂ ਦੇਸ਼ ਦੀ ਵੰਡ ਨਾਲ ਸੰਬੰਧਿਤ ਚੌਵੀ ਪੰਜਾਬੀ ਕਹਾਣੀਆਂ ਹਨ। ਇਸ ਤੋਂ ਬਿਨਾਂ ਪੱਚੀ ਹੋਰ ਫੁਟਕਲ ਕਹਾਣੀਆਂ ਹਨ। ਕੁਝ ਮਿੰਨੀ ਕਹਾਣੀਆਂ, ਜਮੀਲ ਅਹਿਮਦ ਦਾ ਨਾਵਲ, ਬੋਲੀ ਤੇ ਰਹਿਤਲ ਬਾਰੇ ਲੇਖ, ਕੁਝ ਪਿੰਡਾਂ ਬਾਰੇ ਲੇਖ, ਪੰਜਾਬੀ ਪੱਤਰਕਾਰੀ ਬਾਰੇ ਲੇਖ, ਖੋਜ ਲੇਖ ਆਦਿ ਤੋਂ ਬਿਨਾਂ ਚੜ੍ਹਦੇ ਤੇ ਲਹਿੰਦੇ ਪੰਜਾਬੀ ਕਵੀਆਂ ਦੀਆਂ ਕਾਵਿ-ਰਚਨਾਵਾਂ ਤੋਂ ਇਲਾਵਾ ਪਰਦੇਸੀ ਪੰਜਾਬੀ ਕਵੀਆਂ ਦੀਆਂ ਅਣਗਿਣਤ ਕਵਿਤਾਵਾਂ ਤੇ ਗ਼ਜ਼ਲਾਂ ਸ਼ਾਮਲ ਹਨ, ਜਿਹਨਾਂ ਦੀ ਗਿਣਤੀ ਕਰਨਾ ਤੇ ਵੇਰਵਾ ਦੇਣਾ ਅਸੰਭਵ ਪ੍ਰਤੀਤ



ਹੁੰਦਾ ਹੈ। ਇਹ ਗਰੰਥ ਹਰ ਪੱਖ ਤੋਂ 1996 ਵਿਚ ਛਪੇ ਵਰ੍ਹੇ-ਵਾਰ ਸਾਹਿਤ ਨਾਲੋਂ ਅਕਾਰ ਤੇ ਪ੍ਰਕਾਰ ਪੱਖੋਂ ਕਈ ਕਦਮ ਅੱਗੇ ਹੈ। ਇਸ ਵਾਰ ਤਸਵੀਰਾਂ ਦਾ ਪੂਰਾ ਵੇਰਵਾ ਦੇਣ ਦੇ ਨਾਲ-ਨਾਲ ਪਾਕਿਸਤਾਨੀ ਲੇਖਕਾਂ ਦੇ ਸਿਰਨਾਵੇਂ ਵੀ ਛਾਪੇ ਗਏ ਹਨ ਅਤੇ ਇਸ ਗਰੰਥ ਦਾ ਟਾਈਟਲ ਪੰਜਾਬੀ ਹੱਥ-ਕਢਾਈ ਨੂੰ ਰੂਪਮਾਨ ਕਰਦਾ ਹੈ। ਏਡਾ ਵੱਡਾ ਕਾਰਜ ਪੈਸੇ ਪੱਖੋਂ ਸਿਰੇ ਚਾੜ੍ਹਨਾ ਤੇ ਫਿਰ ਇਸ ਗਰੰਥ ਨੂੰ ਡਾਕ ਰਾਹੀਂ ਜਾਂ ਲੇਖਕਾਂ ਹੱਥ ਬਾਹਰਲੇ ਦੇਸ਼ਾਂ ਨੂੰ ਭੇਜਣਾ ਬਹੁਤ ਹੌਸਲੇ, ਵਕਤ ਤੇ ਖਰਚ ਦੀ ਮੰਗ ਕਰਦਾ ਹੈ। ਏਨਾ ਵੱਡਾ ਕਾਰਜ ਇਲਿਆਸ ਘੁੰਮਣ ਵਰਗਾ ਕੋਈ ਸੂਰਮਾ ਪੰਜਾਬੀ ਮਾਂ ਦਾ ਲਾਲ ਹੀ ਕਰ ਸਕਦਾ ਹੈ ਅਤੇ ਘੁੰਮਣ ਨੇ ਇਹ ਪ੍ਰਤੱਖ ਕਰ ਵਿਖਾਇਆ ਹੈ। ਸਾਡੇ ਏਧਰਲੇ ਪੰਜਾਬ ਵਿਚੋਂ ਕੁਝ ਸਹਿਯੋਗੀਆਂ ਨੇ ਹਲਕੀਆਂ, ਸਿਫਾਰਸ਼ੀ ਕਾਵਿ-ਰਚਨਾਵਾਂ ਵੀ ਭੇਜ ਦਿਤੀਆਂ ਹਨ, ਜਿਹਨਾਂ ਤੋਂ ਭਵਿੱਖ ਵਿਚ ਸਾਵਧਾਨੀ ਦੀ ਲੋੜ ਹੈ। ਸਾਡਾ ਸੁਝਾਅ ਹੈ ਕਿ ਲਹਿੰਦੇ ਪੰਜਾਬ ਦੀਆਂ ਪੰਜਾਬੀ ਲਿਖਤਾਂ ਤੋਂ ਬਿਨਾਂ ਉਰਦੂ, ਸਿੰਧੀ, ਬਲੋਚੀ ਤੇ ਪਸ਼ਤੋ ਲੇਖਕਾਂ ਦੀਆਂ ਸ਼ਾਹਕਾਰ ਕਹਾਣੀਆਂ ਤੇ ਨਜ਼ਮਾਂ ਇਸ ਵਿਚ ਸ਼ਾਮਲ ਕੀਤੀਆਂ ਜਾਇਆ ਕਰਨ ਤੇ ਬੇਲੋੜੀ ਭਰਤੀ ਤੋਂ ਬਚਿਆ ਜਾਵੇ। ਅੰਤ ਤੇ ਅਸੀਂ ਚਿਰਾਗ ਵਾਲੇ ਉਸ ਦੇ ਸੁਭਚਿੰਤਕ, ਏਡੇ ਵੱਡੇ ਕਾਰਜ ਦੇ ਸਿਰੇ ਚੜ੍ਹਨ ਤੇ ਇਲਿਆਸ ਘੁੰਮਣ ਨੂੰ ਸ਼ਾਬਾਸ਼ ਦਿੰਦੇ ਹਾਂ ਤੇ ਆਸ ਕਰਦੇ ਹਾਂ ਕਿ ਉਹ ਔਝੜ ਤੇ ਬਿਖੜੇ ਰਾਹਾਂ ਉਤੇ ਉਹ ਸਾਬਤ-ਕਦਮੀ ਨਾਲ ਤੁਰਿਆ ਜਾਵੇਗਾ।

—'ਹਰਭਜਨ ਸਿੰਘ ਹੁੰਦਲ'

### ਅਮਰ ਆਵਾਜ਼ (ਜੀਵਨ)/ਲੇਖਕ—ਨਿੰਦਰ ਘੁਗਿਆਣਵੀ

ਪੰਜਾਬੀ ਸਾਹਿਤ ਵਿਚ ਜੀਵਨੀਆਂ ਲਿਖਣ ਦੀ ਕੋਈ ਨਰੋਈ ਪਰੰਪਰਾ ਨਹੀਂ ਹੈ। ਬੇਸ਼ੱਕ ਗੁਰੂਆਂ, ਪੀਰਾਂ ਤੇ ਹੋਰ ਧਾਰਮਿਕ ਵਿਅਕਤੀਆਂ ਦੀਆਂ ਜੀਵਨੀਆਂ ਲਿਖੀਆਂ ਗਈਆਂ ਹਨ। ਪਰੰਤੂ ਸਾਹਿਤਕਾਰਾਂ, ਤੇ ਕਲਾਕਾਰਾਂ ਦੀਆਂ ਜੀਵਨੀਆਂ ਨਾਂ ਹੋਣ ਦੇ ਬਰਾਬਰ ਹਨ। ਕੁਝ ਲੇਖਕਾਂ ਨੇ ਆਪਣੀਆਂ ਸਵੈ ਜੀਵਨੀਆਂ ਲਿਖੀਆਂ ਹਨ। ਉਹ ਜੀਵਨੀਆਂ ਘੱਟ ਤੇ ਸ਼ਾਹਿਤਕ ਕਿਰਤਾਂ ਵਧ ਜਾਪਦੀਆਂ ਹਨ।

ਕਲਾਕਾਰਾਂ, ਗਵੱਈਆਂ, ਰਾਗੀਆਂ ਤੇ ਲੋਕ ਗਾਇਕਾਂ ਦੀਆਂ ਜੀਵਨੀਆਂ ਦੀ ਉਕਾ ਹੀ ਅਣ-ਹੋਂਦ ਹੈ। ਇਸ ਤਰ੍ਹਾਂ ਪੰਜਾਬੀ ਜੀਵਨ ਜਿਹੜਾ ਬੌਧਿਕ ਪੱਖੋਂ ਪਹਿਲਾਂ ਹੀ ਕੰਗਾਲ ਹੈ, ਹੋਰ ਵੀ ਕੰਗਾਲ ਜਾਪਦਾ ਹੈ। ਅਜ ਸਾਡੇ ਕੋਲ ਕਲਾਕਾਰਾਂ, ਗੀਤਕਾਰਾਂ ਤੇ ਲੋਕ ਗਾਇਕਾਂ ਦੀ ਕੋਈ ਥੁੜ੍ਹ ਨਹੀਂ ਹੈ। ਸਾਡੇ ਕੋਲ ਲਾਲ ਚੰਦ ਯਮਲਾ ਜੱਟ ਦੇ ਬੋਲ ਹਨ ਤੇ ਕੌਮਾਂਤਰੀ ਪਰਸਿੱਧੀ ਵਾਲੇ ਹੰਸ ਰਾਜ ਹੰਸ ਵਰਗੇ ਗਾਇਕ ਹਨ। ਇਸ ਲਈ ਇਹਨਾਂ ਦੀ ਯਾਦ ਨੂੰ ਸਦੀਵੀ ਬਨਾਉਣ ਲਈ ਇਨ੍ਹਾਂ ਦੀਆਂ ਜੀਵਨੀਆਂ ਲਿਖਣ ਦੀ ਸਖਤ ਲੋੜ ਸੀ।

ਇਸ ਪਾਸੇ ਯਮਲਾ ਜੱਟ ਦੇ ਸ਼ਾਗਿਰਦ ਨਿੰਦਰ ਘੁਗਿਆਣਵੀ ਨੇ ਇਕ ਅਹਿਮ ਕਦਮ ਪੁੱਟਿਆ ਹੈ। ਉਹਨੇ ਉਸਤਾਦ ਯਮਲਾ ਜਟ ਦੀ ਜੀਵਨੀ ਲਿਖਕੇ ਇਸ ਥੁੜ੍ਹ ਨੂੰ ਪੂਰਾ ਕਰਨ ਦਾ ਉਪਰਾਲਾ ਕੀਤਾ ਹੈ।

ਨਿੰਦਰ ਨੇ ਇਸ ਕੰਮ ਲਈ ਬਹੁਤ ਮਿਹਨਤ ਕੀਤੀ ਹੈ। ਉਹਨੇ ਉਸਤਾਦ ਦੇ ਮੂੰਹੋਂ ਸੁਣੀ ਆਪਬੀਤੀ, ਉਸ ਬਾਰੇ ਜਾਣਕਾਰਾਂ ਦੇ ਬਿਆਨ, ਉਸਤਾਦ ਦੇ ਸ਼ਾਗਿਰਦਾਂ ਤੇ ਹੋਰ ਨਿਕਟਵਰਤੀਆਂ ਦੀਆਂ ਯਾਦਾਂ ਬਹੁਤ ਤਰਦੱਦ ਨਾਲ ਇਕੱਠੀਆਂ ਕੀਤੀਆਂ ਹਨ। ਇਹ ਕੰਮ ਵਿਚ ਉਹਨੂੰ ਢੇਰ ਸਾਰਾ ਧੰਨ ਤੇ ਸਮਾਂ ਖਰਚ ਕਰਨਾ ਪਿਆ।

ਨਿੰਦਰ ਨੇ ਜੀਵਨੀ ਨੂੰ ਕਾਂਡਾਂ ਵਿਚ ਵੰਡਿਆ ਹੈ । ਪਹਿਲਾ ਕਾਂਡ 'ਆਦਿ ਕਥਨ' ਵਿਚ ਵਿਦ-ਵਾਨ ਕਿਰਪਾਲ ਸਿੰਘ ਕਸੇਲ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ । ਦੂਜੇ ਕਾਂਡ ਵਿਚ ਨਿੰਦਰ ਉਸ-ਤਾਦ ਨਾਲ ਆਪਣੀ ਨੇੜਤਾ ਤੇ ਜੀਵਨੀ ਲਿਖਣ ਸਮੇਂ ਦੇ ਕਾਰਨ ਬਾਰੇ ਆਪਣਾ ਤਜਰਬਾ ਬਿਆਨ ਕਰਦਾ ਹੈ । ਇਹ ਕੇਵਲ ਇਕ ਨਿਜੀ ਤਜਰਬਾ ਹੀ ਨਹੀਂ ਬਲਕਿ ਸਾਡੇ ਜੀਵਨ ਦੀ ਬੌਧਿਕ ਸਥਿਤੀ ਦਾ ਕੀ ਵਰਨਣ ਹੈ । ਤੀਜੇ ਕਾਂਡ ਵਿਚ ਉਸਤਾਦ ਵਲੋਂ ਵਰਨਣ ਕੀਤਾ ਜੀਵਨ ਦਰਜ ਹੈ, ਜਿਸ ਵਿਚ ਉਸਤਾਦ ਵਲੋਂ ਇਕ ਅਤਿ ਪਛੜੇ ਇਲਾਕੇ ਤੇ ਪਛੜੇ ਵਰਗ ਵਿਚੋਂ ਉਠਕੇ ਕਲਾ ਪਰਾਪਤੀ ਤੇ ਉਸਨੂੰ ਸਿਖਰ ਤੇ ਪੁਚਾਉਣ ਦਾ ਜਿਕਰ ਹੈ, ਇਹ ਜੀਵਨ ਸੰਘਰਸ਼ ਦੂਹਰਾ ਹੈ । ਜਿਥੇ ਕਲਾ ਨੂੰ ਸਿਖਣ, ਗੁੜਨ, ਤੇ ਨਖਾਰਨ ਦਾ ਸੰਘਰਸ਼ ਹੈ, ਉਥੇ ਅਤਿ ਦੀ ਗਰੀਬੀ ਤੇ ਨਾਦਾਰੀ ਦੇ ਹੁੰਦਿਆਂ ਆਪਣੇ ਦਰਵੇਸ਼ੀ ਤੇ ਕਲਾਕਾਰ ਸੁਭਾਅ ਨੂ ਜਿਉਂਦਿਆਂ ਰਖਣ ਤੇ ਵਿਕਸਾਉਣ ਦਾ ਸੰਘਰਸ਼ ਵੀ ਹੈ । ਉਸਤਾਦ ਯਮਲੇ ਦਾ ਇਕ ਨਿਮਨ ਵਰਗ ਵਿਚ ਜੰਮਣਾ ਨਿਆਮਤ ਤੇ ਲਾਹਨਤ ਦੋਨੋਂ ਹੀ ਸਾਬਤ ਹੋਇਆ ਹੈ । ਨਿਆਮਤ ਇਸ ਲਈ ਕਿ ਨਿਮਨਵਰਗ ਕੋਲ ਪੰਜਾਬੀ ਸਭਿਆਚਾਰ ਦੀਆਂ ਨਰੋਈਆਂ ਤੇ ਮਾਨਵੀ ਕਦਰਾਂ ਬਿਨਾਂ ਕਿਸੇ ਬਾਹਰੀ ਪਰਭਾਵ ਦੇ ਸੁਰਖਿਅਤ ਰਹੀਆਂ । ਜਿਨ੍ਹਾਂ ਨੂੰ ਉਸਤਾਦ ਨੇ ਆਪਣੀ ਕਲਾ ਤੇ ਗੀਤਾਂ ਰਾਹੀਂ ਲੋਕਾਂ ਸਾਹਮਣੇ ਪੇਸ਼ ਕੀਤਾ । ਗਰੀਬੀ ਇਕ ਲਾਹਨਤ ਹੈ । ਜਿਹੜੀ ਉਸਤਾਦ ਤੇ ਉਸਦੇ ਪਰਵਾਰ ਨੂੰ ਭੋਗਣੀ ਪਈ । ਆਪਣੇ ਜੀਵਨ ਦਾ ਬਹੁਤਾ ਸਮਾਂ ਉਸਤਾਦ ਨੂੰ ਇਸ ਲਾਹਨਤ, ਵਿਰੁੱਧ ਲੜਦਿਆਂ ਲਾਉਣਾ ਪਿਆ । ਪਰੰਤੂ ਮਾਨਵੀ ਕਦਰਾਂ ਨੇ ਕਦੇ ਵੀ ਉਸਦਾ ਸਾਥ ਨਾ ਛੱਡਿਆ । ਵੱਡਿਆਂ ਦੀ ਸੇਵਾ ਤੇ ਕਦਰ ਕਰਨੀ ਪੰਜਾਬੀ ਸਭਿਆਚਾਰ ਦੀ ਅਹਿਮ ਵਰਾਸਤ ਹੈ । ਉਸਤਾਦ ਨੇ ਆਪਣੇ ਉਸਤਾਦ ਦੀ ਸੇਵਾ ਕਰਕੇ ਇਸਦੀ ਘਾਲਣਾ ਕੀਤੀ ।

ਚੌਥੇ ਕਾਂਡ ਵਿਚ ਉਸਤਾਦ ਨਾਲ ਜੁੜੀਆਂ ਅਭੁੱਲ ਯਾਦਾਂ ਦਾ ਵਰਨਣ ਹੈ । ਜਿਹੜੀਆਂ ਉਸਤਾਦ ਦੇ ਜੀਵਨ ਦੇ ਵੱਖੋ ਵੱਖਰੇ ਪੱਖਾਂ ਨੂੰ ਉਜਾਗਰ ਕਰਦੀਆਂ ਹਨ । ਇਸ ਵਿਚ ਬਹੁਤੇ ਗੀਤ-ਕਾਰ ਤੇ ਉਸਤਾਦ ਦੇ ਨਿਕਟ ਵਰਤੀ ਸ਼ਾਗਿਰਦਾਂ ਦੀਆਂ ਯਾਦਾਂ ਹਨ । ਪੰਜਵੇ ਕਾਂਡ ਵਿਚ ਵੱਖੋ ਵੱਖਰੇ ਖੇਤਰ ਦੇ ਵਿਦਵਾਨਾਂ ਵਲੋਂ ਉਸਤਾਦ ਦੀ ਕਲਾ ਤੇ ਉਹਦੇ ਵਿਅਕਤਤਵ ਬਾਰੇ ਬਹੁਮੁੱਲੇ ਵਿਚਾਰ ਪਰਗਟ ਕੀਤੇ ਗਏ ਹਨ । ਇਹ ਵਿਚਾਰ ਪਹਿਲਾਂ ਉਸਰੇ ਮਹਿਲ ਤੇ ਸਫੇਦੀ ਫੇਰਨ ਵਾਂਗ ਉਸਤਾਦ ਦੇ ਜੀਵਨ ਨੂੰ ਹੋਰ ਚਮਕਾਉਂਦੇ ਹਨ ।

ਛੇਵੇਂ ਕਾਂਡ ਵਿਚ ਉਸਤਾਦ ਦੇ ਵਿਛੜ ਜਾਣ ਉਪਰੰਤ ਕਵੀਆਂ ਤੇ ਗੀਤਕਾਰਾਂ ਵਲੋਂ ਉਸ-ਤਾਦ ਨੂੰ ਭੇਟ ਕੀਤੀਆਂ ਗਈਆਂ ਸ਼ਰਧਾਂਜਲੀਆਂ ਕਾਵਿ ਰੂਪ ਵਿਚ ਦਿਤੀਆਂ ਗਈਆਂ ਹਨ । ਸਤਵੇਂ ਕਾਡ ਵਿਚ ਉਸਤਾਦ ਦੇ ਆਪਣੇ ਲਿਖੇ ਤੇ ਬਹੁਤ ਮਸ਼ਹੂਰ ਹੋਏ ਗੀਤ ਦਿਤੇ ਗਏ ਹਨ । ਜਿਨ੍ਹਾਂ ਵਿਚ—

ਤੇਰੇ ਨੀ੍ ਕਰਾਰਾਂ ਮੈਨੂੰ ਪੱਟਿਆ ।
ਦੱਸ ਮੈਂ ਕੀ ਪਿਆਰ ਵਿਚੋਂ ਖੱਟਿਆ ।
... ... ...
ਇਹ ਤਨ ਤੇਰਾ ਮਿਟੀ ਦਾ ਖਿਡਾਉਣਾ ।
ਤੂੰ ਮਾਨ ਕਰੇਂ ਕਿਹੜੀ ਗੱਲ ਦਾ ।
... ...
ਜੰਗਲ ਦੇ ਵਿਚ ਖੂਹ ਲੁਆ ਦੇ, ਉਤੇ ਪਵਾ ਦੇ ਡੋਲ
ਸਖੀਆ ਨਾਮ ਸਾਈਂ ਦਾ ਬੋਲ ।



ਸਤਿਗੁਰ ਨਾਨਕ ਆ ਜਾ
ਦੁਨੀਆਂ ਨੂੰ ਈਦ ਦਿਖਾ ਜਾ
ਸੰਗਤ ਪਈ ਪੁਕਾਰਦੀ ।
... ... ...
ਆਹ ਲੈ ਤੂੰ ਲਲਾਰੀਆ,
ਦੁਪੱਟਾ ਮੇਰਾ ਰੰਗ ਵੇ,
ਭੁੱਖ ਤੇ ਬੇਕਾਰੀ ਨਾਲ
ਕਰਾਂ ਜਾ ਕੇ ਜੰਗ ਵੇ ।

ਆਦਿ ਗੀਤ ਹਨ । ਅੰਤ ਵਿਚ ਨਿੰਦਰ ਨੇ ਯਮਲੇ ਦੇ ਪਰਵਾਰ ਤੇ ਉਸ ਨਾਲ ਜੁੜੀਆਂ ਅਹਿਮ ਘਟਨਾਵਾਂ ਬਾਰੇ ਤਸਵੀਰਾਂ ਦੇ ਕੇ ਆਪਣੀ ਲਿਖਤ ਨੂੰ ਇਤਿਹਾਸਿਕ ਤੇ ਦਸਤਾਵੇਜ਼ੀ ਬਣਾ ਦਿਤਾ ਹੈ । ਇਸ ਤਰ੍ਹਾਂ ਇਹ ਜੀਵਨੀ ਹੋਰ ਵੀ ਪਰਮਾਣਿਕ ਬਣ ਗਈ ਹੈ । ਨਿੰਦਰ ਦਾ ਵਰਨਣ ਸਾਦਾ ਤੇ ਰੋਚਕ ਹੈ, ਉਹਦੀ ਲਿਖਤ ਵਿਚ ਖਿੱਚ ਤੇ ਦਰਿਆ ਵਰਗੀ ਰਵਾਨੀ ਹੈ ।

ਇਸ ਤਰ੍ਹਾਂ ਜਿਥੇ ਇਕ ਸ਼ਗਿਰਦ ਨੇ ਆਪਣੇ ਉਸਤਾਦ ਦਾ ਰਿਣ ਤਾਰਿਆ ਹੈ, ਉਥੇ ਇਹ ਕਿਰਤ ਪੰਜਾਬੀ ਦੇ ਜੀਵਨੀ ਸਾਹਿਤ ਵਿਚ ਅਹਿਮ ਵਾਧਾ ਹੈ । ਪੁਸਤਕ ਬਹੁਤ ਵਧੀਆ ਛਪੀ ਹੈ । ਟਾਈਟਲ ਉਤੇ ਉਸਤਾਦ ਦੀ ਤਸਵੀਰ ਤੂੰਬੀ ਤੇ ਯਮਲੇ ਜੱਟ ਵਾਲੇ ਟੌਅਰ ਸਮੇਤ ਦਿਤੀ ਗਈ ਹੈ । ਜਿਹੜੀ ਬਹੁਤ ਹੀ ਆਕਰਸ਼ਕ ਹੈ । ਪੰਜਾਬੀ ਸਾਹਿਤ ਦੇ ਸ਼ਹਿਰਦ ਪਾਠਕ ਤੇ ਕਲਾ ਦੇ ਕਦਰਦਾਨ ਅਵੱਸ਼ ਹੀ ਇਸ ਕਿਰਤ ਦਾ ਮੁਲ ਪਾਉਣਗੇ । ਉਘੇ ਗਾਇਕ ਤੇ ਦਰਵੇਸ਼ ਸ਼ਖਸ਼ ਹੰਸ ਰਾਜ ਹੰਸ ਨੇ ਇਸ ਪੁਸਤਕ ਦੇ ਛਪਣ ਵਿਚ ਅਹਿਮ ਹਿੱਸਾ ਪਾਇਆ ਜੋ ਉਸਦੀ ਕਲਾ ਦੀ ਕਦਰਦਾਨੀ ਦਾ ਹੋਰ ਸਬੂਤ ਹੈ ਮੇਰੀਆਂ ਸ਼ੁਭ ਇਛਾਵਾਂ ਨਿੰਦਰ ਘੁਗਿਆਣਵੀ ਦੇ ਨਾਲ ਹਨ । —**ਸੁਰਜੀਤ ਗਿੱਲ**

## ਸਵੈ-ਜੀਵਨੀ ਦਾ ਇਕ ਨਵਾਂ ਮਾਡਲ/ਤੇਜਵੰਤ ਮਾਨ (ਡਾ:)

ਗਿਆਰਾਂ ਅਪ੍ਰੈਲ 1993 ਦੇ ਅਜੀਤ ਵਿਚ ਮੈਂ ਹਰਭਜਨ ਸਿੰਘ ਹੁੰਦਲ ਦੀ ਪੁਸਤਕ 'ਘਸਮੈਲੇ ਚਿਹਰੇ' ਜੋ ਉਸਦੇ ਪਿਛਲੇ ਪਿੰਡ ਦੇ ਵਡੇ ਵਡੇਰਿਆਂ ਦੇ ਰੇਖਾ ਚਿੱਤਰ ਸਨ, ਬਾਰੇ ਰੀਵਿਊ ਕਰਦਿਆਂ ਲਿਖਿਆ ਸੀ ਕਿ ਕੀ ਜੀਵਨੀ ਜਾਂ ਸਵੈਜੀਵਨੀ ਦੇ ਸਾਹਿਤ ਰੂਪ ਨੂੰ ਕੁਝ ਪਾਤਰਾਂ ਦੇ ਚਿਹਰਿਆਂ ਨੂੰ ਉਲੀਕਣ ਨਾਲ ਪੂਰਾ ਕੀਤਾ ਜਾ ਸਕਦਾ ਹੈ । ਮੇਰਾ ਨਿਰਣਾ ਸੀ ਕਿ ਨਹੀਂ । ਹੁੰਦਲ ਦੇ ਇਹ ਚੇਹਰੇ ਜੋ ਉਹਦੀ ਯਾਦ ਸ਼ਕਤੀ ਵਿਚ ਘਸ਼ਮੈਲੇ ਹੁੰਦੇ ਜਾ ਰਹੇ ਹਨ, ਕਿਸੇ ਹੋਰ ਰਚਨਾ ਜਾਂ ਸਵੈ-ਜੀਵਨੀ ਲਈ ਰੱਫ-ਨੋਟਸ ਹਨ, ਜੋ ਹੁੰਦਲ ਫੇਰ ਕਦੇ ਵਰਤੇਗਾ, ਪਰ ਇਹ ਚਿਹਰੇ ਫੇਰ ਵੀ ਪੰਜਾਬ ਦੇ ਸਭਿਆਚਾਰਕ, ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਜੀਵਨ ਦਾ ਝਲਕਾਰਾ ਪੇਸ਼ ਕਰਦੇ ਹਨ ।

ਬਿਲਕੁਲ ਮੇਰੀ ਉਪਰੋਕਤ ਧਾਰਨਾਂ ਨੂੰ ਹੁਦਲ ਨੇ 1997 ਵਿਚ ਪਿਛਲਾ ਪਿੰਡ' ਇਕ ਹੋਰ ਸਿਮਰਤੀ ਸੰਗ੍ਰਹਿ ਲਿਖਕੇ ਸਿੱਧ ਕੀਤਾ ਹੈ । ਭਾਵੇਂ ਹੁੰਦਲ ਦੇ ਸਵੈ-ਕਥਨ ਅਨੁਸਾਰ ਉਸ ਨੇ ਆਪਣੀ ਸਵੈਜੀਵਨੀ 1988 ਤੋਂ ਲਿਖਣੀ ਸ਼ੁਰੂ ਕੀਤੀ ਹੋਈ ਹੈ ਪਰ ਹਾਲਾਂ ਉਹ 1991 ਅਤੇ 1997 ਦੀਆਂ ਦੋਹਾਂ ਪੁਸਤਕਾਂ ਵਿਚ ਆਪਣੇ ਰਫ਼ ਨੋਟਸ ਹੀ ਤਿਆਰ ਕਰ ਰਿਹਾ ਹੈ । ਆਪਣੇ ਪੁਰਾਣੇ ਪਿੰਡ ਦੀਆਂ ਯਾਦਾਂ ਨੂੰ ਗੂੜ੍ਹੀਆਂ ਕਰਨ ਲਈ ਉਸਨੇ ਤਿੰਨ ਵਾਰ ਆਪਣੇ ਪੁਰਾਣੇ ਪਿੰਡ ਚੱਕ ਨੰਬਰ 64 ਜੋ ਸਰਕਾਰੀ ਕਾਗਜ਼ਾਂ ਵਿਚ ਨਿਹਾਲੋਆਣਾ ਬੰਡਾਲਾ ਚੱਕ ਨੰਬਰ ਚੋਹਠ ਵੀ

ਕਿਹਾ ਜਾਂਦਾ ਸੀ, ਜਾਣ ਦੀ ਕੋਸ਼ਿਸ਼ ਕੀਤੀ, 1968 ਈ: ਵਿਚ, 1969 ਈ: ਅਤੇ ਫੇਰ 1995 ਈ. ਵਿਚ। ਪਰ ਪਾਕਿਸਤਾਨ ਸਰਕਾਰ ਦੀਆ ਅੜਿਚਨਾ ਕਾਰਨ ਜਾ ਨਹੀਂ ਸਕਿਆਂ। ਅਲਿਆਸ ਘੁੰਮਣ ਅਤੇ ਆਸ਼ਕ ਅਲੀ ਫੈਸਲ ਨੇ ਹਰਭਜਨ ਹੁੰਦਲ ਦਾ ਦਰਦ ਸਮਝਦਿਆਂ ਉਸਦੇ ਪੁਰਾਣੇ ਪਿੰਡ ਦੇ ਕੁਝ ਮੌਜੂਦਾ ਹਾਲਾਤ ਇਕ ਲੇਖ ਵਿਚ ਲਿਖੇ। ਫ਼ੈਸਲ ਆਪ ਹੁੰਦਲ ਦੇ ਪਿੰਡ 25 ਦਸੰਬਰ 1995 ਨੂੰ ਜਾਕੇ ਆਇਆ। ਖੈਰੂ ਮੋਚੀ ਬਾਰੇ, ਦੀਦਾਰ ਸਿੰਘ ਅਤੇ ਤਾਰਾ ਸਿੰਘ ਦੇ ਮਕਾਨ ਬਾਰੇ, ਖੂਹ ਦੇ ਪਿਪਲ ਬਾਰੇ, ਚੌਕ ਵਾਲੇ ਵੱਡੇ ਬੋਹੜ ਬਾਰੇ, ਪਿੰਡ ਦੇ ਛੱਪੜਾਂ ਬਾਰੇ ਲਿਖਿਆ। ਇਸੇ ਤਰ੍ਹਾਂ ਇਲਿਆਸ ਘੁੰਮਣ ਨੇ ਜੁੰਮੇ ਮੋਚੀ ਦੇ ਮਿਲ ਜਾਣ ਬਾਰੇ ਹੁੰਦਲ ਨੂੰ ਚਿੱਠੀ ਰਾਹੀਂ ਦਸਿਆ। ਹੁੰਦਲ ਦਾ ਭਾਵੁਕ ਮਨ ਅਤੇ ਆਪਣੀ ਪੁਰਾਣੀ ਧਰਤੀ ਦਾ ਹੇਰਵਾ ਤੜਪ ਉਠਦਾ ਹੈ ਤੇ ਉਹ ਆਪਣੀ ਭਾਵੁਕਤਾ ਨੂੰ 'ਪਿਛਲਾ ਪਿੰਡ' ਨਾਂ ਦੀ ਲੰਮੀ ਕਵਿਤਾ ਵਿਚ ਪ੍ਰਗਟ ਕਰਦਾ ਹੈ ਜੋ ਉਸਨੇ ਫ਼ਰਵਰੀ 1996 !ਚ ਲਿਖੀ ਅਤੇ ਇਸ ਪੁਸਤਕ ਦੇ ਨਾਮ ਕਰਨ ਵਜੋਂ ਇਸ ਪੁਸਤਕ ਦੀ ਅੰਤਿਕਾ ਵਿਚ ਸ਼ਾਮਲ ਕੀਤੀ ਹੈ। ਇਸੇ ਪੁਸਤਕ ਵਿਚ ਸ਼ਫਕਤ ਤਨਵੀਰ ਮਿਰਜ਼ਾ ਦਾ ਇਕ ਲੇਖ ਵੀ ਸੰਕਲਨ ਕੀਤਾ ਗਿਆ ਹੈ ਜਿਸ ਵਿਚ ਹੁੰਦਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਤਾਂ ਹੈ ਹੀ ਪਰ ਇਕ ਗਲ ਜੋ ਹਰਭਜਨ ਦੀ ਭਾਵਨਾ ਬਾਰੇ ਇਕ ਘਟਨਾ ਦਰਜ ਕੀਤੀ ਹੈ ਇਸ ਪੁਸਤਕ ਦੀ ਰਚਨ ਪ੍ਰਕਿਰਿਆ ਦੇ ਮਹੱਤਵ ਨੂੰ ਵੀ ਸਥਾਪਤ ਕਰਦੀ ਹੈ। ਮਿਰਜ਼ਾ ਸੁਆਲ ਕਰਦਾ ਹੈ। 'ਹਰਭਜਨ, ਜੇ ਕਸਟਮ ਅਫਸਰ ਬੀਬੀ ਉਹਨਾਂ ਕਿਤਾਬਾਂ ਦੇ ਮਹੱਤਵ ਨੂੰ ਨਹੀਂ ਸਮਝਦੀ, ਜਿਹੜੀਆਂ ਤੂੰ ਲਾਹੌਰੋਂ ਲੈ ਕੇ ਆਇਆ ਸੀ ਤਾਂ ਤੂੰ ਸਥਾਪਤ ਸਰਕਾਰਾਂ ਕੋਲੋਂ ਕਿਵੇਂ ਆਸ ਰੱਖਦਾ ਹੈ ਕਿ ਉਹ ਇਕ ਕ ਾ ਦੀ ਆਪਣੀ ਜੰਮਣ ਭੌਂਏ ਨੂੰ ਦੁਬਾਰਾ ਵੇਖਣ ਦੀ ਤਾਂਘ ਨੂੰ ਸਮਝ ਸਕਣ।"

ਬਸ ਇਹ ਸਵਾਲ ਅਤੇ ਹਰਭਜਨ ਹੁੰਦਲ ਦੀ ਲਿਖੀ 'ਪਿਛਲਾ ਪਿੰਡ' ਭਾਵੁਕ ਕਵਿਤਾ ਹੀ ਇਸ ਪੁਸਤਕ ਦੀ ਰਚਨ ਪ੍ਰਕਿਰਿਆ ਦਾ ਸਰੋਤ ਹੈ। ਹੁੰਦਲ ਆਪਣੀ ਪੁਸਤਕ ਦਾ ਸਮਰਪਣ ਵੀ ਉਨ੍ਹਾਂ ਪਾਕਿਸਤਾਨੀ ਪੰਜਾਬ ਦੇ ਅਦੀਬਾਂ ਨੂੰ ਕਰਦਾ ਹੈ ਜੋ ਦੋਹਾਂ ਪੰਜਾਬਾਂ ਦੇ ਲੋਕਾਂ, ਅਦੀਬਾਂ ਨਾਲ ਆਪਣੀ ਅਦਬੀ ਅਤੇ ਸਭਿਆਚਾਰਕ ਸਾਂਝ ਨੂੰ ਵਧਾਉਣ ਲਈ ਉੱਦਮ ਕਰਦੇ ਹਨ। ਲੇਖਕ ਇਸ ਪੁਸਤਕ ਦੇ 'ਪਿਛੋਕੜ' ਸਿਰਲੇਖ ਹੇਠ ਲਿਖੇ ਮੁਖ ਬੰਦ ਵਿਚ ਆਪਣੀ ਸਵੈ-ਜੀਵਨੀ ਦੇ ਨਵੇਂ ਮਾਡਲ ਬਾਰੇ ਦਾਅਵਾ ਕਰਦਿਆਂ ਲਿਖਦਾ ਹੈ ਕਿ ਆਪਣੇ ਪਿਛਲੇ ਪਿੰਡ ਨਾਲ ਸਬੰਧਤ ਇਹ ਘਟਨਾਵਾਂ, ਅਨੁਭਵਾਂ ਵਿਅਕਤੀਆਂ ਅਤੇ ਸਿਮ੍ਰਤੀਆਂ ਨੂੰ ਇਕੱਤਰ ਕਰਨਾ ਸਵੈਜੀਵਨੀ ਸਿਰਜਨ ਦਾ ਇਕ ਨਵਾਂ ਮਾਡਲ ਹੋ ਸਕਦਾ ਹੈ। ਨਾਲ ਹੀ ਉਹ ਇਨ੍ਹਾਂ ਸਾਰੇ ਛੋਟੇ ਲੇਖਾਂ ਨੂੰ ਸਭਿਆਚਾਰਕ ਸਿਮ-ਰਤੀਆਂ ਦਾ ਨਾਂ ਦਿੰਦਾ ਹੋਇਆ ਕਹਿੰਦਾ ਹੈ ਕਿ ਮਨੁੱਖ ਨੂੰ ਆਪਣੀ ਹੋਂਦ ਹਸਤੀ ਤੇ ਵਿਰਾਸਤ ਨੂੰ ਸਮਝਣ ਲਈ ਆਪਣੀਆਂ ਜੜ੍ਹਾਂ ਨੂੰ ਭਾਲਣਾ ਫ਼ਰੋਲਣਾ ਬਹੁਤ ਜ਼ਰੂਰੀ ਹੈ। ਅਜਿਹਾ ਹੀ ਦਾਅਵਾ ਉਸਨੇ ਆਪਣੀ ਪਹਿਲੀ ਪੁਸਤਕ 'ਘਸਮੈਲੇ ਚਿਹਰੇ' ਵਿਚ ਵੀ ਕੀਤਾ ਸੀ। ਹੁੰਦਲ ਨੂੰ ਇਸ ਗਲ ਦਾ ਵੀ ਦੁੱਖ ਹੈ ਕਿ ਉਸਨੇ ਆਪਣੇ ਬਾਬਾ ਜੀ ਦੇ ਅਨੁਭਵ ਨੂੰ ਪਹਿਲਾਂ ਲਿਖਤੀ ਰੂਪ ਵਿਚ ਨਹੀਂ ਉਤਾਰਿਆ। ਇਤਿਹਾਸ ਦੀਆਂ ਅਜੇਹੀਆਂ ਗਲਤੀਆਂ ਅੱਗੇ ਮਨੁੱਖ ਦੀ ਕੋਈ ਪੇਸ਼ ਨਹੀਂ ਜਾਂਦੀ। ਬੇਬੱਸੀ ਦੀ ਇਸ ਸਥਿਤੀ ਵਿਚ ਹੁੰਦਲ ਨੇ ਮੁੜ ਕੁਝ ਧੁੰਦਲੀਆਂ ਯਾਦਾਂ ਆਪਣੇ ਪਿਛਲੇ ਪਿੰਡ ਬਾਰੇ 25 ਲੇਖਾਂ ਵਿਚ ਜਿਨ੍ਹਾਂ ਦਾ ਆਕਾਰ ਬੇਸ਼ੱਕ ਲਘੂ ਹੈ ਪਰ ਇਨ੍ਹਾਂ ਦਾ ਸਾਹਿਤਕ ਅਤੇ ਸਭਿਆਚਾਰਕ ਕੱਦ, ਮਹਾਤਮ ਵੱਡਾ ਹੈ, ਵਿਚ ਲਿਖੀਆਂ ਹਨ। 5 ਛੋਟੇ ਲੇਖ ਇਨ੍ਹਾਂ ਯਾਦਾਂ ਦੇ ਲਿਖਣ ਪ੍ਰਕਿਰਿਆ ਨਾਲ ਸਬੰਧਤ ਹਨ।



ਇਸ ਪੁਸਤਕ ਨੂੰ ਪੜ੍ਹਦਿਆਂ ਮੇਰੇ ਮਨ ਵਿਚ ਦੋ ਮਹੱਤਵ ਪੂਰਨ ਸਵਾਲ ਪੈਦਾ ਹੋਏ ਅਤੇ ਜਿਨ੍ਹਾਂ ਦਾ ਉੱਤਰ ਮੈਂ ਇਸ ਪੁਸਤਕ ਦੇ ਪਾਠ ਵਿਚੋਂ ਹੀ ਪ੍ਰਾਪਤ ਕੀਤਾ ਹੈ। ਮੈਂ ਇਹ ਸਵਾਲ ਆਪਣੇ ਕੁਝ ਮਾਰਕਸਵਾਦੀ ਮਿੱਤਰਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ। ਪਹਿਲੀ ਗਲ ਤਾਂ ਇਹ ਕਿ ਕੀ ਕੋਈ ਮਨੁੱਖ ਆਪਣੇ ਸਭਿਆਚਾਰਕ ਸੰਸਕਾਰਾਂ, ਕੌਮੀਅਤ ਅਤੇ ਜਾਤੀਅਤ ਵੰਡਾਂ ਅਤੇ ਧਾਰਮਿਕ ਵਿਸ਼ਵਾਸ਼ਾਂ ਤੋਂ, ਜਮਾਤੀ ਦ੍ਰਿਸ਼ਟੀਕੋਣ ਤੋਂ ਵੱਖ ਹੋ ਸਕਦਾ ਹੈ। ਹੁੰਦਲ ਦੀ ਇਹ ਪੁਸਤਕ ਇਸ ਦਾ ਜਵਾਬ 'ਨਹੀਂ' ਵਿਚ ਦਿੰਦੀ ਹੈ। ਹੁੰਦਲ ਨੂੰ ਇਹ ਗਲ ਬਾਰ ਬਾਰ ਚੇਤਾ ਕਰਵਾਉਂਦੀ ਹੈ ਕਿ ਉਨ੍ਹਾਂ ਦਾ ਘਰ ਅਕਾਲੀਆਂ ਦਾ ਘਰ ਵਜਦਾ ਸੀ, ਗੁਰਮਤਿ ਦਾ ਧਾਰਨੀ ਸੀ ਅਤੇ ਬਜ਼ੁਰਗ ਜੈਤੋ ਨਨਕਾਣੇ ਦੇ ਮੋਰਚਿਆਂ ਵਿਚ ਸ਼ਹੀਦ ਹੋਏ ਸਨ। ਭਾਰਤੀ ਕੱਟੜ ਮਾਰਕਸਵਾਦੀ ਖਾਸ ਕਰਕੇ ਤੜਾਗੀਵਾਦੀ ਉਪਰੋਕਤ ਪਿਛੋਕੜ ਨੂੰ ਪਿਛਾਂਹ ਖਿਚੂ ਗੈਰ ਮਾਰਕਸਵਾਦੀ, ਜਗੀਰੂ ਅਤੇ ਧਾਰਮਿਕ ਮੰਨਦੇ ਹਨ। ਉਹ ਨਹੀਂ ਮੰਨਦੇ ਕਿ 1699ਈਂ 1905 ਈ: ਵਿਚਕਾਰ ਜਾਂ ਬਾਅਦ ਵਿਚ ਅਕਾਲੀਆਂ, ਬੱਬਰਾਂ, ਗਦਰੀਆਂ, ਨਾਮਧਾਰੀਆਂ ਦੀਆਂ ਲਹਿਰਾਂ ਕੋਈ ਕਿਰਤੀ ਕਿਰਸਾਨੀ ਦੀਆਂ ਸਟੇਟ ਵਿਰੁਧ ਲਹਿਰਾਂ ਸਨ। ਪਰਜਾ-ਮੰਡਲ ਲਹਿਰ ਵਿਚ ਸ਼ਾਮਲ ਸਿੱਖ ਸੰਸਕਾਰਾਂ ਵਾਲੀ ਕਿਰਸਾਨੀ ਨੂੰ ਵੀ ਉਹ ਇਨਕਲਾਬੀ ਦਰਜਾ ਦੇਣ ਤੋਂ ਝਿਜਕਦੇ ਹਨ; ਮੈਂ ਹੁੰਦਲ ਦੀ ਇਸ ਗੱਲ ਦੀ ਪ੍ਰੋੜਤਾ ਕਰਦਾ ਹਾਂ ਕਿ ਸਾਡਾ ਵਿਰਸਾ ਜੋ ਲੋਕ-ਲਹਿਰਾਂ ਦਾ ਵਿਰਸਾ ਹੈ, ਇਕ ਗੌਰਵ-ਭਈ ਵਿਰਸਾ ਹੈ। ਉਸਦੇ ਮਹਾਤਮੀ ਪ੍ਰਿਪੇਖ ਨੂੰ ਸਮਝਣਾ ਉਨਾਂ ਹੀ ਮਾਰਕਸਵਾਦੀ ਹੈ ਜਿਨ੍ਹਾਂ ਅਜ ਦੇ ਜਮਾਤੀ ਸੰਘਰਸ਼ ਨੂੰ ਸਮਝਣਾ। ਇਹੀ ਸਾਡੀ ਲੋਕਾਇਤੀ ਸਭਿਆਚਾਰਕ ਵਿਕਾਸ ਪਹਿਚਾਣ ਦੀ ਵਿਧੀ ਹੈ। ਜਿਸਨੂੰ ਹੁੰਦਲ ਨੇ ਬਾਖ਼ੂਬੀ ਨਿਭਾਇਆ ਹੈ। ਉਸਨੇ ਆਪਣੇ ਪੁਰਾਣੇ ਵਿਰਸੇ ਦੇ ਸਾਰੇ ਉਹਨਾਂ ਲੋਕ-ਵਿਸ਼-ਵਾਸ਼ਾਂ, ਸੰਸਕਾਰਾਂ, ਸਿਆਣਪਾਂ, ਟੋਟਕਿਆਂ, ਬਾਤਾਂ, ਖੁੰਡ-ਕੌਂਸਲਾਂ ਲੋਕ-ਸਮੂਹ ਸਿਆਸਤਾਂ ਦਾ ਬੜੀ ਬਰੀਕੀ ਨਾਲ ਵਿਵਵਰਣ ਪੇਸ਼ ਕਰਕੇ ਇਕ ਸਭਿਆਚਾਰਕ ਦਸਤਾਵੇਜ਼ ਤਿਆਰ ਕੀਤੀ ਹੈ। ਮੇਰੀ ਸਮਝ ਵਿਚ ਆਪਣੇ ਲੋਕਾਂ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਲੋਕਾਇਤੀ ਸਮਾਜ ਪ੍ਰਣਾਲੀ ਦਾ ਬਹੁ-ਕੋਨੀ ਅਧਿਐਨ ਕਰੀਏ ਨਾ ਕਿ ਕੇਵਲ ਦੋ ਜਮਾਤਾਂ ਦੇ ਫਿਕਸ ਚੌਖਟੇ 'ਚ ਰੱਖਕੇ। ਹੁੰਦਲ ਨੇ ਸ਼ਾਇਦ ਇਹ ਸਵਾਲ ਆਪਣੀ ਇਸ ਪੁਸਤਕ ਵਿਚਾਲੇ ਪਾਤਰਾਂ ਦਾ ਬਹੁ-ਕੋਨੀ ਅਧਿਐਨ ਕਰਕੇ ਹੱਲ ਕਰਨ ਦਾ ਯਤਨ ਕੀਤਾ ਹੈ। ਮੈਂ ਇਹ ਸਮਝਦਾ ਹਾਂ। ਹੁੰਦਲ ਇੰਝ ਸਮਝਦਾ ਹੈ ਕਿ ਨਹੀਂ ਇਸ ਬਾਰੇ ਮੈਂ ਕੀ ਕਹਿ ਸਕਦਾ ਹਾਂ? ਮੈਂ ਆਪਣੇ ਨਿਰਣੇ ਬਾਰੇ ਅੰਤਰ ਮੁਖੀ ਵੀ ਨਹੀਂ ਹੋ ਸਕਦਾ ਕਿਉਂਕਿ ਮੈਂ ਇਹ ਸਾਰੇ ਪਿੰਡ ਜਾਂ ਲੋਕ ਆਪ ਨਹੀਂ ਦੇਖੇ ਸਗੋਂ ਬਾਹਰਮੁਖੀ ਹੋ ਕੇ ਹੁੰਦਲ ਰਾਹੀਂ ਹੀ ਦੇਖੇ ਹਨ।

ਦੂਜਾ ਨੁਕਤਾ ਵਾਰਤਕ ਦਾ ਭਾਵ ਮੁਖੀ ਹੋਣ ਜਾਂ ਵਿਚਾਰ ਮੁਖੀ ਹੋਣ ਦਾ ਹੈ। ਮੇਰਾ ਵਿਚਾਰ ਹੈ ਕਿ ਭਾਵ ਵਾਰਤਕ ਜਾਂ ਕਵਿਤਾ ਦੋਹਾਂ ਦਾ ਹੀ ਹਿੱਸਾ ਹਨ, ਗੱਲ ਪ੍ਰਾਥਮਿਕਤਾ ਦੀ ਹੈ। ਕਵਿਤਾ ਵਿਚ ਭਾਵ ਮੁੱਖ ਹਨ ਪਰ ਵਿਚਾਰ ਤੋਂ ਮੁਕਤ ਨਹੀਂ ਹੁੰਦੇ। ਇਸੇ ਤਰ੍ਹਾਂ ਵਾਰਤਿਕ ਵਿਚ ਵਿਚਾਰ ਮੁਖ ਹਨ ਪਰ ਭਾਵ ਤੋਂ ਮੁਕਤ, ਨਹੀਂ ਹੁੰਦੇ। ਮੇਰੇ ਵਿਚਾਰ ਵਿਚ ਇਹ ਸ਼ੈਲੀ ਹੀ ਲੋਕ-ਸ਼ੈਲੀ ਅਖ-ਵਾਉਣ ਦਾ ਹੱਕ ਰਖਦੀ ਹੈ। ਹੁੰਦਲ ਕਿਉਂਕਿ ਕਵੀ ਵੀ ਹੈ ਅਤੇ ਵਾਰਤਕਕਾਰ ਵੀ। ਇਸ ਲਈ ਉਸਨੇ ਆਪਣੀ ਰਚਨਾ ਵਿਚ ਮੇਰੀ ਉਪਰੋਕਤ ਲੋਕ-ਸ਼ੈਲੀ ਵਾਲੀ ਧਾਰਨਾ ਦਾ ਸਹੀ ਪ੍ਰਯੋਗ ਕੀਤਾ ਹੈ। ਉਸਨੇ ਆਪਣੀ ਕਵਿਤਾ ਨੂੰ ਵਿਚਾਰ ਮੁਕਤ ਨਹੀਂ ਹੋਣ ਦਿਤਾ, ਭਾਵੇਂ ਭਾਵ ਮੁੱਖ ਰੱਖੇ ਹਨ।

ਆਪਣੀ ਵਾਰਤਿਕ ਨੂੰ ਭਾਵ ਮੁਕਤ ਨਹੀਂ ਹੋਣ ਦਿੱਤਾ ਭਾਵੇਂ ਵਿਚਾਰ ਮੁੱਖ ਰੱਖੇ ਹਨ। ਇਸ ਪੁਸਤਕ ਦੀ ਸੰਪਾਦਕ ਵਿਧੀ ਹੀ ਸਪੱਸ਼ਟ ਕਰਦੀ ਹੈ ਕਿ ਉਸਨੇ 'ਪਿਛਲਾ ਪਿੰਡ' ਨਾਂ ਦੀਆਂ ਦੋ ਰਚਨਾਵਾਂ ਇਸ ਪੁਸਤਕ ਵਿਚ ਦਰਜ ਕੀਤੀਆਂ ਹਨ। ਇਕ ਆਰੰਭ ਵਿਚ ਇਕ ਅੰਤ ਵਿਚ, ਇਕ ਵਾਰਤਕ ਵਿਚ ਅਤੇ ਇਕ ਕਵਿਤਾ ਵਿਚ, ਆਪਣੀ ਜੰਮਣ ਭੋਂ ਨੂੰ 'ਪਿਛਲਾ ਪਿੰਡ' ਕਹਿਣ ਦੇ ਇਤਿਹਾਸਕ ਦੁਖਾਂਤ ਦੇ ਵਿਚਾਰ ਵਿਚ 'ਬਾਬੇ ਬੋਰੀ ਦੀ ਬੇਰੀ ਦੇ ਬੇਰਾਂ ਦੀ ਸੂਹੀ ਸੁਗੰਧ ਤੇ ਮਿਠਾਸ ਦੀ ਭਾਵਨਾ ਵੀ ਸਮਿਲਤ ਹੈ। (ਪਿਛਲਾ ਪਿੰਡ ਲੇਖ)

ਦੂਜੇ ਪਾਸੇ 'ਜੰਮਣ ਭੋਏਂ ਤੋਂ ਟੁੱਟਣਾ ਨਹੀਂ ਸੌਖਾ' ਦੀ ਭਾਵਨਾ ਦੇ ਨਾਲ ਕੀ ਕੀ ਵੰਡੀਆਂ ਪਾਈਆਂ ਨੇ ਚਾਲਬਾਜ਼ਾਂ, ਦਾ ਵਿਚਾਰ ਵੀ ਸਮਿਲਤ ਹੈ (ਪਿਛਲਾ ਪਿੰਡ ਕਵਿਤਾ) ਮੈਂ ਹਰਭਜਨ ਹੁੰਦਲ ਦੀ ਇਸ ਪੁਸਤਕ ਦਾ ਸੁਆਗਤ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਵੱਡੀ ਸਵੈ-ਜੀਵਨੀ ਦਾ ਇਕ ਭਾਗ ਬਣੇਗੀ।

—ਤੇਜਵੰਤ ਮਾਨ (ਡਾ:)

## ਗੰਦਲਾਂ/(ਜਾਵੇਦ ਪੰਛੀ)

'ਗੰਦਲਾਂ' ਜਾਵੇਦ ਪੰਛੀ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਹੈ ਜਿਸ ਦੀ ਭੂਮਿਕਾ ਵਿਚ ਇਲਿਆਸ ਘੁੰਮਣ ਨੇ ਕਵੀ ਦੀ ਸ਼ਾਇਰੀ ਦੇ ਲੁਕੇ ਗੁਣਾਂ ਨੂੰ ਉਜਾਗਰ ਕੀਤਾ ਹੈ। ਜਾਵੇਦ ਨੇ ਗ਼ਜ਼ਲ-ਸ਼ਾਸਤਰ ਦੀ ਸਿਖਲਾਈ ਵਿਚ ਕਾਫੀ ਮਿਹਨਤ ਕੀਤੀ ਹੈ ਤੇ ਉਹ ਪਾਕਿਸਤਾਨ ਦੇ ਅਵਾਮ ਦੇ ਦੁੱਖਾਂ-ਤਕਲੀਫਾਂ ਦਾ ਜ਼ਿਕਰ ਕਰਦਾ ਹੈ ਤੇ ਮੁਹੱਬਤ ਦੇ ਦਰਦ ਨੂੰ ਵੀ ਬਿਆਨ ਕਰਦਾ ਹੈ। ਜਾਵੇਦ ਨੇ ਕਈ ਨਵੇਂ ਤੇ ਮੌਲਿਕ ਰਦੀਫ਼ ਸਿਰਜੇ ਹਨ, ਪਰ ਮੈਂ ਮਹਿਸੂਸ ਕੀਤਾ ਹੈ ਕਿ ਉਸ ਦੀ ਗ਼ਜ਼ਲ ਦਾ ਮੁਹਾਵਰਾ ਤੇ ਮੂੰਹ-ਮੁਹਾਂਦਰਾ ਰਵਾਇਤੀ ਭਾਂਤ ਦਾ ਹੈ ਤੇ ਉਹ ਬਾਹਰੋਂ ਦਿਸਦੀਆਂ ਸਮਾਜਕ-ਧੱਕੇਸ਼ਾਹੀਆਂ ਦਾ ਬਿਆਨ ਕਰਦਾ ਹੈ ਤੇ ਹਾਲੀ ਗੱਲ ਦੀ ਡੂੰਘਾਈ ਤੀਕ, ਨਹੀਂ ਜਾਂਦਾ। ਬਹੁਤ ਵਾਰ ਉਹ ਸ਼ਰਾਬ ਤੇ ਮੈਖ਼ਾਨੇ ਦਾ ਜ਼ਿਕਰ ਕਰਦਾ, ਕਿਸੇ ਨਵੇਂ ਅਨੁਭਵ ਦੀ ਪੇਸ਼ਕਾਰੀ ਨਹੀਂ ਕਰਦਾ। ਉਸ ਕੋਲ ਵਜ਼ਨ ਬਹਿਰ ਦੀ ਚੰਗੀ ਮੁਹਾਰਤ ਹੈ, ਪਰ ਅਜੇ ਉਸ ਦੀ ਸ਼ਾਇਰੀ ਦਾ ਆਰੰਭਕ ਪੜਾਅ ਹੋਣ ਕਾਰਨ ਅਨੁਭਵ ਦੀ ਪਕਿਆਈ ਨਹੀਂ ਆਈ। ਪਾਕਿਸਤਾਨੀ ਅਵਾਮ ਦੇ ਮੁੱਖ ਦੁਸ਼ਮਣ, ਜਗੀਰਦਾਰੀ, ਧਾਰਮਕ ਕੱਟੜਤਾ ਅਤੇ ਫੌਜਸ਼ਾਹੀ ਹਨ ਜਿਹੜੇ ਅਵਾਮ ਨੂੰ ਦਬਾਈ ਬੈਠੇ ਹਨ। ਆਸ ਹੈ ਕਵੀ ਅਵਾਮ ਦੇ ਦੁਸ਼ਮਣਾਂ ਨੂੰ ਪਛਾਣ ਕੇ ਮੁਸੱਤਕਬਿਲ ਵਿਚ ਜਾਨਦਾਰ ਸ਼ਿਅਰ ਕਹੇਗਾ। ਉਸ ਦੀ ਪਹਿਲੀ ਕਿਤਾਬ ਦਾ ਸਵਾਗਤ ਹੈ।

(ਹ. ਸ. ਹ.)

## ਪੀਲੂ ਪੱਕੀਆਂ ਨੀ/(ਇਹਸਾਨ ਬਾਜਵਾ)

ਪਾਕਿਸਤਾਨੀ ਪੰਜਾਬ ਦਾ ਪੰਜਾਬੀ ਲੇਖਕ ਅਹਿਸਾਨ ਬਾਜਵਾ ਸ਼ਾਇਰ ਹੋਣ ਤੋਂ ਇਲਾਵਾ ਗਲਪਕਾਰ ਵੀ ਹੈ, ਉਸ ਦੀ ਸ਼ਾਇਰੀ ਦਾ ਮਜਮੂਆ 'ਜਾਗਦੇ ਸੁਫਨੇ' ਤੇ ਨਾਵਲ 'ਲਹੂ-ਰੰਗੀ ਸਵੇਰ' ਫਾਰਸੀ ਅੱਖਰਾਂ ਵਿਚ ਛਪ ਚੁਕੇ ਹਨ। ਹਥਲੇ ਸੰਗ੍ਰਹਿ ਵਿਚ ਉਸ ਦੀਆਂ ਨਿੱਕੀਆਂ ਨਜ਼ਮਾਂ ਤੋਂ ਇਲਾਵਾ ਕੁਝ ਗ਼ਜ਼ਲਾਂ ਵੀ ਹਨ, ਪਰ ਅਸਲ ਵਿਚ ਉਹ ਨਿੱਕੀ ਨਜ਼ਮ ਦਾ ਸ਼ਾਇਰ ਹੈ। ਉਸ ਦੀ ਨਿੱਕੀ ਨਜ਼ਮ ਵਿਚ ਰੁਬਾਈ ਵਰਗੀ ਸੰਖੇਪਤਾ ਤੇ ਡੂੰਘਾਈ ਹੈ। ਨਜ਼ਮ ਦੇ ਘੇਰੇ ਵਿਚ ਸਾਰੀ ਲੁਕਾਈ ਸਮੇਤ ਆਪਣੇ ਮਸਲਿਆਂ ਅਤੇ ਦੁਖਾਂ-ਔਕੜਾਂ ਦਾ ਵਰਨਣ ਹੈ। ਉਹ ਇਹਨਾਂ ਮਿੰਨੀ ਨਜ਼ਮਾਂ



ਵਿਚ ਡੂੰਘੇ ਅਰਥ ਭਰ ਦਿੰਦਾ ਹੈ:

ਜਿਉਂ ਜਿਉਂ ਉੱਚੇ ਹੁੰਦੇ ਜਾਣ
ਸ਼ਹਿਰ ਦੇ ਕੋਠੇ
ਤਿਉਂ ਤਿਉਂ ਨਿੱਕੇ ਹੁੰਦੇ ਜਾਣ
ਲੋਕ ਵਿਚਾਰੇ।

ਬਾਜਵਾ ਦੀਆਂ ਗ਼ਜ਼ਲਾਂ ਵਿਚ ਤਗ਼ਜ਼ਲ ਦਾ ਰੰਗ ਪੈਦਾ ਨਹੀਂ ਹੁੰਦਾ। ਇਹਨਾਂ ਦੇ ਸ਼ਿਅਰਾਂ ਵਿਚ ਰਮਜ਼ੀਆ ਅੰਦਾਜ਼ ਨਹੀਂ, ਸਪਾਟ ਬਿਆਨੀ ਜ਼ਿਆਦਾ ਹੈ। ਉਰਦੂ ਗ਼ਜ਼ਲ ਦੀ ਅਮੀਰ ਪਰੰਪਰਾ ਦੇ ਨਜ਼ਦੀਕ ਹੋਣ ਦੇ ਬਾਵਜੂਦ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਉਹ ਇਸ ਪਾਸੇ ਪੂਰੀ ਤਵੱਜੋ ਨਹੀਂ ਦੇ ਰਿਹਾ। ਉਹ ਨਿੱਕੀਆਂ ਨਜ਼ਮਾਂ ਵਿਚ ਅਵਾਮ ਦੇ ਮਸਲੇ ਤੇ ਇਨਸਾਨੀ ਕਦਰਾਂ-ਕੀਮਤਾਂ ਦੀ ਅਕਾਸੀ ਕਰਦਾ ਹੈ ਤੇ ਪ੍ਰਭਾਵਸ਼ਾਲੀ ਢੰਗ ਨਾਲ ਕਰਦਾ ਹੈ:

ਵੱਸ ਚੱਲੇ ਤਾਂ
ਹਰ ਮੁਖੜੇ ਤੋਂ
ਆਪੂੰ ਹੰਝੂ ਪੂੰਝਾਂ
ਪਲਕਾਂ ਦੇ ਨਾਲ
ਸਾਰੇ ਜੱਗ ਤੋਂ
ਦੁਖੜੇ ਆਪੂੰ ਹੂੰਝਾਂ

ਲੰਮੀਆਂ ਨਜ਼ਮਾਂ ਵਿਚ ਵਿਸਥਾਰ ਵਧੇਰੇ ਤੇ ਡੂੰਘਾਈ ਘੱਟ ਹੈ। (ਹ. ਸ. ਸ.)

## ਫੋਕਸ (ਸਫਰਨਾਮਾ)

ਹਰਜੀਤ ਅਟਵਾਲਾ ਮੂਲ ਰੂਪ 'ਚ ਇਕ ਕਥਾਕਾਰ ਹੈ। ਪਿਛਲੇ ਕਈ ਸਾਲਾਂ ਤੋਂ ਉਹ ਇੰਗਲੈਂਡ ਵਿਖੇ ਰਹਿ ਰਿਹਾ ਹੈ, ਜਿਹੜੇ ਵੀ ਸਾਹਿਤਕਾਰ ਪਰਵਾਸੀ ਯਾਤਨਾਵਾਂ ਦਾ ਸ਼ਿਕਾਰ ਹੋਏ ਹਨ ਉਹਨਾਂ ਦੀਆਂ ਮੁਢਲੇ ਦੌਰ ਦੀਆਂ ਰਚਨਾਵਾਂ ਵਿਚ ਵਤਨ ਪ੍ਰਤੀ ਖਿੱਚ, ਨਸਲੀ ਵਿਤਕਰਿਆਂ ਦੀ ਤਫਸੀਲ ਤੋਂ ਇਲਾਵਾ ਬੇਗਾਨੀ ਧਰਤੀ ਉੱਪਰ ਅਜਨਬੀਪਨ ਅਤੇ ਮਾਨਸਿਕ ਟੁੱਟ-ਭੱਜ ਦਾ ਜ਼ਿਕਰ ਆਮ ਹੋਇਆ ਹੈ।

ਹਰਜੀਤ ਅਟਵਾਲ ਉਹਨਾਂ ਕਥਾਕਾਰਾਂ ਵਿਚ ਸ਼ਾਮਿਲ ਨਹੀਂ, ਜਿਹੜੇ ਨਿਰੋਲ ਕਥਾਕਾਰੀ ਤੱਕ ਹੀ ਸੀਮਿਤ ਰਹਿੰਦੇ ਹਨ। ਅਟਵਾਲ ਕੁਝ ਸਮਾਂ ਏਧਰ ਪੰਜਾਬ 'ਚ ਰਿਹਾ। ਵਧੇਰੇ ਸਮਾਂ ਉਸ ਨੇ ਸਾਹਿਤਕ ਦੋਸਤਾਂ ਮਹਿਫਲਾਂ ਤੇ ਪ੍ਰਕਾਸ਼ਨ ਦੇ ਕੰਮ 'ਚ ਲਾਇਆ। ਸਾਹਿਤ ਸਭਾਵਾਂ ਯੂਨੀਵਰਸਿਟੀਆਂ ਅਤੇ ਸਾਹਿਤਕ ਦੋਸਤਾਂ ਦੀਆਂ ਮਹਿਫਲਾਂ 'ਚ ਵਿਚਰਦਿਆਂ ਉਸ ਨੇ ਆਪਣੇ ਅਨੁਭਵ ਨੂੰ "ਫੋਕਸ" ਕੀਤਾ। ਸਹਿਜੇ ਹੀ ਉਸ ਦਾ ਸਫਰਨਾਮਾ ਪਾਠਕਾਂ ਲਈ ਅਣਗਾਹੀ ਕਿਸੇ ਓਪਰੀ ਧਰਤੀ, ਸਾਹਿਤ, ਸਭਿਆਚਾਰ ਅਤੇ ਇਤਿਹਾਸ ਦੀ ਗੁਆਹੀ ਭਰਦਾ ਹੈ, ਪਰੰਤੂ ਇਸ ਕਿਤਾਬ ਰਾਹੀਂ ਪਾਠਕ ਨੂੰ ਪੂਰੇ ਪੰਜਾਬ ਦੇ ਦਰਸ਼ਨ, ਸਾਹਿਤ ਨਾਲ ਸਬੰਧਿਤ ਮਸਲਿਆਂ, ਸਮਾਗਮਾਂ, ਸੈਮੀਨਾਰਾਂ, ਦੋਸਤਾਂ ਅਤੇ ਨਾਵਾਂ ਥਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਤੀ ਗਈ ਹੈ। ਇਸ ਪੁਸਤਕ ਦੀ ਖੂਬੀ ਇਹ ਹੈ ਕਿ ਪੰਜਾਬ ਦੇ ਲੇਖਕਾਂ ਦੇ ਵਡੇਰੇ ਭਾਗ ਦੀ ਜਾਣਕਾਰੀ ਇਸ

ਪੁਸਤਕ ਦੇ ਘੇਰੇ 'ਚ ਸ਼ਾਮਿਲ ਹੈ। ਉਂਝ ਇਹ ਇਕ ਤਜਰਬੇ ਵਜੋਂ ਹੀ ਪੁਸਤਕ ਹੋਂਦ ਵਿਚ ਆਈ ਹੈ। ਹਰਜੀਤ ਜਦ ਕਦੇ ਵੀ ਪੰਜਾਬ 'ਚ ਸਾਲ ਦੋ ਸਾਲ ਦੇ ਅੰਤਰਾਲ ਨਾਲ ਪੰਜਾਬ ਆਇਆ ਕਰੇਗਾ, ਉਸ ਲਈ ਅਜਿਹਾ "ਫੋਕਸ" ਮੁੜ ਪ੍ਰਕਾਸ਼ਿਤ ਕਰਨਾ ਏਨਾ ਸਹਿਜ ਅਤੇ ਆਸਾਨ ਨਹੀਂ ਹੋਏਗਾ।

ਇਸ ਪੁਸਤਕ ਨੂੰ ਪੜ੍ਹਨ ਉਪਰੰਤ ਜਿੱਥੇ ਲੇਖਕਾਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ, ਉਥੇ ਹਰਜੀਤ ਅਟਵਾਲ ਦੀਆਂ ਪੰਜਾਬੀ ਸਾਹਿਤ ਸਭਾਵਾਂ, ਗਰੁੱਪਾਂ ਆਦਿਕ ਬਾਰੇ ਟਿੱਪਣੀਆਂ ਵੀ ਚਰਚਾ ਛੇੜਦੀਆਂ ਹਨ। ਉਂਝ ਵੀ ਇਹ ਬਦਲਦੇ ਵਿਸ਼ਵ ਸਰੋਕਾਰਾਂ ਅਨੁਸਾਰ ਤਬਦੀਲੀਆਂ ਦਾ ਦੌਰ ਹੈ। ਨਿਸਚੇ ਹੀ ਅਜਿਹੇ ਸਾਹਿਤਕ ਕਾਰਜਾਂ ਦਾ ਸਮਾਂ ਹੈ ਜਿਹੜੇ ਸਮਕਾਲੀ ਸਾਹਿਤ ਵਿਚ ਨਿਵੇਕਲੀ ਚਰਚਾ ਨੂੰ ਜਨਮ ਦੇਣ। ਨਿਸ਼ਚਿਤ ਚੌਖਟੇ 'ਚ ਰਹਿਕੇ ਸਾਹਿਤ ਰਚਨਾ ਕਰਦੇ ਰਹਿਣਾ ਵੀ ਸਾਹਿਤ ਅਤੇ ਸਾਹਿਤਕਾਰਾਂ ਲਈ ਕੋਈ ਉਤਸ਼ਾਹ ਜਨਕ ਗੱਲ ਨਹੀਂ। ਇਸ ਪੱਖੋਂ ਇਸ ਪੁਸਤਕ ਨੂੰ ਜੀ ਆਇਆਂ ਆਖਣਾ ਸਾਡਾ ਫਰਜ਼ ਬਣਦਾ ਹੈ।

ਸਾਹਿਤ ਦੀ ਇਕ ਵਿਸ਼ੇਸ਼ ਵੰਨਗੀ ਵਜੋਂ ਪਰਖਣ ਵੇਲੇ ਇਹ ਕਿਤਾਬ ਉੱਨੀ ਮਹੱਤਵ-ਪੂਰਣ ਨਹੀਂ ਜਾਪਦੀ ਜਿੰਨੀ ਇਸ ਨੂੰ ਹੋਣਾ ਚਾਹੀਦਾ ਸੀ। ਸਾਹਿਤ ਨਿਰਾ ਸੂਚਨਾ ਸਾਹਿਤ ਨਹੀਂ ਹੁੰਦਾ। ਉਸ ਵਿਚ ਰਚਨਾਤਮਿਕਤਾ ਦੇ ਉਹ ਗੁਣ ਹੋਣੇ ਲਾਜ਼ਮੀ ਹਨ ਜਿਨ੍ਹਾਂ ਦੀ ਵਜ੍ਹਾ ਕਰਕੇ ਕੋਈ ਵੀ ਰਚਨਾ ਸਾਹਿਤ ਦੇ ਘੇਰੇ ਦਾ ਜ਼ਰੂਰੀ ਅੰਗ ਬਣ ਜਾਂਦੀ ਹੈ।

ਸਵੈ ਦੇ ਪ੍ਰਗਟਾਵੇ ਲਈ ਸਵੈ-ਮੰਥਣ, ਬਾਹਰੀ ਜਗਤ ਦੀ ਅਭਿਵਿਅਕਤੀ ਲਈ ਇਸ ਦੇ ਅੰਤਰੀਵ ਨੂੰ ਜਾਨਣ, ਪੜਚੋਲਣ ਦੀ ਮਾਨਸਿਕ ਪ੍ਰਕਿਰਿਆ ਤੇ ਨਾਲ ਨਾਲ ਸੂਚਨਾਤਮਕ ਵੇਰਵਿਆਂ ਨੂੰ ਸਾਹਿਤਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨਾ "ਫੋਕਸ" ਦੇ ਘੇਰੇ ਤੋਂ ਬਾਹਰ ਰਿਹਾ ਹੈ। ਕੁਝ ਚਲੰਤ ਟਿੱਪਣੀਆਂ ਰਾਹੀਂ ਇਕ ਕਥਾਕਾਰ ਦਾ ਇਉਂ ਪੇਸ਼ ਕਰਨਾ ਉਸ ਦੀ ਸਮਾਜਕ-ਚੇਤਨਾ ਲਈ ਸੰਕਟ ਖੜੇ ਕਰਦੀ ਹੈ।

ਬਿਨਾ ਸ਼ੱਕ ਹਰਜੀਤ ਇਕ ਚੰਗਾ ਕਥਾਕਾਰ ਹੈ। ਫਿਰ ਵੀ ਫੋਕਸ (ਸਫਰਨਾਮਾ) ਨੂੰ ਦੁਬਾਰਾ ਫੋਕਸ ਤੋਂ ਅਗਾਂਹ ਇਸ ਦੇ ਅੰਤਰੀਵ ਤੀਕ ਵੇਖਣ ਦੀ ਜ਼ਰੂਰਤ ਹੈ।

—ਗੁਰਮੀਤ ਕੱਲਰਮਾਜਰੀ (ਡਾ:)

## ਬਜ਼ੁਰਗ ਬਾਬਾ ਤੇ ਭੀੜ/(ਡਾ: ਸਵਰਨ ਚੰਦਨ)

'ਬਜ਼ੁਰਗ ਬਾਬਾ ਤੇ ਭੀੜ' ਸਵਰਨ ਚੰਦਨ ਦਾ ਛੇਵਾਂ ਕਹਾਣੀ ਸੰਗ੍ਰਹਿ ਹੈ।

ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਉਸ ਨੇ 1991 ਤੋਂ 1994 ਦੇ ਦੌਰਾਨ ਲਿਖੀਆਂ ਹਨ ਜਦੋਂ ਉਹ ਕੁਝ ਸਮੇਂ ਲਈ ਭਾਰਤ (ਦਿੱਲੀ) ਠਹਿਰਿਆ ਹੋਇਆ ਸੀ।

ਇਸ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਫੈਂਟਸੀ ਵਿਧੀ ਦੁਆਰਾ ਲਿਖੀਆਂ ਗਈਆਂ ਹਨ। ਇਹ ਵਿਧੀ ਭਾਵੇਂ ਸਾਹਿਤ ਵਿਚ ਪਹਿਲੇ ਵੀ ਅਪਣਾਈ ਗਈ ਹੈ, ਪਰੰਤੂ ਸਵਰਨ ਚੰਦਨ ਨੇ ਇਸ ਵਿਧੀ ਨੂੰ ਕੁਝ ਮੌਲਿਕ ਅੰਦਾਜ਼ ਵਿਚ ਪੇਸ਼ ਕੀਤਾ ਹੈ। ਇਹ ਵੱਖਰੀ ਗੱਲ ਹੈ ਕਿ ਇਸ ਵਿਧੀ ਦਾ ਵਾਰ ਬਹੁਤੀਆਂ ਕਹਾਣੀਆਂ ਦੇ ਮੇਚ ਨਹੀਂ ਆਇਆ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਇਹ ਵਿਸ਼ਾ ਬਹੁਤਾ ਸਪੱਸ਼ਟ ਤੇ ਉੱਚੀ ਸੁਰ ਵਾਲਾ ਹੈ। ਦੂਜਾ ਕਹਾਣੀ ਕਲਾ ਦੀ ਘਾਟ ਵੀ ਰੜਕਦੀ ਹੈ।

ਇਸ ਪੁਸਤਕ ਦੀ ਪਹਿਲੀ ਕਹਾਣੀ 'ਬਜ਼ੁਰਗ ਬਾਬਾ ਤੇ ਭੀੜ' ਹੈ ਜਿਹੜੀ ਸੀਰਸ਼ਕ ਕਹਾਣੀ



ਹੈ। ਇਹ ਕਹਾਣੀ ਫੈਂਟਸੀ ਵਿਧੀ ਦੁਆਰਾ ਲਿਖੀ ਗਈ ਹੈ। ਘਿਨੌਣੇ ਯਥਾਰਥ ਨੂੰ ਪੇਸ਼ ਕਰਨ ਲਈ ਲੇਖਕ ਨੇ ਇਹ ਵਿਧੀ ਚੁਣੀ ਹੈ। ਕਹਾਣੀ ਵਿਚਲਾ ਬਜ਼ੁਰਗ ਬਾਬਾ ਇਕ ਕਲਪਤ ਪਾਤਰ ਹੈ ਜੋ ਨੇੜਲੇ ਇਤਿਹਾਸ ਨੂੰ ਆਪਣੇ ਪਿੰਡੇ ਤੇ ਹੰਢਾਉਂਦਾ ਇਕ ਗਵਾਹ ਵਜੋਂ ਪੇਸ਼ ਹੁੰਦਾ ਹੈ। ਭੀੜ ਜਿਸ ਦਾ ਕੋਈ ਚਿਹਰਾ ਨਹੀਂ ਹੁੰਦਾ, ਲੇਖਕ ਨੇ ਉਸ ਭੀੜ ਦਾ ਚਿਹਰਾ ਤਲਾਸ਼ਿਆ ਹੈ। ਇਧਰ ਉਧਰ ਭੱਜਦੇ ਸਿਵਿਆਂ ਪਿੱਛੇ ਅਣ-ਮਨੁੱਖੀ ਵਰਤਾਰੇ ਦੇ ਭੂਤ ਨੂੰ ਖੋਜਿਆ ਹੈ। ਬਜ਼ੁਰਗ ਬਾਬੇ ਦੀ ਮੌਤ ਇਤਿਹਾਸ ਦੀ ਮੌਤ ਹੈ, ਇਤਿਹਾਸ ਜਿਹੜਾ ਭਾਰਤ ਹੈ। ਫਿਰਕੂ ਫਸਾਦਾਂ ਤੇ ਦਿੱਲੀ ਦੰਗਿਆਂ ਪਿਛਲੇ ਚਿਹਰੇ ਨੂੰ ਲੇਖਕ ਨੇ ਆਪਣੀ ਕਲਾ ਦੇ ਜੌਹਰ ਰਾਹੀਂ ਨੰਗਾ ਕੀਤਾ ਹੈ।

'ਗੰਦਾ ਨਾਲਾ ਤੇ ਸੂਰ' ਵੀ ਇਸੇ ਵਿਧੀ ਦੀ ਕਹਾਣੀ ਹੈ। ਇਸ ਕਹਾਣੀ ਰਾਹੀਂ ਲੇਖਕ ਭ੍ਰਿਸ਼ਟਾਚਾਰ ਦੇ ਕੋਹੜ ਤੋਂ ਪਰਦਾ ਚੁਕਦਾ ਹੋਇਆ ਦਸਦਾ ਹੈ ਕਿ ਕੋਈ ਵੀ ਵਰਗ ਇਸ ਤੋਂ ਖਹਿੜਾ ਨਹੀਂ ਛੁਡਾ ਸਕਿਆ। ਭਰਿਸ਼ਟ ਰਾਜਨੀਤੀ ਵਿਚ ਹਰ ਕੋਈ ਭਰਿਸ਼ਟ ਹੋ ਚੁਕਾ ਹੈ। ਵਕੀਲ, ਲੇਖਕ, ਪਬਲਿਸ਼ਰ ਤੇ ਐਥੋਂ ਤਕ ਕਿ ਜਿਸਮਫਰੋਸ਼ੀ ਦਾ ਧੰਦਾ ਵੀ ਇਸ ਤੋਂ ਪ੍ਰਭਾਵਤ ਹੋ ਚੁੱਕਾ ਹੈ।

'ਚਲੇ ਹੋਏ ਕਾਰਤੂਸ' ਕਹਾਣੀ ਵਿਚਲਾ ਪਾਤਰ ਅਖਬਾਰਾਂ ਵਿਚਲੀਆਂ ਫਿਰਕੂ ਫਸਾਦਾਂ ਨਾਲ ਸੰਬੰਧਤ ਅਣ-ਮਨੁੱਖੀ ਘਟਨਾਵਾਂ ਨੂੰ ਪੜ੍ਹ ਪੜ੍ਹ ਤਣਾਓ ਗ੍ਰਸਤ ਹੈ। ਉਸਦਾ ਮੈਂਟਲ ਪ੍ਰੈਸ਼ਰ ਐਨਾਂ ਵਧ ਗਿਆ ਹੈ ਕਿ ਉਸ ਨੂੰ ਅਖਬਾਰਾਂ ਦੇ ਕੇਵਲ ਅੱਖਰ ਦਿਸਦੇ ਹਨ, ਅੱਖਰਾਂ ਪਿਛਲੇ ਅਰਥ ਸਮਝ ਨਹੀਂ ਆਉਂਦੇ। ਇਕੋ ਤਰ੍ਹਾਂ ਦੀਆਂ ਖਬਰਾਂ ਪੜ੍ਹ-ਪੜ੍ਹ ਉਸ ਦੇ ਜ਼ਿਹਨ ਵਿਚੋਂ ਅਰਥ ਗੁਆਚ ਚੁਕੇ ਹਨ। ਇਸ ਬੀਮਾਰੀ ਦਾ ਨਾ ਮੈਡੀਕਲ ਸਾਇੰਸ ਕੋਲ ਹੈ ਨਾ ਮਨੋਵਿਗਿਆਨੀ ਪਾਸ ਕੋਈ ਇਲਾਜ ਹੈ। ਕਿਉਂਕਿ, ਇਹ ਸੱਪ ਦੇ ਲੰਘ ਜਾਣ ਪਿਛੋਂ ਲੀਕ ਨੂੰ ਕੁੱਟਣ ਵਾਲੀ ਗੱਲ ਹੈ ਜਿਸ ਨੂੰ ਲੇਖਕ ਨੇ 'ਖਾਲੀ ਕਾਰਤੂਸ' ਨਾਲ ਤੁਲਣਾ ਦਿਤੀ ਹੈ। 'ਕਾਇਆ ਕਲਪ' ਇਕ ਅਜਿਹੇ ਮਨੁੱਖ ਦੀ ਕਹਾਣੀ ਹੈ ਜੋ ਇਕ ਇਨਕਲਾਬੀ ਤੋਂ 'ਸਹਿੰਦੜ ਸਿੰਘ' ਬਣ ਜਾਂਦਾ ਹੈ। ਸੁੱਚਾ ਸਿੰਘ ਨਵਾਂ ਸਮਾਜ ਸਿਰਜਣ ਦੇ ਸੁਪਨਿਆਂ ਲਈ ਪਾਰਟੀ ਦਾ ਹੋਲ ਟਾਈਮਰ ਬਣਦਾ ਹੈ। ਇਹਨਾ ਸੁਪਨਿਆਂ ਦੀ ਪ੍ਰਾਪਤੀ ਲਈ ਉਹ ਦਿੱਲੀ ਵਰਗੇ ਸ਼ਹਿਰ ਵਿਚ ਇਕ ਅਜਿਹੇ ਫਲੈਟ ਵਿਚ ਆਣ ਟਿਕਦਾ ਹੈ ਜਿਥੇ ਡਰੇਨੇਜ ਦਾ ਗੰਦਾ ਤੇ ਬਦਬੂ ਮਾਰਦਾ ਪਾਣੀ ਵੜ ਜਾਂਦਾ ਹੈ। ਉਹ ਆਪਣੇ ਆਪ ਨੂੰ ਇਸ ਗੰਦ ਤੋਂ ਬਚਾਉਣ ਲਈ ਉਹੀ ਪਾਪੜ ਵੇਲਦਾ ਹੈ ਜਿਹੜੇ ਕਦੀ ਦੂਜਿਆਂ ਨੇ ਵੇਲੇ ਹੁੰਦੇ ਹਨ।

'ਫ਼ਰਜੀ ਆਦਮੀ' ਉਹਨਾਂ ਲੋਕਾਂ ਦੀ ਕਹਾਣੀ ਹੈ ਜਿਨ੍ਹਾਂ ਨੂੰ ਆਪਣੀ ਗਰੀਬੀ ਕਰਕੇ ਉਨ੍ਹਾਂ ਲੋਕਾਂ ਦੀ ਚਾਕਰੀ ਕਰਨੀ ਪੈਂਦਾ ਹੈ ਜਿਹੜੇ ਰਾਤ ਦੇ ਹਨ੍ਹੇਰਿਆਂ ਵਿਚ ਕਾਲੇ ਧੰਦੇ ਕਰਦੇ ਹਨ ਪਰ ਨਾਲ ਇਹ ਵੀ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਦੇਖਕੇ ਅੱਖਾਂ ਮੀਚ ਲਈਆਂ ਜਾਣ। 'ਪਾਗਲ' ਕਹਾਣੀ ਦਾ ਨਾਇਕ ਵੀ ਇਕ ਅਜਿਹਾ ਪਾਤਰ ਹੈ ਜੋ ਵੱਡੇ ਵੱਡੇ ਲੋਕਾਂ ਦੇ ਪਾਜ ਤਾਂ ਉਧੇੜਦਾ ਹੈ ਪਰੰਤੂ ਉਸ ਨੂੰ ਸਮਾਜ ਵਲੋਂ ਸਵੀਕਾਰਿਆ ਨਹੀਂ ਜਾਂਦਾ ਕਿਉਂਕਿ ਆਮ ਆਦਮੀ ਇਸ ਤਰ੍ਹਾਂ ਦੀ ਜੁਰਅਤ ਕਿਵੇਂ ਕਰ ਸਕਦਾ ਹੈ ਇਸ ਸਿਸਟਮ ਵਿਚ। ਇਸ ਲਈ ਉਸ ਨੂੰ ਹਰ ਪਾਸਿਓਂ ਪਾਗਲ ਕਰਾਰ ਦੇ ਦਿਤਾ ਜਾਂਦਾ ਹੈ। 'ਗੁਲਮੋਹਰ' ਕਹਾਣੀ ਰਾਹੀਂ ਲੇਖਕ ਇਹ ਦਸਣ ਦਾ ਯਤਨ ਕਰਦਾ ਹੈ ਕਿ ਅਸਲੀ ਲੇਖਕ ਦੀ ਰੂਹ ਗੁਲਮੋਹਰ ਦੀ ਛਾਂ ਵਰਗੀ ਹੁੰਦੀ ਹੈ ਤੇ ਈਰਖਾ ਵਿਚ ਸੜੇ ਸੌੜੇ ਦਿਲ ਵਾਲੇ ਲੇਖਕ ਦੀ ਰੂਹ ਸੜਾਂਦ ਮਾਰਦੇ ਟੋਭੇ ਵਰਗੀ। 'ਕਰਜ਼ਾ, 'ਸਰੂਰ' ਤੇ 'ਕੀੜੀਆਂ'

ਕਹਾਣੀਆਂ ਉਨ੍ਹਾਂ ਗਰੀਬ ਦਾਸਾਂ ਦੀਆਂ ਕਹਾਣੀਆਂ ਹਨ ਜਿਨ੍ਹਾ ਦੀ ਅਕਲ ਦਾ ਮੌਜੂ ਵੀ ਉਡਾ-ਇਆ ਜਾਂਦਾ ਹੈ ਤੇ ਜਿਨ੍ਹਾਂ ਨੂੰ ਵਰਤਿਆ ਵੀ ਜਾਂਦਾ ਹੈ।

'ਬਸਤੀ' ਕਹਾਣੀ ਵੀ ਉਨ੍ਹਾਂ ਊਣੇ ਅਧੂਰੇ ਲੋਕਾਂ ਦੀ ਕਹਾਣੀ ਹੈ ਜਿਨ੍ਹਾਂ ਨੂੰ ਜ਼ਿੰਦਗੀ ਦੀਆਂ ਸਹੂਲਤਾਂ ਪ੍ਰਾਪਤ ਨਹੀਂ ਹੁੰਦੀਆਂ। ਮਹਾਨਗਰਾਂ ਵਿਚ ਇਕ ਪਾਸੇ ਅਕਾਸ਼ ਨਾਲ ਛੂਹਦੀਆਂ ਇਮਾਰਤਾਂ ਹਨ ਤੇ ਦੂਜੇ ਪਾਸੇ ਨੀਵਾਂ ਤੇ ਗੰਦੀ ਜਿਹੀ ਬਸਤੀ ਜੋ ਬਦਬੂ ਮਾਰਦੇ ਚਿੱਕੜ ਵਾਲੀ ਹੈ।

"ਪ੍ਰਛਾਵਿਆਂ ਦੇ ਉੱਗਣ ਤੱਕ" ਕਹਾਣੀ ਵਿਚ ਵੇਸਵਾ ਗਮਨੀ ਤੇ ਉਸ ਵਿਚ ਫੈਲੇ ਭਰਿਸ਼ਟਾਚਾਰ ਦੀ ਕਹਾਣੀ ਹੈ। ਪਰਦੇ ਪਿੱਛੇ ਵੱਡੇ ਘਰਾਂ ਦੀਆਂ ਔਰਤਾਂ ਕਿਵੇਂ ਜਿਸਮ ਫਰੋਸ਼ੀ ਕਰਦੀਆਂ ਹਨ ਤੇ ਭਰਾ ਵਰਗੇ ਰਿਸ਼ਤੇ ਕਿੰਜ ਭੈਣਾ ਤੋਂ ਧੰਦਾ ਕਰਾਉਂਦੇ ਹਨ।

ਸਵਰਨ ਚੰਦਨ ਨੇ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿਚ ਰਾਜਨੀਤੀ ਤੇ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਤੇ ਅਣ ਮਨੁੱਖੀ ਵਰਤਾਰੇ ਨੂੰ ਸਪਸ਼ਟ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਬਹੁਤ ਵੱਡੇ ਵਿਸ਼ਿਆਂ ਨੂੰ ਕਹਾਣੀ ਰਾਹੀਂ ਪੇਸ਼ ਕਰਨਾ ਇਕ ਸਮਰੱਥ ਲੇਖਕ ਦਾ ਕਰਤੱਵ ਹੈ ਪਰੰਤੂ ਕਹਾਣੀ ਲਿਖਣਾ ਨਾਵਲ ਲਿਖਣ ਨਾਲੋਂ ਅਸਲੋਂ ਵੱਖਰਾ ਕਾਰਜ ਹੈ। ਜਿਹੜੀਆਂ ਗੱਲਾਂ ਨਾਵਲ ਵਿਚ ਸਹਿਜੇ ਹੀ ਸਮਾ ਜਾਂਦੀਆਂ ਹਨ ਉਹ ਕਈ ਵਾਰੀ ਕਹਾਣੀ ਦੇ ਮੇਚ ਨਹੀਂ ਆਉਂਦੀਆਂ। ਹਰ ਵਿਸ਼ੇ ਤੇ ਕਹਾਣੀ ਲਿਖਣਾ ਸੰਭਵ ਵੀ ਨਹੀਂ ਹੁੰਦਾ। ਸਵਰਨ ਚੰਦਨ ਦੀ ਸਿਧਾਂਤਕ ਸਮਝ ਤੇ ਪ੍ਰਤੀਬੱਧਤਾ ਕਈ ਵਾਰੀ ਉਸਦੀ ਕਲਾ ਤੇ ਭਾਰੂ ਹੋ ਜਾਂਦੀ ਹੈ। ਕੁਲ ਮਿਲਾਕੇ ਇਸ ਸੰਗ੍ਰਹਿ ਵਿਚਲੀਆਂ ਕਹਾ-ਣੀਆਂ ਮਨੁੱਖਤਾ ਦੀ ਤਾਲਾਸ਼ ਵਿਚ ਭਟਕਦੀਆਂ ਕਹਾਣੀਆਂ ਹਨ। —ਡਾ. ਬਲਜੀਤ ਕੌਰ ਬੱਲੀ

---

(ਸਫਾ 65 ਦੀ ਬਾਕੀ)

'ਬਾਬਰਬਾਣੀ' ਦਾ ਕਾਵਿ-ਪ੍ਰਵਚਨ ਸਮਕਾਲੀ ਰਾਜਨੀਤਕ ਸ਼ਕਤੀ ਨੂੰ ਸਿੱਧੀ ਵੰਗਾਰ ਸੀ। "ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ" ਵਿਚਲੀ ਗੁਸੈਲੀ ਸੁਰ ਗੁਰੂ ਨਾਨਕ ਦੇਵ ਜੀ ਦੀ ਦ੍ਰਿੜ ਸਿਆਸੀ ਚੇਤਨਾ ਦੀ ਮਿਸਾਲ ਹੈ। ਸਾਡੀ ਆਜ਼ਾਦੀ ਦੀ ਲਹਿਰ ਸਮੇਂ ਸਟੇਜੀ ਕਵਿਤਾ ਉਸ ਵੇਲੇ ਦੀ ਸਿਆਸੀ ਲੋੜ ਵਿਚੋਂ ਉਪਜੀ ਸੀ।

ਰਾਜਨੀਤੀ ਮਨੁੱਖ ਦੇ ਚੇਤਨ ਆਪੇ ਨੂੰ ਢਾਲਦੀ/ਥਣਾਉਂਦੀ ਹੈ ਪ੍ਰੰਤੂ ਸਾਹਿਤ ਉਸਦੇ ਅਵ-ਚੇਤਨ ਦੀ ਜ਼ੁਬਾਨ ਬਣਦਾ ਹੈ। 1947 ਦੀ ਵੰਡ ਨਾਲ ਸਬੰਧਿਤ ਪੰਜਾਬੀ ਸਾਹਿਤ ਪੰਜਾਬੀ ਲੋਕ ਮਾਨਸ ਦੀ ਅਵਚੇਤਨਾ ਨੂੰ ਪੇਸ਼ ਕਰਦਿਆਂ ਉਸ ਵੇਲੇ ਦੀਆਂ ਰਾਜਨੀਤਕ ਸ਼ਕਤੀਆਂ ਨੂੰ ਭੰਡਦਾ/ਖੰਡਦਾ ਹੈ। "ਅੱਜ ਆਖਾਂ ਵਾਰਿਸ ਸ਼ਾਹ ਨੂੰ" ਨਾਮੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਨੂੰ ਇਸੇ ਸੰਦਰਭ ਵਿਚ ਵੇਖਿਆ ਜਾ ਸਕਦਾਂ ਹੈ। ਇਸੇ ਤਰ੍ਹਾਂ ਵਿਦੇਸ਼ੀ ਸਾਹਿਤ ਵਿਚ ਗੋਰਕੀ, ਤਾਲਸਤਾਏ, ਵਿਕਟਰ ਹਿਊਗੋ, ਬਾਲਜ਼ਾਕ, ਸ਼ੈਕਸਪੀਅਰ ਆਦਿ ਲੇਖਕ ਕਿਧਰੇ ਸਮਾਜਿਕ ਦਵੰਦਾਂ ਨੂੰ ਸੰਬੋਧਿਤ ਹੁੰਦੇ ਹਨ ਅਤੇ ਕਿਧਰੇ ਰਾਜਨੀਤੀ ਦੇ ਸਿੱਧੇ ਦਖਲ ਤੋਂ ਪ੍ਰਭਾਵਿਤ ਹੋਏ ਯਥਾਰਥ ਨੂੰ ਅਭਿਵਿਅਕਤ ਕਰਦੇ ਹਨ।

ਆਖ਼ਿਰ ਵਿਚ ਇਥੇ ਇਕ ਗੱਲ ਸਪੱਸ਼ਟ ਕਰ ਦੇਣੀ ਜ਼ਰੂਰੀ ਹੈ ਕਿ ਸਮਾਜਿਕ ਯਥਾਰਥ/ਰਾਜਨੀਤਕ ਦਵੰਦਾਂ ਦਾ ਸਾਹਿਤ ਵਿਚ ਜਿਸ ਤਰ੍ਹਾਂ ਕਲਾਤਮਿਕ ਬਿੰਬ ਉਸਰਦਾ ਹੈ, ਉਸੇ ਤਰ੍ਹਾਂ ਹੋਰਨਾ ਸਮਾਜਿਕ ਵਿਸ਼ਿਆਂ ਵਿਚ ਇਸ ਯਥਾਰਥ ਨੂੰ ਪੇਸ਼ ਕਰਨ ਦੀ ਵਿਧੀ ਵੱਖਰੀ ਹੀ ਹੁੰਦੀ ਹੈ। ਵੈਸੇ ਵੀ ਸਾਹਿਤ ਨੂੰ ਸਮਾਜਿਕ ਯਥਾਰਥ/ਦਵੰਦਾਂ ਦਾ ਮਹਿਜ਼ ਦਰਪਣ ਕਹਿਣਾ ਸਿੱਧੜ ਜਿਹੀ ਪਹੁੰਚ ਹੈ, ਸਗੋਂ ਕੋਈ ਸਾਹਿਤਕ ਰਚਨਾ ਇਹਨਾਂ ਦਵੰਦਾਂ ਦੇ ਸਮੁੱਚੇ ਦਾ ਕਲਾਤਮਿਕ ਰੂਪਾਂਤਰ (Artistic transformation) ਹੁੰਦਾ ਹੈ। ਇਥੇ ਆ ਕੇ ਹੀ ਸਾਹਿਤ ਤੇ ਸਿਆਸਤ ਵਿਚ ਉਘੜਵੀਂ ਰੇਖਾ ਖਿੱਚੀ ਜਾਂਦੀ ਹੈ। ਸੋ ਸਾਹਿਤ ਸਿਆਸਤ ਨਹੀਂ ਹੋਣਾ ਚਾਹੀਦਾ, ਸਾਹਿਤ ਸਿਆਸੀ ਹੋ ਸਕਦਾ ਹੈ। ●



## ਖਿਆਲ ਆਪੋ ਆਪਣਾ

ਚਿਰਾਗ਼ ਵਿਚੋਂ ਤੇਰਾ ਰੁੱਕਾ ਮਿਲਿਆ ਤਾਂ ਉਸ ਦਾ ਸੰਖੇਪ ਜਿਹਾ ਉਤਰ ਦੇ ਕੇ ਡਾਕ ਵਿਚ ਪਾਉਣ ਲਈ ਤਿਆਰ ਕੀਤਾ। ਪਰ ਕਿਸੇ ਕਾਰਨ ਡਾਕ ਵਿਚ ਨਾ ਪਾ ਸਕਿਆ। ਫੁਰਸਤ ਮਿਲੀ ਤਾਂ ਚਿਰਾਗ਼ ਪੜ੍ਹਿਆ। ਗ਼ਜ਼ਲਾਂ ਦੀ ਦੁਰਦਿਸ਼ਾ ਵੇਖ ਕੇ ਤੇਰੇ ਨਾਲ ਕੁਝ ਵਿਚਾਰ ਸਾਂਝੇ ਕਰਨ ਨੂੰ ਜੀ ਕੀਤਾ।

"ਚਿਰਾਗ਼" ਦਾ ਅੰਕ 12 ; ਅਕਤੂਬਰ-ਦਸੰਬਰ 1997 ਵਿਚ ਵਿਸ਼ੇਸ਼ ਕਵੀ ਦੇ ਸਿਰਲੇਖ ਹੇਠਾਂ ਜਾਣ-ਪਛਾਣ ਪੜ੍ਹਕੇ ਜਦੋਂ ਰੁਪਿੰਦਰ ਮਾਨ ਦੀ ਪਹਿਲੀ ਗ਼ਜ਼ਲ ਦਾ ਮਤਲਾ ਪੜ੍ਹਿਆ ਤਾਂ ਤੁਆਰਫ਼ੀ ਤਕ "ਨਰੋਈ ਤੇ ਨਵੀਨ ਗ਼ਜ਼ਲ ਕਹਿੰਦਾ ਹੈ" ਵੱਲ ਬਦੋਬਦੀ ਧਿਆਨ ਗਿਆ। ਪੜ੍ਹ ਕੇ ਦੁੱਖ ਵੀ ਹੋਇਆ ਤੇ ਪਰੇਸ਼ਾਨੀ ਵੀ। ਪਰੇਸ਼ਾਨੀ ਇਸ ਗੱਲ ਦੀ ਕਿ ਪੰਜਾਬੀ ਗ਼ਜ਼ਲ ਦਾ ਕੀ ਬਣੇਗਾ ਜਾਂ ਬਣ ਗਿਆ ਹੈ ? ਦੁੱਖ ਇਸ ਗੱਲ ਦਾ ਕਿ ਜੋ ਤੂੰ ਤੁਆਰਫ ਵਿਚ ਕਹਿੰਦਾ ਏਂ ਉਹ ਗ਼ਜ਼ਲ ਵਿਚ ਸੱਚ ਨਹੀਂ ਹੁੰਦਾ। ਮੈਂ ਅਰੂਜ਼ ਦੀ ਗੱਲ ਤੋਂ ਸੰਕੋਚ ਕਰਕੇ, ਚਿਰਾਗ ਵਿਚ ਛਪੀਆਂ ਕੁਝ ਗ਼ਜ਼ਲਾਂ ਬਾਰੇ ਆਮ ਬੋਲੀ ਵਿਚ ਗੱਲ ਕਰਦਾ ਹਾਂ।

1. ਰੁਪਿੰਦਰ ਮਾਨ ਦੀ ਪਹਿਲੀ ਗ਼ਜ਼ਲ ਦੇ ਮਤਲਾ ਦੀ ਪਹਿਲੀ ਤੁਕ ਵਿਚ ਵਾਕ, "ਗੱਲਾਂ ਦੁਖਦੇ-ਸੁਖਦੇ" ਕਿਹੜੀ ਬੋਲੀ ਹੈ ? ਜੇ ਇਸ ਦੇ ਅਰਥ "ਦੁੱਖ ਸੁੱਖ ਦੀਆਂ ਗੱਲਾਂ" ਹਨ ਤਾਂ ਸ਼ਬਦ 'ਦਿਆਂ' ਕਿੱਥੇ ਹੈ ? ਜੇਕਰ ਕਾਫ਼ੀਏ ਕਾਰਨ ਸ਼ਬਦ ਵਗਾੜ ਕੇ ਵਰਤੇ ਹਨ ਤਾਂ ਇਨ੍ਹਾਂ ਦੀ ਥਾਂ ਸ਼ਬਦ "ਉਠਦੇ ਬਹਿੰਦੇ" ਵਰਤੇ ਜਾ ਸਕਦੇ ਸਨ, ਜੋ ਕਾਫ਼ੀਏ ਦੀ ਪੂਰਤੀ ਦੇ ਨਾਲ ਨਾਲ ਸ਼ਿਅਰ ਨੂੰ ਬੋਲੀ ਦੋਸ਼ ਤੋਂ ਮੁਕਤ ਕਰ, ਇਕ ਨਵਾਂ ਮੋੜ ਤੇ ਅਰਥ ਦੇ ਕੇ ਦੂਜੀ ਤੁਕ ਨਾਲ ਗੂੜ੍ਹਾ ਰਾਬਤਾ ਵੀ ਪੈਦਾ ਕਰਦੇ ਹਨ।

2. ਪਹਿਲੇ ਸ਼ਿਅਰ ਵਿਹ ਪਹਿਲੀ ਤੁਕ ਵਿਚ ਸ਼ਬਦ 'ਜਿਹੇ' ਤੋਂ ਬਾਅਦ ਸਕਤਾ ਪੈਂਦਾ ਹੈ। ਇਹ ਨੁਕਸ 'ਜਿਹੇ ਕੁਝ' ਦੀ ਥਾਂ "ਵਰਗੇ" ਸ਼ਬਦ ਨਾਲ ਦੂਰ ਕੀਤਾ ਜਾ ਸਕਦਾ ਹੈ। ਫਿਰ ਵੀ ਸ਼ਿਅਰ ਦੀਆਂ ਤੁਕਾਂ ਵਿਚ ਕੋਈ ਰਾਬਤਾ ਨਹੀਂ ਬਣਦਾ।

3. ਤੀਜੇ ਸ਼ਿਅਰ "ਖੂਹ...ਹਿੰਡਾਂ", ਵਿਚ ਹਿੰਡਾਂ ਦੇ ਕਿਹੜੇ ਅਰਥ ਲਏ ਗਏ ਹਨ ਜਾਂ ਲਏ ਜਾਣ ? ਹਿੰਡ "ਭਟਕਣਾ, ਅਨਾਦਰ ਕਰਨਾ, ਪਰਵਾਹ ਨਾ ਕਰਨੀ।" ਇਹ ਤੁਕ ਬੰਦੀ ਨਹੀਂ ਤੇ ਹੋਰ ਕੀ ਹੈ ? ਇਸ ਸਿਅਰ ਦੀਆਂ ਤੁਕਾਂ ਵਿਚ ਵੀ ਰਾਬਤਾ ਨਹੀਂ।

4. ਚੌਥੇ ਸ਼ਿਅਰ ਦੀ ਪਹਿਲੀ ਤੁਕ ਵਿਚ ਰਵਾਨੀ ਦੀ ਘਾਟ ਹੈ। ਜੋ ਇੰਜ ਬਣਾਈ ਜਾ ਸਕਦੀ ਸੀ—

"ਤੇਰਾ ਕੀ ਤੇ ਮੇਰਾ ਕੀ ਹੈ ਇਸ ਨਗਰੀ ਵਿਚ" ਇਥੋਂ ਇਹ ਸਾਬਤ ਹੁੰਦਾ ਹੈ ਕਿ ਮਾਨ ਤੁਕ ਬੰਦੀ ਹੀ ਕਰਦਾ ਹੈ।

5. ਪੰਜਵੇਂ ਸ਼ਿਅਰ ਦੀ ਦੂਜੀ ਤੁਕ ਵਿਚ ਸ਼ਬਦ 'ਉਹ' ਕਿਸ ਵੱਲ ਸੰਕੇਤ ਕਰਦਾ ਹੈ, 'ਰਾਹਾਂ' ਵੱਲ ਜਾਂ ਕਿਸੇ ਹੋਰ ਵੱਲ ? ਜੇ ਕਰ ਕਿਸੇ ਵਿਅਕਤੀ ਵੱਲ ਹੈ ਤਾਂ ਉਹ ਕੌਣ ਹੈ ? ਉਸ ਦਾ ਜ਼ਿਕਰ ਸ਼ਿਅਰ ਵਿਚ ਕਿੱਥੇ ਹੈ ?

6. ਆਖਰੀ ਸ਼ਿਅਰ ਦੀ ਪਹਿਲੀ ਤੁਕ ਅਰਥਹੀਨ ਤੇ ਦੂਜੀ ਬੇਤੋਲ । ਜੋ ਇਸ ਤਰ੍ਹਾਂ ਠੀਕ ਹੋ ਸਕਦੀ ਸੀ ।

ਸ਼ਾਇਰ ਆਖੇ ਇਸ ਨਗਰੀ ਵਿਚ ਜਿਉਂਦੇ ਮੁਰਦੇ ।

ਦੂਜੀ ਗ਼ਜ਼ਲ ਦੇ ਮਤਲਾ ਦੀ ਦੂਜੀ ਤੁਕ ਦਾ ਪਹਿਲਾ ਭਾਗ "ਮੈਂ ਠੀਕ-ਠਾਕ ਹਾਂ ਬੇੜੀ" ਬਹਿਰ ਵਿਚ ਨਹੀਂ । ਇਵੇਂ ਹੀ ਤੀਜੇ ਸ਼ਿਅਰ ਦੀ ਦੂਜੀ ਤੁਕ ਦੇ ਪਹਿਲੇ ਭਾਗ "ਅਜੀਬ ਬਾਤ" ਦਾ ਬਹਿਰ ਦਾ ਗਣ ਮੁਫ਼ਾਈਲੁਨ ਨਹੀਂ ਬਣਦਾ ਤੇ ਐਬਿ ਤਨਾਫਰ ਵੀ ਹੈ ।

ਇਵੇਂ ਹੀ ਚੌਥੇ ਸ਼ਿਅਰ ਦੀ ਪਹਿਲੀ ਤੁਕ ਵਿਚ ਬੇਵਜ਼ਨ ਸ਼ਬਦਾਂ ਦੀ ਭਰਮਾਰ ਹੈ ।

ਤੀਜੀ ਗ਼ਜ਼ਲ ਦੇ ਮਤਲਾ ਦੀ ਦੂਜੀ ਤੁਕ ਦਾ ਪਹਿਲਾ ਹਿੱਸਾ ਬਹਿਰ ਵਿਚ ਨਹੀਂ । ਨਾਲੇ ਇਕ ਇਕ ਵਚਨ ਤੇ ਬਹੁਵਚਨ ਦੋਸ਼ ਵੀ ਹੈ । ਪਹਿਲੀ ਤੁਕ ਵਿਚ "ਨਿੱਕੀ ਸਾਫ਼ ਆਤਮਾਂ" ਇਕ ਵਚਨ ਤੇ ਦੂਜੀ ਤੁਕ ਵਿਚ "ਬੰਦੇ, ਨਿੱਕੀਆਂ ਤੇ ਵੱਡੇ" ਬਹੁਵਚਨ ਹਨ ।

ਪਹਿਲੇ ਸ਼ਿਅਰ ਦੀ ਪਹਿਲੀ ਤੁਕ ਵਿਚ ਐਬਿ ਤਨਾਫਰ ਹੈ "ਸ਼ਾਂਤ ਤੇ' ਨੂੰ 'ਸ਼ਾਂਤੇ' ਉਚਾਰ ਹੁੰਦਾਂ ਹੈ ।

ਆਖ਼ਰੀ ਸ਼ਿਅਰ ਵਿਚ "ਤੂੰ ਜਦੋਂ ਖੋਲ੍ਹੇਂਗਾ **ਦਿਲ ਦੇ ਸਾਜ਼** ਦੇਵਣ ਲਈ ਹਵਾ । ਦਿਲ ਦੇ ਕਿੰਨੇ ਕੁ ਸਾਜ਼ ਹੁੰਦੇ ਹਨ ?" "**ਦਿਲ ਦੇ ਸਾਜ਼**" ਜਾਂ "ਦਿਲ ਦਾ ਸਾਜ਼" ? ਸ਼ਾਇਦ ਮਾਨ ਨੂੰ ਹਰਮੋਨਿਅਮ ਹੀ ਵਜਾਉਣਾ ਆਉਂਦਾ ਹੈ । ਪਹਿਲੀ ਤੁਕ ਵਿਚ 'ਓਸਦੀ' ਕਿਸ ਦੀ ?

ਸਫ਼ਾ 14—ਡਾ: ਐੱਸ. ਤਰਸੇਮ, ਇਕ ਐਸ ਜਾਂ ਦੋ ? ਬਿਸਮਿੱਲਾ ਹੀ ਗ਼ਲਤ ਹੈ । ਮਤਲੇ ਦੀ ਪਹਿਲੀ ਤੁਕ ਦਾ ਪਹਿਲਾ ਸ਼ਬਦ 'ਧੁੱਪ' ਬਿਨਾਂ ਅਧਿਕ ਤੋਂ ਬੰਨ੍ਹਿਆ ਹੈ । ਦੂਜੀ ਤੁਕ ਵਿਚ ਸ਼ਬਦ "ਰੂਹ" ਦਾ ਹਾਹਾ ਡਿੱਗਦਾ ਹੈ । ਫਾਰਸੀ ਦਾ ਸ਼ਬਦ ਹੋਣ ਕਾਰਨ ਹਾਹਾ ਨਹੀਂ ਡਿੱਗ ਸਕਦਾ । ਮਤਲੇ ਵਿਚ ਕਾਫੀਆ ਦੋਸ਼ ਵੀ ਰੜਕਦਾ ਹੈ । ਵਿਵਾਦ ਨਾਲ ਅਨੁਵਾਦ ਜਾਇਜ਼ ਨਹੀਂ । ਜੇ ਇਸ ਨੂੰ ਸਹੀ ਮੰਨਦੇ ਹਾਂ ਤਾਂ ਬਾਕੀ ਗ਼ਜ਼ਲ ਦੇ ਸਾਰੇ ਕਾਫੀਏ ਗ਼ਲਤ ਹਨ ।

ਮੁਕਦੀ ਗੱਲ ਇਹ ਹੈ ਕਿ ਡਾਕਟਰ ਸਾਹਿਬ ਨੇ . ਸਾਰੀ ਗ਼ਜ਼ਲ ਵਿਚ, "ਅਧਿਕ" ਵਾਲੇ ਬਹੁਤ ਸਾਰੇ ਸ਼ਬਦ ਬਿਨਾਂ ਅਧਿਕ ਦੇ ਉਚਾਰਨ ਤੇ ਬੰਨ੍ਹੇ ਹਨ । ਜਦੋਂ ਉਹ ਅੱਧਕ ਉਚਾਰਦੇ ਨਹੀਂ ਤਾਂ ਫਿਰ ਲਿਖਦੇ ਕਿਉਂ ਹਨ ? ਉਂਜ ਤਾਂ ਡਾਕਟਰ ਜੀ ਇਕ ਅਚਾਰੀਆ ਹਨ ਤੇ ਅਰੂਜ ਦੇ ਪੰਡਤ । ਫਿਰ ਵੀ ਮੇਰੀ ਡਾਕਟਰ ਜੀ ਨੂੰ ਬੇਨਤੀ ਹੈ ਕਿ ਉਹ ਅੱਧਕ ਦੀ ਸਹੀ ਵਰਤੋਂ ਦੇਖਣ ਲਈ ਫ਼ਜ਼ਲ ਸ਼ਾਹ ਦਾ 'ਸੋਹਣੀ ਮਹੀਂਵਾਲ' ਦਾ ਪਾਠ ਜ਼ਰੂਰ ਕਰਨ । ਧੰਨਵਾਦੀ ਹੋਵਾਂਗਾ ।

ਮਹਿਮਾ ਸਿੰਘ ਹੋਰੀਂ ਅੱਜ ਕਲ੍ਹ 'ਦਲਦਲਾਂ' ਵਿਚ ਹੀ ਸਫ਼ੀਨੇ (ਕਸ਼ਤੀਂ) ਚਲਾਉਂਦੇ ਨੇ । ਕੀ ਸਤਲੁਜ ਦਾ ਪਾਣੀ ਸੁੱਕ ਗਿਆ ? ਉਠੋ ਨੂੰ ਉਠੋ (ਉਰਦੂ ਉਚਾਰਨ), 'ਅਟਕਲਾਂ (ਕਿਆਸ ਜਾਂ 'ਕਿਆਫੇ') ਨੂੰ ਮੁਸ਼ਕਲਾਂ ਅਤੇ ਨਖ਼ਲਿਸਤਾਨ (ਮਾਰੂਥਲ ਵਿਚ ਹਰਆਵਲੀ ਥਾਂ) ਨੂੰ ਲਾਲ-ਨਖ਼ਲਿਸਤਾਨ ਦੱਸਦੇ ਹਨ । ਜੇਕਰ ਇਹ ਬਿੰਬ ਹਨ ਤਾਂ ਵੀ ਸਹੀ ਨਹੀਂ ਹਨ ਕਿਉਂਕਿ ਯਥਾਰਥ ਤੋਂ ਦੂਰ ਹਨ । ਰੱਬ ਜਾਣੇ, ਉਹ ਗ਼ਜ਼ਲ ਨੂੰ ਕੀ ਕਹਿੰਦੇ ਨੇ ! ਅਗ਼ਜ਼ਲ ਜ਼ਾਂ ਗੱਜਲ ?

—ਨਦੀਮ ਪਰਮਾਰ (ਕੈਨੇਡਾ)



○ ਇਸ ਵਾਰ ਸਮੁੱਚਾ ਅੰਕ ਹੀ ਮਿਆਰੀ ਹੈ, ਗੁਰਬਖਸ਼ ਸਿੰਘ ਪ੍ਰੀਤ ਲੜੀ ਬਾਰੇ ਖੋਜ ਨਿਬੰਧ ਸੰਤੁਲਿਤ ਹਨ, ਪਰ ਡਾ: ਸੁਖਦੇਵ ਸਿੰਘ ਦਾ ਪਾਸ਼ ਬਾਰੇ ਲਿਖਿਆ ਨਿਬੰਧ ਭਾਵ ਪ੍ਰਧਾਨ ਹੈ । ਅਜੇਹੇ ਲੇਖ ਸ਼ਰਧਾਂਜਲੀ ਸਮਾਗਮ ਉੱਤੇ ਪੜ੍ਹਨ ਵਾਲੇ ਹੁੰਦੇ ਹਨ । ਡਾ: ਸੁਖਦੇਵ ਸਾਡਾ ਨੌਜਵਾਨ ਮਾਰਕਸਵਾਦੀ ਆਲੋਚਕ ਹੈ । ਉਸ ਤੋਂ ਸਾਨੂੰ ਬੜੀਆਂ ਆਸਾਂ ਹਨ । ਪਾਸ਼ ਬਾਰੇ ਉਨ੍ਹਾਂ ਦੀ ਧਾਰਨਾ ਤਾਂ ਠੀਕ ਹੈ, ਪਰ ਉਸ ਵਿਚ ਭਾਵਕਤਾ ਕੁਝ ਵਧੇਰੇ ਹੀ ਹੈ । ਲਾਲ ਸਿੰਘ ਦੀ ਕਹਾਣੀ ਨਾਲ ਚਿਰਾਗ਼ ਗਲਪ ਦੇ ਖੇਤਰ ਵਿਚ ਪੰਜਾਬੀ ਸਾਹਿਤ ਦੀ ਸੇਵਾ ਕਰਨ ਦੇ ਸਮਰੱਥ ਜਾਪਣ ਲੱਗ ਪਿਆ ਹੈ । ਪਿਛਲੇ ਅੰਕ ਵਿਕ ਡਾ: ਚੰਚਲ ਚੌਹਾਨ ਤੇ ਇਸ ਅੰਕ ਵਿਚ ਡਾ: ਸ਼ੰਭੂ ਨਾਥ ਦੇ ਉੱਤਰ-ਆਧੁਨਿਕਤਾ ਦੇ ਪ੍ਰਸੰਗ ਵਿਚ ਲਿਖੇ ਖੋਜ-ਨਿਬੰਧ ਆਪਣੀ ਥਾਂ ਮੁੱਲਵਾਨ ਹਨ । ਇਸ ਵਾਰ ਸਮਦਰਸ਼ੀ ਦਾ ਉਪਰ-ਆਧੁਨਿਕਤਾ ਅੰਕ ਨਿਕਲਣ ਨਾਲ ਪੰਜਾਬੀ ਆਲੋਚਨਾਂ ਵਲੋਂ ਚਿਰਾਗ ਜਾਂ ਸਿਰਜਣਾ ਰਾਹੀਂ ਢੁਕਵਾਂ ਜਵਾਬ ਦੇਣਾ ਬਣਦਾ ਹੈ । ਮੇਜਰ ਪਿਆਰਾ ਸਿੰਘ ਦੀਆਂ ਨਜ਼ਮਾਂ ਤੇ ਜਸਵਿੰਦਰ ਦੀ ਗਜ਼ਲ ਨੇ ਬਹੁਤ ਪ੍ਰਭਾਵਤ ਕੀਤਾ ਹੈ । ਤੁਸੀਂ ਖੁਦ ਸਾਰੇ ਰੀਵੀਉ ਕਰਨ ਦੀ ਖੇਚਲ ਕਰਦੇ ਹੋ, ਤੁਹਾਡੇ ਕੋਲ ਰੀਵੀਊ ਕਰਨ ਲਈ ਹੋਰ ਬੜੇ ਵਿਦਵਾਨ ਹਨ । ਇਸ ਵਾਰ ਛਾਪੇ ਗਏ ਪੱਤਰ ਵੀ ਕੜਿੱਲ ਕੱਢਦੇ ਹਨ ।

—ਡਾ: ਐਸ. ਤਰਸੇਮ-ਮਲੇਰਕੋਟਲਾ

○ ਚਿਰਾਗ਼ ਸੱਚੀ ਮੁੱਚੀਂ ਦੀਵੇ ਵਾਂਗ ਲੱਗਾ, ਜੋ ਮੁਹੱਬਤ ਦੀ ਲੋਅ ਵੰਡ ਰਿਹਾ ਹੈ । ਤੁਹਾਡੀ ਨਜ਼ਮ 'ਖਬਰਾਂ ਪਰਲੇ ਪਾਰ ਦੀਆਂ' ਚੰਗੀ ਲੱਗੀ, ਉਹਦੇ ਜਵਾਬ ਵਿਚ ਇਕ ਨਜ਼ਮ ਘੱਲ ਰਿਹਾ ਹਾਂ । ਨਾਲ ਆਪਣੀ ਕਿਤਾਬ 'ਪੀਲੂੰ ਪੱਕੀਆਂ ਨੇ' ਦੀ ਇਕ ਕਾਪੀ । ਉਹਦੇ ਵਿਚ ਇਕ ਨਜ਼ਮ ਹੈ, 'ਗਵਾਚੇ ਵਸੇਬ । . ਮੈਂ ਭਾਵੇਂ 51 ਦਾ ਜੰਮ ਹਾਂ, ਪਰ ਉਸ ਵਸੇਬ ਨੂੰ ਆਪਣੀ ਤਿੱਖੀ ਅੱਖ ਨਾਲ ਵੇਖਿਆ ਹੈ । ਨਫਰਤਾਂ ਦੀ ਅੱਗ ਨੇ ਸਾਡਾ ਬੜਾ ਕੁਝ ਲੂਹਿਆ ਹੈ । ਉਸ ਧੁਆਖੇ ਸਰੀਰ ਨੂੰ ਅੱਜ ਵੀ ਵੇਖ ਵੇਖ ਕੁਰਲਾ ਰਹੇ ਹਾਂ, ਗਵਾਚੇ ਪਿਆਰ ਦੀ ਭਾਲ ਕਰ ਰਹੇ ਹਾਂ । ਆਪਣੀ ਹੋਂਦ ਆਪਣੇ ਜੀਵਨ ਕੱਖਾਂ ਚੋਂ ਭਾਲ ਰਹੇ ਹਾਂ । ਕਦੋਂ ਰਾਤ ਮੁੱਕੇਗੀ ਕਦੋਂ ਸਵੇਰਾ ਹੋਵੇਗਾ—ਇਹ ਤੇ ਧਤਾ ਨਹੀਂ ਪਰ ਇਹ ਪਤਾ ਜ਼ਰੂਰ ਹੈ ਕਿ ਅਸਾਂ ਉਹ ਫਜ਼ਰ ਤੱਕਣੀ ਜ਼ਰੂਰ ਹੈ, ਨਫਰਤਾਂ ਦੀਆਂ ਖਾੜੀਆਂ ਉੱਤੇ ਪਿਆਰ ਦੇ ਪੁਲ ਉਸਾਰ ਕੇ । ਤੁਸੀਂ ਇਸ ਪਾਸਿਉਂ, ਕਿੱਥੇ ਗਏ ਸੀ, (ਵੰਡ ਵੇਲੇ) ਜ਼ਰਾ ਦੱਸ ਦਿਉ ।—ਤੁਹਾਡਾ ਨਿੱਕਾ ਵੀਰ ਅਹਿਸਾਨ ਬਾਜਵਾ, ਗੱਖੜ ਵਾਲੀ, ਡਾ. ਕਿਲ੍ਹਾ ਕਾਲਰ ਵਾਲਾ, ਤਹਿ: ਪਸਰੂਰ, ਜ਼ਿਲ੍ਹਾ ਸਿਆਲਕੋਟ, ਪਾਕਿਸਤਾਨ ।

○ ਦੇਸ਼ ਤੋਂ ਦੂਰ ਰਹਿੰਦਿਆਂ ਆਪਣੇ ਸਾਹਿਤ ਵਿਚ ਹੋ ਰਹੀਆਂ ਤਬਦੀਲੀਆਂ ਤੇ ਨਵੀਆਂ ਆ ਰਹੀਆਂ ਧਾਰਨਾਵਾਂ ਦਾ ਕਈ ਵਾਰ ਪਤਾ ਨਹੀਂ ਲਗਦਾ, ਕਿਉਂਕਿ ਸੀਮਤ ਪਰਚੇ ਤੇ ਅਖਬਾਰਾਂ ਹੀ ਸਾਡੀ ਜਾਣਕਾਰੀ ਦਾ ਆਧਾਰ ਹੁੰਦੇ ਹਨ—ਚਿਰਾਗ਼ ਵਿਚੋਂ ਪਹਿਲੀ ਵਾਰ ਉੱਤਰ-ਆਧੁਨਿਕਤਾ ਬਾਰੇ ਪੜ੍ਹਿਆ ਤਾਂ ਜਾਣਕਾਰੀ ਵੀ ਵਧੀ ਤੇ ਚੰਗਾ ਵੀ ਲੱਗਾ । —ਅਮਰ ਜਿਓਤੀ ਐਮਸਟਰਡਮ

○ 'ਚਿਰਾਗ'-12 (ਅਕਤੂਬਰ-ਦਸੰਬਰ' 97) ਅੰਕ ਪੜ੍ਹਿਆ । ਤੁਸੀਂ 'ਵਾਦ-ਵਿਵਾਦ' ਕਾਲਮ ਅਧੀਨ 'ਉੱਤਰ-ਆਧਿਨਿਕਤਾ' ਬਾਰੇ ਜੋ ਲੇਖ-ਲੜੀ ਦੀ ਸ਼ੁਰੂਆਤ ਕੀਤੀ ਹੈ, ਸਮੇਂ ਦੇ ਅਨੁਕੂਲ ਅਤੇ ਇਕ ਉੱਦਮੀ ਯਤਨ ਹੈ । ਜੇਕਰ ਬੋਕ ਦੇ ਸਿੰਗਾਂ ਨੂੰ ਹੱਥ ਪਾ ਹੀ ਲਿਆ ਹੈ ਤਾਂ ਇਹ ਚਰਚਾ ਨੂੰ ਕਿਸੇ ਨਿਰਣੇ ਤੇ ਪਹੁੰਚਾਉਣ ਲਈ ਯਤਨਸ਼ੀਲ ਰਹਿਣਾ-ਭਾਵ ਕਿ ਹੋਰ ਵਿਦਵਾਨਾਂ, ਆਲੋਚਕਾਂ ਦੇ ਲੇਖ ਛਾਪਕੇ ਇਸ 'ਵਾਦ ਵਿਵਾਦ' ਨੂੰ ਇਕ ਸਮੱਗਰ ਅਤੇ ਨਿਖਰਵੇਂ ਰੂਪ ਵਿਚ

ਸਾਹਿਤ-ਪ੍ਰੇਮੀਆਂ/ਪਾਠਕਾਂ ਸਾਹਮਣੇ ਰਖਿਆ ਜਾਵੇ। ਇਸ ਲੇਖ ਲੜੀ ਕਰਕੇ ਅਤੇ ਇਸਦੀਆਂ ਸਾਹਿਤਕ ਰਚਨਾਵਾਂ, 'ਚਿਰਾਗ' ਨੂੰ ਇਕ ਵਿਸ਼ੇਸ਼ਤਾ ਤਾਂ ਪ੍ਰਦਾਨ ਕਰਦੀਆਂ ਹੀ ਹਨ ਸਗੋਂ ਹੋਰ ਪੰਜਾਬੀ ਦੇ (ਸਮਕਾਲੀ) ਸਾਹਿਤਕ ਪਰਚਿਆਂ ਨਾਲੋਂ ਅੱਡਰੀ ਸਾਹਤਿਕ ਨੁਹਾਰ ਵੀ ਬਖਸ਼ਦੀਆ ਹਨ। ਇਸ ਵਾਰ ਦੇ ਵਿਸ਼ੇਸ਼ ਕਵੀ ਦੀਆਂ "ਰਚਨਾਵਾਂ" ਪਿਛਲੇ ਅੰਕਾਂ ਨਾਲੋਂ ਹਲਕੀਆਂ ਜਾਪੀਆਂ? ਡਾ. ਟੀ. ਆਰ ਵਿਨੋਦ ਅਤੇ ਡਾ. ਕੇਸਰ ਸਿੰਘ ਹੋਰਾਂ ਦੇ 'ਗੁਰਬਖਸ਼ ਸਿੰਘ ਪ੍ਰੀਤਲੜੀ' ਬਾਰੇ ਲੇਖ ਸਲਾਹੁਣਯੋਗ ਹਨ 'ਉੱਤਰ-ਆਧੁਨਿਕਤਾ' ਡਾ, ਸੰਭੂ ਨਾਥ ਦਾ ਆਲੋਚਨਾਤਮਿਕ ਲੇਖ ਇਸ ਅੰਕ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ। ਬਾਕੀ ਕਾਵਿ-ਰਚਨਾਵਾਂ ਅਤੇ ਕਹਾਣੀਆਂ ਵੀ ਚੰਗੀਆਂ ਲੱਗੀਆ।

ਗ਼ਜ਼ਲਾਂ 'ਚੋਂ ਡਾ. ਐਸ ਤਰਸੇਮ, ਜਸਵਿੰਦਰ, ਗੁਰਦੀਪ ਦੀਆਂ ਰਚਨਾਵਾਂ—'ਅਜੋਕੀ ਪੰਜਾਬੀ ਗ਼ਜ਼ਲ' ਦੀਆਂ ਬੁਲੰਦੀਆਂ ਦਾ ਸੰਕੇਤ ਹਨ ਅਤੇ ਨਾਲ ਹੀ ਪੰਜਾਬੀ ਗ਼ਜ਼ਲ ਦੇ ਭਵਿੱਖ 'ਚ (ਗ਼ਜ਼ਲ) ਮੁਹਾਂਦਰੇ ਦਾ ਅਕਸ ਲੁਕੋਈ ਬੈਠੀਆਂ ਹਨ।

—ਡਾ. ਸਿੰਕਦਰ, ਭੱਟੀ ਸ਼ਾਹਕੋਟ (ਜਲੰਧਰ)

**ਗ਼ਜ਼ਲ**/ਨਦੀਪ ਪਰਮਾਰ

ਸਾਹਿਲ ਸਾਹਿਲ ਸ਼ੋਰ ਹੈ ਮੱਚਿਆ ਲਹਿਰਾਂ ਦਾ।
ਸ਼ਾਇਦ ਸੀਨਾ ਖੋਲ ਰਿਹਾ ਹੈ ਬਹਿਰਾਂ ਦਾ।

ਮੈਂ ਵੀ ਘੁੰਗਰੂ ਬੰਨ੍ਹਕੇ ਨੱਚਣਾ ਚਾਹੁੰਦਾ ਸੀ,
ਪਰ ਮੇਰੇ ਘਰ ਵਿਚ ਸੀ ਪਹਿਰਾ ਕਹਿਰਾਂ ਦਾ।

ਹੁਣ ਤਾਂ ਤੂੰ ਵੀ ਦੂਰੋਂ ਦੂਰੋਂ ਲੰਘਦਾ ਏਂ,
ਕੀ ਤੈਨੂੰ ਵੀ ਪਾਣੀ ਲਗਿਆ ਸ਼ਹਿਰਾਂ ਦਾ?

ਮਾਂ ਜਾਇਆਂ ਤਾਂ ਧਰਤੀ, ਦਰਿਆ ਵੰਡੇ ਸੀ,
ਪਰ ਰੋਂਦਾ ਹੈ ਪਾਣੀ ਅੱਜ ਤਕ ਨਹਿਰਾਂ ਦਾ।

ਇਕ ਪਲ ਸੋਹਣੀ, ਦੂਜੇ ਬੇੜੀ, ਸ਼ੈ ਲਗਦੀ,
ਕੀ ਵੱਖੋ-ਵੱਖਰਾ ਹੈ ਪਹਿਰਾ, ਪਹਿਰਾਂ ਦਾ?

ਇਕ ਦਿਨ ਭੁਗਤੂਗਾ ਖਮਿਆਜ਼ਾ ਆਦਮ ਵੀ,
ਵਿਚ ਫ਼ਿਜ਼ਾਵਾਂ ਘੋਲ ਰਿਹਾ ਜੋ ਜ਼ਹਿਰਾਂ, ਦਾ।

ਪੰਜਾਬੀ ਗ਼ਜ਼ਲਾਂ 'ਚ ਤਗ਼ਜ਼ਲ ਦੁਰਲਭ, ਪਰ,
ਹਰ ਸ਼ਾਇਰ ਉਸਤਾਦ ਸੁਣੀਂਦਾ ਬਹਿਰਾਂ ਦਾ।



ਵਾਘਿਓਂ ਪਾਰ

**ਗ਼ਜ਼ਲ**/ਗੁਲਾਮ ਮੁਸਤਫ਼ਾ ਬਿਸਮਿਲ

ਪਹੁੰਚ ਜਾਂਦੇ ਨੇ ਰਾਹੀ ਇਕ ਨਾ ਇਕ ਦਿਨ ਮੰਜ਼ਿਲਾਂ ਉੱਤੇ,
ਜਦੋਂ ਟੁਰ ਪੈਣ ਆਪਣੇ ਆਪ ਡੂੰਘੇ ਪੈਂਡਿਆਂ ਉਤੇ।

ਤੁਸੀਂ ਜਿਹਨਾਂ ਨੂੰ ਨਾਂ ਦੇਂਦੇ ਓ, ਫੁੱਲਾਂ ਦਾ, ਬਹਾਰਾਂ ਦਾ,
ਉਹ ਫੁੱਲ ਨਹੀਂ, ਸਾਡੇ ਜੱਜਰੇ ਫੱਟ ਨੇ ਮਹਿਕੇ, ਟਹਿਣੀਆਂ ਉੱਤੇ।

ਤੇਰੇ ਚੂੜੇ ਦੀ ਛਣ ਛਣ ਹਥਕੜੀ ,ਵੀ ਵਾਜ਼ ਲਗਦੀ ਏ,
ਭੁਲੇਖੇ ਪੈਂਖੜਾਂ ਦੇ ਪੈਣ ਤੇਰੀਆਂ ਝਾਂਜਰਾਂ ਉੱਤੇ।

ਕਿਸੇ ਬੂਹੇ ਚੋਂ ਆਉਂਦੀ ਨਹੀਂ, ਸਦਾਅ ਹੱਸਣ ਤੇ ਖੇਡਣ ਦੀ,
ਬਲਾ ਕਿਹੜੀ ਦਾ ਪ੍ਰਛਾਵਾਂ ਏ, ਅਸਾਡੇ ਵਿਹੜਿਆਂ ਉੱਤੇ।

ਤੁਸੀਂ ਸੂਰਜ ਦੀ ਵੱਖ ਰੱਖ ਕੇ ਵੀ, ਪਏ ਡਰਦੇ ਓ ਰਾਤਾਂ ਨੂੰ,
ਅਸਾਡਾ ਇਕ ਟਟਹਿਣਾ ਵੀ ਏ ਹਾਵੀ ਨੇਰਿਆਂ ਉੱਤੇ।

ਓਦੋਂ ਆ ਜਾਣ ਤੋਤੇ, ਲਾਲੀਆਂ, ਕਾਂ ਵੀ ਟੁੱਕਣੇ ਨੂੰ,
ਜਦੋਂ ਪੁੰਗਰਨ, ਦੀ ਰੁੱਤ ਆਉਂਦੀ ਏ ਸੁੱਕੀਆਂ ਬੇਰੀਆਂ ਉੱਤੇ।

ਮਰਨ ਵਾਲੇ ਤੇ ਡੁੱਬ ਕੇ ਮਰ ਗਏ ਨੇ ਚੁੱਪ ਚੁਪੀਤੇ ਈ,
ਕਿ ਨੱਚਦੇ ਰਹਿ ਗਏ ਨੇ ਬੁਲਬਲੇ ਈ ਪਾਣੀਆਂ ਉੱਤੇ।

ਪਤਾ ਪੁੱਛਦੀ ਪਈ ਏ ਵਾਸ਼ਨਾ ਪੀੜਾਂ ਦੀ ਸਭਨਾਂ ਤੋਂ,
ਇਹ ਕਿਹੜਾ ਨਕਸ਼ ਆਪਣੇ ਛੱਡ ਗਿਆ ਏ ਰਸਤਿਆਂ ਉੱਤੇ।

ਉਹ ਗਾਟੇ ਹਰਨੀਆਂ ਦੇ ਖੌਰੇ ਬਣ ਜਾਂਦੇ ਨੇਂ ਕਿਓਂ ਬਿਸਮਿਲ,
ਬਣਾਉਂਦਾ ਮੋਰ ਰਹਿਨਾ ਵਾਂ ਮੈਂ ਜਿਹੜੇ ਕਾਗਜ਼ਾਂ ਉੱਤੇ।

('ਸਾਹਿਤ' ਵਰ੍ਹੇ ਵਾਰ ਲਾਹੌਰ 1997)

Registered with the Registrar of News-Papers of India
No—PUN-PUN O 2776/AL/TC/94.

ਉਤਰੀ ਭਾਰਤ ਵਿਚ ਕੌਸਮੈਟਿਕ ਸਰਜਰੀ ਦਾ ਪਹਿਲਾ ਕੇਂਦਰ

8 ਸਾਲ ਮਿਲਾਪ ਰੋਡ ਵਿਖੇ ਕੰਮ ਕਰਨ ਤੋਂ ਬਾਦ ਹੁਣ ਨਵੀਂ ਬਿਲਡਿੰਗ ਵਿਚ ਚਲਾ ਗਿਆ ਹੈ

ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦਾ ਕੇਂਦਰ

ਭੁਪਿੰਦਰ ਨਰਸਿੰਗ ਹੋਮ
261, ਮੋਤਾ ਸਿੰਘ ਨਗਰ, ਮੇਨ ਰੋਡ, ਨੇੜੇ ਬੱਸ ਅੱਡਾ
ਜਲੰਧਰ ਫੋਨ .: 0181-224228, 223376

BHUPINDER NURSING HOME
261, Mota Singh Nagar, Main Road.
Near Bus Stand, Jalandhar City.
Ph. : 0181-224228, 223376

ਡਾ: ਬੀ. ਪੀ. ਸਿੰਘ (ਐਮ ਐਸ)
ਪਲਾਸਟਿਕ ਅਤੇ ਕੌਸਮੈਟਿਕ ਸਰਜਨ

For Details Contact :
DR. B.P. SINGH (M.S.)
PLASTIC & COSMETIC SURGEON

ਕਾਸਮੈਟਿਕ ਸਰਜਰੀ ਅਤੇ ਪਲਾਸਟਿਕ ਸਰਜਰੀ ਦੇ ਅੱਜ ਤੱਕ ਕੀਤੇ ਹੋਏ ਅਪਰੇਸ਼ਨ ਇਸ ਤਰ੍ਹਾਂ ਹਨ

● ਲਾਈਪੋਸਕਸ਼ਨ ● ਲਾਈਪੋਇੰਜੈਕਸ਼ਨ ● ਨੱਕ ਦੀ ਕੌਸਮੈਟਿਕ ਸਰਜਰੀ ● ਮੂੰਹ ਦੀਆਂ ਝੁਰੜੀਆਂ ਖਤਮ ਕਰਨਾ
● ਮੱਥੇ ਦੀਆਂ ਝੁਰੜੀਆਂ ਖਤਮ ਕਰਨਾ ● ਬਲੇਫਰੋਪਲਾਸਟੀ ● ਰੁਕਿਆ ਹੋਇਆ ਚਿੱਟਾ ਦਾਗ (ਫੁਲਵਹਿਰੀ)
● ਰੀਕੰਸਟਰਕਟਿਵ ਸਰਜਰੀ ● ਗੰਜੇਪਨ ਤੇ ਵਾਲ ਪੁਨਰ ਸਥਾਪਿਤ ਕਰਨਾ ● ਮਿਮੋਪਲਾਸਟੀ
● ਗੁਪਤ ਅੰਗ ਦੇ ਨੁਕਸ ਠੀਕ ਕਰਨਾ ● ਐਕਸੀਡੈਂਟ ਨਾਲ ਹੋਏ ਅੰਗਾਂ ਦੇ ਵਿਕਾਰ ਨੂੰ ਠੀਕ ਕਰਨਾ ● ਜਲੇ ਦਾ ਇਲਾਜ
● ਨਿਸ਼ਾਨ : ਜਲੇ ਦਾ, ਸੱਟ ਦਾ, ਅਪਰੇਸ਼ਨ ਦਾ। ● ਠੋਡੀ, ਗੱਲ੍ਹ, ਕੰਨ, ਪਲਕਾਂ, ਭਰਵੱਟੇ, ਬੁੱਲ੍ਹ, ਨੱਕ ਦੇ ਵਿਕਾਰ ਠੀਕ ਕਰਨਾ

VARIOUS COSMETICS SURGERY & PLASTIC SURGERY OPERATION DONE SO FAR ARE :

LIPOSUCTION ★ LIPOINJECTIONS ★ ACCIDENTAL INJURIES CARE
RHINOPLASTIES ★ FACE LIFT ★ BROW LIFT ★ BLEPHEROPLASTIES ★ STAITIONERY WHITE PATCH
★ RECONSTRUCTIVE SURGERY ★ IN BORN DEFECTS & DEFORMITIES
★ HAIR TRANSPLATATION ★ DEFECTS & DEFORMITIES OF ACCIDENTS
★ BURNS ★ TREATMENT OF SCARS
★ CHIN, CHEAK, EAR, EYE BROWS, EYE LIDS, LIPS CORRECTION

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰੌਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877